# ਜੈਤਸਰੀ ਕੀ ਵਾਰ

ਅਤੇ

# ਵਾਰ ਮਾਰੂ ਡਖਣੇ ਸਟੀਕ

*ਟੀਕਾਕਾਰ*

ਭਾਈ ਜੋਗਿੰਦਰ ਸਿੰਘ 'ਤਲਵਾੜਾ'

# ਜੈਤਸਰੀ ਕੀ ਵਾਰ

## ਅਤੇ

# ਵਾਰ ਮਾਰੂ ਡਖਣੇ ਸਟੀਕ

# ਜੈਤਸਰੀ ਕੀ ਵਾਰ
## ਅਤੇ
# ਵਾਰ ਮਾਰੂ ਡਖਣੇ ਸਟੀਕ

ਟੀਕਾਕਾਰ :
ਜੋਗਿੰਦਰ ਸਿੰਘ ਤਲਵਾੜਾ

ਸਿੰਘ ਬ੍ਰਦਰਜ਼
ਅੰਮ੍ਰਿਤਸਰ

ISBN 81-7205-130-1

ਪਹਿਲੀ ਵਾਰ ਅਗਸਤ 1994
ਦੂਜੀ ਵਾਰ ਜੂਨ 2001
ਤੀਜੀ ਵਾਰ ਮਈ 2010

**ਮੁੱਲ : 45-00 ਰੁਪਏ**

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਗੁਰਬਾਣੀ ਮੋਈ ਰਤਨ-ਚੋਗ
ਚੁਗਣ ਵਾਲੇ
ਹੰਸਲੇ ਗੁਰਸਿੱਖਾਂ ਨੂੰ

# ਤਤਕਰਾ


| | |
|---|---|
| ਅਰੰਭਕ ਬਚਨ | ੭ |
| ਜੈਤਸਰੀ ਕੀ ਵਾਰ ਸਟੀਕ | ੧੩ |
| ਵਾਰ ਮਾਰੂ ਡਖਣੇ ਸਟੀਕ | ੬੩ |

# ਅਰੰਭਕ ਬਚਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ੨੨ ਵਾਰਾਂ ਵਿਚੋਂ ਦੋ ਵਾਰਾਂ—'ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ' ਅਤੇ 'ਮਾਰੂ ਵਾਰ ਮਹਲਾ ੫ ਡਖਣੇ ਮਹਲਾ ੫' ਦਾ ਸਟੀਕ ਸੰਗਤਾਂ ਦੇ ਪੇਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਸਮੇਂ 'ਗੁਰਬਾਣੀ ਅਧਿਐਨ ਜਥੇ' ਨੂੰ ਉਪ੍ਰੋਕਤ ਵਾਰਾਂ ਦੇ ਉਚਾਰਣ ਅਤੇ ਅਰਥ-ਬੋਧ ਸੰਬੰਧੀ ਕੁਝ ਕਠਿਨਾਈਆਂ ਮਹਿਸੂਸ ਹੋਈਆਂ। ਭਾਈ ਸੇਵਾ ਸਿੰਘ ਜੀ ਦੀ ਪ੍ਰੇਰਨਾ ਅਧੀਨ ਦੋ ਸਾਲ ਪਹਿਲਾਂ ਇਹਨਾਂ ਦਾ ਟੀਕਾ ਲਿਖਣਾ ਅਰੰਭ ਹੋਇਆ, ਜੋ ਹੁਣ ਸਤਿਗੁਰਾਂ ਦੀ ਮਿਹਰ ਸਦਕਾ ਸੰਪੂਰਨ ਹੋਇਆ ਹੈ।

ਹਥਲਾ ਸਟੀਕ ਜਨ-ਸਾਧਾਰਨ ਲਈ ਸਰਲ ਅਤੇ ਸੁਖੈਨ ਬੋਲੀ ਵਿਚ ਲਿਖਿਆ ਗਿਆ ਹੈ। ਆਪਣੇ ਵਲੋਂ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਅਰਥ ਮੂਲ-ਬਾਣੀ ਦੀ ਸ਼ਬਦਾਵਲੀ ਦੇ ਨੇੜੇ ਰਹਿ ਕੇ ਗੁਰਬਾਣੀ ਦੀ ਲਗ-ਮਾਤ੍ਰੀ ਵਿਆਕਰਣਿਕ ਨਿਯਮਾਵਲੀ ਅਨੁਸਾਰ ਕੀਤੇ ਜਾਣ। ਇਸ ਵਿਚ ਕਿੰਨੀ ਸਫ਼ਲਤਾ ਮਿਲੀ ਹੈ, ਇਸ ਦਾ ਨਿਰਣਾ ਪਾਠਕਾਂ ਦੇ ਹੱਥ ਹੈ। ਵਾਰਾਂ ਦੇ ਵਖ ਵਖ ਸਾਹਿਤਕ ਪੱਖਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਹਨਾਂ ਵਾਰਾਂ ਬਾਰੇ ਕੇਵਲ ਸਾਧਾਰਨ ਜਿਹੀ ਜਾਣਕਾਰੀ ਪਾਠਕਾਂ ਦੀ ਦਿਲਚਸਪੀ ਲਈ ਦਿੱਤੀ ਜਾ ਰਹੀ ਹੈ।

ਮਹਾਨ ਕੋਸ਼ ਅਨੁਸਾਰ "ਵਾਰ ਤੋਂ ਭਾਵ ਹੈ ਅਜਿਹੀ ਰਚਨਾ, ਜਿਸ ਵਿਚ ਯੁਧ ਸੰਬੰਧੀ ਵਰਣਨ ਹੋਵੇ। ਵਾਰ ਸ਼ਬਦ ਦਾ ਅਰਥ ਪਉੜੀ (ਨਿ: ਸ਼੍ਰੇਣੀ) ਛੰਦ ਵੀ ਹੋ ਗਿਆ ਹੈ, ਕਿਉਂਕਿ ਜੋਧਿਆਂ ਦੀ ਸੂਰਬੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਲਿਖਿਆ ਹੈ"। ਪੁਰਾਤਨ ਪੰਜਾਬੀ ਸਾਹਿਤ ਵਿਚ ਵਾਰਾਂ ਦਾ ਵਿਸ਼ਾ-ਵਸਤੂ ਰਾਜ ਮਾਲ ਦੀ ਪ੍ਰਾਪਤੀ ਲਈ ਸੰਘਰਸ਼ ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਅਧਿਆਤਮਕ ਵਾਰਾਂ ਦਾ ਵਿਸ਼ਾ-ਵਸਤੂ ਬਹੁ-ਪੱਖੀ ਹੈ। ਕੁਝ ਵਾਰਾਂ ਵਿਚ ਸੰਘਰਸ਼ ਦਾ ਵਰਣਨ ਵੀ ਹੈ—ਦੈਵੀ ਗੁਣਾਂ ਅਤੇ ਆਸੁਰੀ ਗੁਣਾਂ ਦਾ—ਪਰ ਮੰਤਵ ਦੁਨਿਆਵੀ ਐਸ਼ਵਰਜ ਦੀ ਪ੍ਰਾਪਤੀ ਨਹੀਂ, ਬਲਕਿ 'ਅਬਿਨਾਸ਼ੀ ਰਾਜ' ਦੀ ਪ੍ਰਾਪਤੀ ਹੈ। ਕੁਝ ਵਾਰਾਂ ਦਾ ਮਜ਼ਮੂਨ ਗੁਰੂ-ਉਸਤਤਿ ਅਥਵਾ ਪਾਰਬ੍ਰਹਮ-ਉਸਤਤਿ ਹੈ ਅਤੇ ਕਈਆਂ ਵਿਚ

ਅਧਿਆਤਮਕਤਾ ਸੰਬੰਧੀ ਦਾਰਸ਼ਨਿਕ ਸਿਧਾਂਤਾਂ ਦਾ ਉਲੇਖ ਹੈ।

ਵਾਰਾਂ ਦੀ ਮੁਢਲੀ ਰਚਨਾ ਪਉੜੀਆਂ ਦੇ ਰੂਪ ਵਿਚ ਹੋਈ। ਹਰੇਕ ਵਾਰ ਦੇ ਅਰੰਭਕ ਸਿਰਲੇਖ ਵਿਚ ਉਸ ਮਹਲੇ ਬਾਰੇ ਸੂਚਨਾ ਦਿੱਤੀ ਹੋਈ ਹੈ ਜਿਸ ਵਲੋਂ ਵਾਰ ਦੀਆਂ ਪਉੜੀਆਂ ਦੀ ਰਚਨਾ ਕੀਤੀ ਹੋਈ ਹੈ। ਕੁਝ ਕੁ ਵਾਰਾਂ ਵਿਚ ਕਿਤੇ ਕਿਤੇ ਸਿਰਲੇਖ ਵਿਚ ਸੰਕੇਤ ਕੀਤੇ ਗਏ ਮਹਲੇ ਤੋਂ ਇਲਾਵਾ ਕਿਸੇ ਹੋਰ ਮਹਲੇ ਦੀਆਂ ਰਚਿਤ ਪਉੜੀਆਂ ਵੀ ਮਿਲਦੀਆਂ ਹਨ। ਅਜਿਹੀਆਂ ਪਉੜੀਆਂ ਦੇ ਅਰੰਭ ਵਿਚ ਸੰਬੰਧਤ ਮਹਲੇ ਬਾਰੇ ਵਿਸ਼ੇਸ਼ ਸੂਚਨਾ ਦਿੱਤੀ ਮਿਲਦੀ ਹੈ; ਜਿਵੇਂ "ਪਉੜੀ ਮ: ੫" ਜਾਂ "ਪਉੜੀ ੫" ਆਦਿ।

**ਨੋਟ** : ਸਿਰਲੇਖ 'ਪਉੜੀ ੫' ਦਾ ਉਚਾਰਣ ਪਉੜੀ ਪੰਜਵੀਂ ਕਰਨਾ ਗ਼ਲਤ ਹੈ। ਏਥੇ ਅੰਕ '੫' ਮਹਲੇ ਪੰਜਵੇਂ ਦਾ ਸੂਚਕ ਹੈ।

ਵਾਰਾਂ ਦੀਆਂ ਪਉੜੀਆਂ ਨਾਲ ਵਖ ਵਖ ਮਹੱਲਿਆਂ ਦੇ ਜਾਂ ਓਸੇ ਮਹਲੇ ਦੇ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਬੀੜ ਦੀ ਸੰਪਾਦਨਾ ਕਰਨ ਸਮੇਂ ਸੰਮਿਲਤ ਕੀਤੇ ਗਏ। ਪਉੜੀਆਂ ਨਾਲ ਸੰਮਿਲਤ ਕੀਤੇ ਸਲੋਕਾਂ ਦੀ ਗਿਣਤੀ ਇਕਸਾਰ ਨਹੀਂ; ਕਿਧਰੇ ਦੋ ਸਲੋਕ ਹਨ, ਕਿਧਰੇ ਇਸ ਤੋਂ ਵੱਧ ਵੀ।

**ਨੋਟ** : ਦੋ ਵਾਰਾਂ ("ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ" ਅਤੇ ਬਸੰਤ ਕੀ ਵਾਰ ਮਹਲੁ ੫) ਵਿਚ ਸਲੋਕ ਕੋਈ ਵੀ ਨਹੀਂ, ਕੇਵਲ ਪਉੜੀਆਂ ਹੀ ਹਨ।

ਵਾਰਾਂ ਵਿਚ ਸਲੋਕ ਪਹਿਲਾਂ ਆਉਂਦੇ ਹਨ ਅਤੇ ਪਉੜੀ ਮਗਰੋਂ। ਪਉੜੀਆਂ ਦਾ ਗਣਨ-ਅੰਕ ਅਰੰਭ ਤੋਂ ਅੰਤ ਤਕ ਕਰਮਵਾਰ ਚਲਦਾ ਹੈ, ਪਰ ਹਰੇਕ ਪਉੜੀ ਨਾਲ ਸੰਬੰਧਤ ਸਲੋਕਾਂ ਦਾ ਗਣਨ-ਅੰਕ ਉਸ ਪਉੜੀ ਤਕ ਹੀ ਸੀਮਿਤ ਹੁੰਦਾ ਹੈ। ਹਰੇਕ ਪਉੜੀ ਦੇ ਸਲੋਕਾਂ ਦਾ ਗਣਨ-ਅੰਕ ਨਵੇਂ ਸਿਰਿਓਂ ਅਰੰਭ ਹੋ ਕੇ ਪਉੜੀ ਤਕ ਸਲੋਕਾਂ ਦੀ ਗਿਣਤੀ ਨਾਲ ਹੀ ਸਮਾਪਤ ਹੋ ਜਾਂਦਾ ਹੈ।

ਸਟੀਕ ਵਿਚ ਆਈਆਂ ਦੋਹਾਂ ਵਾਰਾਂ ਦੀ ਬਣਤਰ ਤੇ ਭਾਸ਼ਾ ਇਸ ਪ੍ਰਕਾਰ ਹੈ :

**ਵਾਰ ਜੈਤਸਰੀ** : ਇਹ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਧ ਦੀ ਬਾਣੀ ਹੈ। ਇਸ ਦੀਆਂ ਕੁਲ ੨੦ ਪਉੜੀਆਂ ਹਨ। ਹਰੇਕ ਪਉੜੀ ਨਾਲ ਦੋ ਦੋ ਸਲੋਕ ਹਨ। ਹਰ ਪਹਿਲੇ ਸਲੋਕ ਦੀ ਭਾਸ਼ਾ ਸਹਸਕ੍ਰਿਤੀ ਹੈ ਅਤੇ ਹਰ ਦੂਜਾ ਸਲੋਕ ਲਹਿੰਦੀ (ਪੱਛਮੀ ਪੰਜਾਬੀ) ਭਾਸ਼ਾ ਵਿਚ ਹੈ। ਪਉੜੀਆਂ ਦੀ ਭਾਸ਼ਾ ਠੇਠ ਪੰਜਾਬੀ ਹੈ।

**ਵਾਰ ਮਾਰੂ ਡਖਣੇ** : ਇਸ ਵਾਰ ਦੀਆਂ ੨੩ ਪਉੜੀਆਂ ਹਨ। ਹਰੇਕ ਪਉੜੀ ਨਾਲ ਤਿੰਨ ਤਿੰਨ ਡਖਣੇ (ਸਲੋਕ) ਹਨ। ਸਾਰੇ ਡਖਣੇ ਲਹਿੰਦੀ ਪੰਜਾਬੀ ਭਾਸ਼ਾ

ਵਿਚ ਹਨ। ਪਉੜੀਆਂ ਦੀ ਭਾਸ਼ਾ ਠੇਠ ਪੰਜਾਬੀ ਹੈ।

**ਨੋਟ** : ਡਖਣੇ ਸਿੰਧੀ ਭਾਸ਼ਾ ਦਾ ਸ਼ਬਦ ਹੈ, ਜਿਸ ਤੋਂ ਭਾਵ ਹੈ ਉਹ ਸਲੋਕ ਜਾਂ ਦੋਹੇ ਜੋ ਦੱਖਣ ਤੋਂ ਆਏ। ਲਹਿੰਦੀ ਪੰਜਾਬੀ ਵਿਚ ਇਹਨਾਂ ਦੀ ਵਰਤੋਂ ਆਮ ਮਿਲਦੀ ਹੈ।

ਸਹਸਕ੍ਰਿਤੀ ਭਾਸ਼ਾ ਅਤੇ ਲਹਿੰਦੀ ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਈਆਂ ਜੋ ਉਪ੍ਰੋਕਤ ਵਾਰਾਂ ਵਿਚੋਂ ਪ੍ਰਗਟ ਹੁੰਦੀਆਂ ਹਨ, ਇਸ ਪ੍ਰਕਾਰ ਹਨ :

**(ੳ) ਸਹਸਕ੍ਰਿਤੀ**

'ਸਹਸਕ੍ਰਿਤੀ' ਇਕ ਪੁਰਾਤਨ ਭਾਸ਼ਾ ਹੈ, ਜੋ ਪਾਲੀ ਅਤੇ ਪ੍ਰਾਕ੍ਰਿਤ ਤੋਂ ਬਣੀ ਹੋਈ ਹੈ। ਇਸ ਦਾ ਨਾਉਂ ਗਾਥਾ ਵੀ ਹੈ। 'ਸਹਸਕ੍ਰਿਤੀ' ਸਾਹਿਤਕ ਭਾਸ਼ਾ ਹੈ ਅਤੇ 'ਗਾਥਾ' ਲੋਕ ਭਾਸ਼ਾ। ਇਹਨਾਂ ਭਾਸ਼ਾਵਾਂ ਦੇ ਸਲੋਕ ਵਾਰ ਜੈਤਸਰੀ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੫੩-੬੦ ਅਤੇ ੧੩੬੦-੬੧ ਉਤੇ ਵੀ ਅੰਕਿਤ ਮਿਲਦੇ ਹਨ।

ਭਾਸ਼ਾ ਦੀਆਂ ਵਿਸ਼ੇਸ਼ਤਾਈਆਂ ਇਸ ਪ੍ਰਕਾਰ ਹਨ :

(i) ਕੁਝ ਸ਼ਬਦਾਂ ਦੇ ਅੰਤ ਵਿਚ 'ਹ' ਦੀ ਵਰਤੋਂ :
ਨਾਂਵ : ਪਰਮੇਸੁਰਹ, ਜਗਦੀਸੁਰਹ, ਕਲੇਸਹ, ਰਸਹ, ਮੰਡਲਹ, ਅੰਮ੍ਰਿਤਹ, ਸੰਤਹ, ਕੀਰਤਨਹ, ਲੋਕਹ, ਆਦਿ।
ਵਿਸ਼ੇਸ਼ਣ : ਅੰਧਹ, ਪੂਰਨਹ।
ਕਿਰਿਆ : ਭਰਮਣਹ, ਗਰਬਤਹ, ਅਰਾਧਨਹ, ਨਿਵਾਰਣਹ, ਉਧਾਰਣਹ, ਕਰਹ, ਆਦਿ।
ਕਿਰਿਆ ਵਿਸ਼ੇਸ਼ਣ : ਦਹਦਿਸਹ, ਦੂਰਣਹ।
ਸੰਬੰਧਕ : ਸੰਗਮਹ।

(ii) ਧਾਤੂ ਦੇ ਅੰਤਲੇ ਅੱਖਰ ਨੂੰ ਟਿੱਪੀ ਲਾ ਕੇ ਮਗਰੋਂ 'ਤ' ਜਾਂ 'ਤਿ' ਲਾ ਕੇ ਬਣਾਈਆਂ ਕਿਰਿਆਵਾਂ :
ਤਿ—ਸਿਮਰੰਤਿ, ਰਚੰਤਿ, ਉਚਰੰਤਿ, ਬਸੰਤਿ, ਚਿਤਵੰਤਿ, ਬਿਸਰੰਤਿ, ਜਾਚੰਤਿ, ਆਦਿ।
ਤ—ਖੋਜੰਤ, ਤਿਆਗੰਤ, ਬਿਸਰੰਤ, ਸੁਨੰਤ, ਦ੍ਰਿਸਟੰਤ, ਸੁਨੀਅੰਤ, ਵਰਤੰਤ, ਆਦਿ।

(iii) ਧਾਤੂ ਦੇ ਅੰਤ ਵਿਚ 'ਤੇ' ਪਿਛੇਤਰ ਲਾ ਕੇ ਬਣਾਈਆਂ ਕਿਰਿਆਵਾਂ :
ਰੁਚਤੇ, ਬਿਮੁਚਤੇ, ਚਾਲਤੇ, ਜਿਤਤੇ, ਆਦਿ।

(iv) ਕੁਝ ਸ਼ਬਦਾਂ ਦੇ ਅੰਤਲੇ ਅੱਖਰ ਨਾਲ ਟਿੱਪੀ ਦੀ ਵਰਤੋਂ :

ਨਾਂਵ : ਇਸਨਾਨੰ, ਸੁਆਦੰ, ਰੂਪੰ, ਦਰਸਨੰ, ਨਾਦੰ, ਆਦਿ।

ਵਿਸ਼ੇਸ਼ਣ : ਮਿਸਟੰ, ਨਿਰਮਲੰ, ਅਪਾਰੰ, ਦਇਆਲੰ, ਆਦਿ।

ਕਿਰਿਆ : ਰਮਣੰ, ਖੰਡਣੰ, ਕਰਣੰ, ਭੇਟੰ, ਹਰਣੰ, ਉਚਰਣੰ, ਬਿਨਾਸਨੰ, ਆਦਿ।

ਕਿਰਿਆ ਵਿਸ਼ੇਸ਼ਣ : ਬਲਿਹਾਰੰ।

ਸੰਬੰਧਕ : ਹੀਣੰ।

(v) 'ਰ' ਦੀ ਦੁੱਤ-ਅੱਖਰ ਵਜੋਂ ਵਰਤੋਂ :

ਸਰਬਤ੍ਰ, ਛਤ੍ਰ, ਛਿਦ੍ਰੰ, ਆਦਿ।

(vi) ਕਿਰਿਆ ਵਿਸ਼ੇਸ਼ਣ ਨਾਲ 'ਚ' ਦੀ ਵਰਤੋਂ :

ਕਦਾਂਚ, ਨਚ, ਆਦਿ।

**(ਅ) ਲਹਿੰਦੀ**

ਪੰਜਾਬੀ ਦੀਆਂ ਉਪ-ਭਾਸ਼ਾਵਾਂ ਵਿਚੋਂ ਇਕ 'ਲਹਿੰਦੀ' ਅਥਵਾ ਪੱਛਮੀ ਪੰਜਾਬੀ ਹੈ। ਇਸ ਦੀਆਂ ਅਗੋਂ ਤਿੰਨ ਉਪ-ਭਾਸ਼ਾਵਾਂ ਹਨ: ਮੁਲਤਾਨੀ, ਪੋਠੋਹਾਰੀ ਅਤੇ ਹਿੰਦਕੋ। ਲਹਿੰਦੀ ਦਾ ਸਟੈਂਡਰਡ ਰੂਪ 'ਮੁਲਤਾਨੀ' ਨੂੰ ਮੰਨਿਆ ਗਿਆ ਹੈ। ਇਸ ਦੀਆਂ ਕੁਝ ਭਾਸ਼ਾਈ ਵਿਆਕਰਣਿਕ ਵਿਸ਼ੇਸ਼ਤਾਈਆਂ ਇਸ ਪ੍ਰਕਾਰ ਹਨ :

(i) ਕੁਝ ਸ਼ਬਦਾਂ ਵਿਚ ਅਰੰਭਕ 'ਦ' ਦੀ ਥਾਵੇਂ 'ਡ' ਦੀ ਵਰਤੋਂ :

ਨਾਂਵ : ਡੁਖ, ਡਖਣੇ, ਡੁਹਾਗਣੀ, ਡੂੰਮਣੀ, ਆਦਿ।

ਕਿਰਿਆ : ਡੇਈ, ਡੇਖ, ਡਿੰਨਾ, ਡਿਸੰਦੋ, ਡੇਊ, ਡਿਖਾਊ, ਆਦਿ।

ਵਿਸ਼ੇਸ਼ਣ : ਡੂਇ।

ਕਿਰਿਆ ਵਿਸ਼ੇਸ਼ਣ : ਕਡੂੰ।

(ii) ਕੁਝ ਸ਼ਬਦਾਂ ਵਿਚ 'ਸ' ਅਤੇ 'ਛ' ਦੀ ਥਾਵੇਂ 'ਹ' ਦੀ ਵਰਤੋਂ :

ਹਭ (ਸਭ), ਕਿਹੁ (ਕਿਸੁ), ਕਿਹੁ (ਕਿਛੁ)।

(iii) ਕੁਝ ਸ਼ਬਦਾਂ ਵਿਚ 'ਇ' ਦੀ ਥਾਵੇਂ 'ਹ' ਦੀ ਵਰਤੋਂ :

ਹਿਕ, ਹਿਕਸੁ, ਹੇਕੜੋ।

(iv) ਕੁਝ ਸ਼ਬਦਾਂ ਦੇ ਅਰਥ-ਭਾਵ ਵਿਚ ਵਿਸ਼ੇਸ਼ਤਾ ਪੈਦਾ ਕਰਨ ਲਈ ਉਹਨਾਂ ਦੇ ਅੰਤ ਵਿਚ 'ੜ' ਦੀ ਵਰਤੋਂ :

ਨਾਂਵ : ਮੁਹਡੜਾ, ਜਨਮੜਾ, ਹੀਅੜਾ, ਆਸੜੀ, ਵੇਲੜੀ, ਸੇਜੜੀ, ਭਾਹੜੀ, ਮਤੜੀ, ਆਦਿ।

ਕਿਰਿਆ : ਵਸੰਦੜੇ, ਲਗੜਾ, ਪੇਖੰਦੜੋ, ਵਿਧੜੋ, ਸੀਤੜਾ, ਜਪੰਦੜੋ, ਆਦਿ।

ਵਿਸ਼ੇਸ਼ਣ : ਮਿਠੜਾ, ਗੁਝੜਾ, ਕੂਹਥੜੈ, ਠੰਢੜਾ, ਆਦਿ।

ਪੜਨਾਂਵ : ਅਸਾਡੜਾ।

ਕਿਰਿਆ ਵਿਸ਼ੇਸ਼ਣ : ਬਿਰਥੜਾ।

ਸੰਬੰਧਕ : ਸੰਦੜੀ।

(v) ਅਨਿਯਮਿਤ ਰੂਪ ਵਾਲੇ ਭੂਤ-ਕਿਰਦੰਤਾਂ ਦੀ ਵਰਤੋਂ :

ਪਕਾ, ਪੀਠਾ, ਵੂਠਾ, ਕਾਂਤਾ, ਸੀਤਾ, ਵਿਧਾ, ਖਾਧਾ, ਜਾਤਾ, ਆਦਿ।

(vi) ਭੂਤ-ਕਾਲ ਦੀਆਂ ਕਿਰਿਆਵਾਂ ਦੇ ਅੰਤ ਵਿਚ ਪੜਨਾਵੀਂ-ਪਿਛੇਤਰਾਂ ਦੀ ਵਰਤੋਂ :

ਉਲਾਹਿਅਮੁ, ਲਧਮੁ, ਡਿਠਮੁ, ਦਿਤੀਮੁ, ਦਿਸਮੁ, ਤਾਰਿਅਮੁ, ਜਲਿਓਹਿ, ਆਦਿ।

(vii) 'ਦ'—ਅੰਤਿਕ ਵਰਤਮਾਨ-ਕਿਰਦੰਤ-ਰੂਪਾਂ ਵਿਚ ਧਾਤੂ ਦੇ ਅੰਤਲੇ ਅੱਖਰ ਨਾਲ ਵਾਧੂ ਟਿਪੀ ( ੰ ) ਜਾਂ ਨਾਸਕੀ ਲਾਂਵ ( ੇਂ ) ਦੀ ਵਰਤੋਂ :

ਜੀਵੰਦੇ, ਵਹੰਦੇ, ਵਸੰਦੋ, ਡੁਬੰਦੋ, ਸੁਣੰਦੋ, ਡਿਖੰਦੋ, ਕਰੇਂਦਾ, ਸੁਣੇਂਦਾ, ਲੋੜੇਂਦਾ, ਆਦਿ।

(viii) ਵਿਸ਼ੇਸ਼ ਰੂਪ ਵਾਲੇ ਪੜਨਾਵਾਂ ਦੀ ਵਰਤੋਂ :

ਮੂੰ, ਮਾ, ਮੈਡਾ, ਤੈਡਾ, ਮਹਿਜਾ, ਤਹਿਜਾ, ਆਦਿ।

(ix) ਵਿਸ਼ੇਸ਼ ਰੂਪ ਵਾਲੇ ਸੰਬੰਧਕੀ-ਪਦਾਂ ਦੀ ਵਰਤੋਂ :

ਮੰਝ, ਮੰਝਾਹੂ, ਮੰਝਾਹਿ, ਸੰਦੀ, ਕੂ, ਕੇਰੀ, ਸੋਤੀ, ਖੇ, ਆਦਿ।

(x) ਵਿਸ਼ੇਸ਼ ਕਿਸਮ ਦੇ ਵਿਸ਼ੇਸ਼ਣਾਂ ਦੀ ਵਰਤੋਂ :

ਬਿਆ, ਬਿਅੰਨਿ, ਬੇਈ, ਦੂਯਾ, ਆਦਿ।

(xi) ਵਿਸ਼ੇਸ਼ ਕਿਸਮ ਦੇ ਕਿਰਿਆ ਵਿਸ਼ੇਸ਼ਣਾਂ ਦੀ ਵਰਤੋਂ :

ਬਹੁੜਿ, ਭੀ, ਮੁੜਿ, ਆਦਿ।

(xii) ਭਾਸ਼ਾ ਦੀ ਸੰਜੋਗਾਤਮਿਕ ਰੁਚੀ :

ਜਿਚਰੁ (ਜਿੰਨਾ ਚਿਰ)।

ਇਵੇਹਾ (ਏਹੋ ਜਿਹਾ)।

ਕਿਜੇਹਾ (ਕਿਹੋ ਜਿਹਾ)।
ਜੇਵਿਹਾ (ਜਿਹੋ ਜਿਹਾ)।

(xiii) ਉਰਦੂ ਫ਼ਾਰਸੀ ਦੇ ਸ਼ਬਦਾਂ ਦੀ ਬਾਹਲੀ ਵਰਤੋਂ :
ਮੁਦਤਿ, ਗਾਫਲ, ਉਸਤਾਦਿ, ਪਨਾਹਿ, ਮਉਜੂਦਿ, ਦਰੂਦ, ਮੁਸਤਾਕ, ਅਮਾਣ, ਖਾਕੁ, ਆਲੂਦਿਆ, ਦੀਦਾਰ, ਜਾਇ, ਲਾਵਣ, ਯਕੀਨਾ, ਆਸਕ, ਮੁਹਬਤਿ।

(xiv) ਵਿਸ਼ੇਸ਼ ਕਿਸਮ ਦੀਆਂ ਕਰਮਨੀ-ਵਾਚ ਕਿਰਿਆਵਾਂ ਦੀ ਵਰਤੋਂ :
ਥੀਂਵਦੋ, ਲੋੜੀਂਦੋ, ਡਿਸੰਦੋ, ਲਜੀਂਵਦੋ, ਲਹੰਦੜੋ, ਆਦਿ।

(xv) ਇਲਾਕਾਈ ਧਾਤੂਆਂ ਵਾਲੀਆਂ ਕਿਰਿਆਵਾਂ :
ਵਤਾ, ਵਤਹਿ, ਵੰਞੈ, ਵੈਦਿਓ, ਗਾਲਾਇਓ, ਥੀਵਦੋ, ਤ੍ਰਾਘਿ, ਠਾਹੇ, ਵੁਠਿਆ, ਭਵੇ, ਭਵਿ ਭਵਿ, ਥੀਓ, ਥੀਐ, ਥੀਆਊ, ਥੀਓਸਿ, ਹੁਟੈ, ਅਲਾਵਣ, ਜੁਲਈ, ਆਦਿ।

(xvi) ਲਹਿੰਦੀ ਭਾਸ਼ਾ ਦੇ ਵਿਸ਼ੇਸ਼ ਸ਼ਬਦਾਂ ਦੀ ਵਰਤੋਂ :
ਤਲੈ, ਭੋਗੀ, ਭਾਹਿ, ਅਢੁ, ਥੋਕਿ, ਕੂੜਾਵੇ, ਘਾਮ, ਮੁਚ, ਸੈ, ਜਾਮਿ, ਛਿਟੜਿ, ਅੰਙਣ, ਵਾਤੁ, ਟੋਲ, ਹਠ, ਆਲਕੁ, ਚਿਰਾਣੀਆ, ਝਾਕੁ, ਭੁਸਰੀਆਂ, ਸੁੰਞੀ, ਕਿਨ ਖੇ, ਪੰਧਾਣੂ, ਪੰਧੀਆ, ਆਦਿ।

ਇਹ ਸਟੀਕ 'ਗੁਰਬਾਣੀ ਅਧਿਐਨ ਜਥੇ' ਦੇ ਮਿਲਵੇਂ ਜਤਨ ਦਾ ਸਿੱਟਾ ਹੈ। ਇਹ ਸਟੀਕ ਸਿੱਖ ਸੰਗਤਾਂ ਨੂੰ ਪੇਸ਼ ਕਰਦਿਆਂ ਸਨਿਮਰ ਜੋਦੜੀ ਹੈ, ਅਸੀਸ ਬਖ਼ਸ਼ੋ, ਲੋਕ ਪ੍ਰਲੋਕ ਵਿਚ ਗੁਰਬਾਣੀ ਦਾ ਆਸਰਾ ਮਿਲੇ ! ਗੁਰਬਾਣੀ-ਖੋਜ ਦਾ ਕਾਰਜ ਨਿਰੰਤਰ ਚਲਦਾ ਰਵ੍ਹੇ....!!

ਇਸ ਵਿਚਲੀਆਂ ਤ੍ਰੁਟੀਆਂ ਬਾਰੇ ਜੋ ਸੁਝਾਅ ਸਮੇਂ ਸਮੇਂ ਪ੍ਰਾਪਤ ਹੋਣਗੇ, ਖਿੜੇ ਮੱਥੇ ਉਹਨਾਂ ਤੇ ਵਿਚਾਰ ਕਰ ਕੇ ਉਹਨਾਂ ਤੋਂ ਅਗਲੀ ਐਡੀਸ਼ਨ ਵਿਚ ਲਾਭ ਉਠਾਉਣ ਦਾ ਜਤਨ ਕੀਤਾ ਜਾਵੇਗਾ।

ਅੰਮ੍ਰਿਤਸਰ —ਜੋਗਿੰਦਰ ਸਿੰਘ ਤਲਵਾੜਾ
10-9-93

ੴ ਸਤਿਗੁਰਪ੍ਰਸਾਦਿ ॥

# ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ ॥

### ਸਲੋਕੁ ॥

ਆਦਿ ਪੂਰਨ ਮਧਿ ਪੂਰਨ
ਅੰਤਿ ਪੂਰਨ ਪਰਮੇਸੁਰਹ ॥
ਸਿਮਰੰਤਿ ਸੰਤ ਸਰਬਤ੍ਰ ਰਮਣੰ
ਨਾਨਕ ਅਘ ਨਾਸਨ ਜਗਦੀਸੁਰਹ ॥੧॥

ਪੇਖਨ ਸੁਨਨ ਸੁਨਾਵਨੋ
ਮਨ ਮਹਿ ਦ੍ਰਿੜੀਐ ਸਾਚੁ ॥
ਪੂਰਿ ਰਹਿਓ ਸਰਬਤ੍ਰ ਮੈ
ਨਾਨਕ ਹਰਿ ਰੰਗਿ ਰਾਚੁ ॥੨॥

***ਉਚਾਰਣ :***

ਪਰਮੇਸੁਰਹ, ਜਗਦੀਸੁਰਹ—ਇਹਨਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ।
'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ ਹੈ।
ਦ੍ਰਿੜੀਐ—'ੜ' ਦਾ ਉਚਾਰਣ ਭਾਰ ਸਹਿਤ।

***ਪਦ ਅਰਥ :***

ਆਦਿ—ਮੁਢ, ਅਰੰਭ। ਪੂਰਨ—ਵਿਆਪਕ। ਮਧਿ—ਵਿਚਕਾਰਲੇ ਸਮੇਂ ਵਿਚ। ਸਿਮਰੰਤਿ—ਸਿਮਰਦੇ ਹਨ। ਸੰਤ—ਸਤ-ਪੁਰਸ਼। ਸਰਬਤ੍ਰ—ਸਭਨੀਂ ਥਾਈਂ ਅਤੇ ਸਭਨਾਂ ਜੀਆਂ ਵਿਚ। ਰਮਣੰ—ਰਮੇ ਹੋਏ, ਵਿਆਪਕ। ਅਘ ਨਾਸਨ—ਪਾਪਾਂ ਨੂੰ ਨਾਸ ਕਰਨ ਵਾਲਾ। ਜਗਦੀਸੁਰਹ—ਜਗਤ ਦਾ ਮਾਲਕ।੧।

ਪੇਖਨ ਸੁਨਨ ਸੁਨਾਵਨੋ—ਵੇਖਣਾ, ਸੁਣਨਾ ਅਤੇ ਸੁਣਾਉਣਾ। ਮਹਿ—ਵਿਚ। ਦ੍ਰਿੜੀਐ—ਸ਼ਰਧਾ ਤੇ ਭਰੋਸੇ ਨਾਲ ਧਾਰਨ ਕਰੀਏ। ਸਾਚੁ—ਸਦਾ ਥਿਰ (ਵਾਹਿਗੁਰੂ)। ਪੂਰਿ ਰਹਿਓ—ਵਿਆਪਕ ਹੋਇਆ ਪਿਆ ਹੈ। ਮੈ—ਵਿਚ। ਹਰਿ ਰੰਗਿ ਰਾਚੁ—ਪ੍ਰਭੂ ਦੇ ਪ੍ਰੇਮ-ਰੰਗ ਵਿਚ ਰਚਿਆ ਮਿਚਿਆ ਰਹੁ।੨।

***ਅਰਥ :***

ਪਰਮੇਸ਼ਰ ਸ੍ਰਿਸ਼ਟੀ ਦੇ ਅਰੰਭ ਵਿਚ ਵੀ ਵਿਆਪਕ ਸੀ, ਵਿਚਕਾਰਲੇ ਸਮੇਂ (ਵਰਤਮਾਨ) ਵਿਚ ਵੀ ਵਿਆਪਕ ਹੈ ਅਤੇ ਸ੍ਰਿਸ਼ਟੀ ਦੇ ਅੰਤ ਵਿਚ ਵੀ ਵਿਆਪਕ ਹੋਵੇਗਾ (ਭਾਵ, ਉਸ ਦੀ ਸਰਬ-ਵਿਆਪਕਤਾ ਸਰਬ-ਕਾਲੀ ਹੈ)।

ਨਾਨਕ! ਸਭਨੀਂ ਥਾਈਂ ਅਤੇ ਸਭਨਾਂ ਜੀਵ-ਜੰਤੂਆਂ ਵਿਚ ਰਮੇ ਹੋਏ (ਵਿਆਪਕ) ਪ੍ਰਭੂ ਨੂੰ ਸਤ-ਪੁਰਸ਼ (ਸਦੀਵਕਾਲ) ਸਿਮਰਦੇ ਰਹਿੰਦੇ ਹਨ। ਉਹ ਜਗਤ ਦਾ ਮਾਲਕ ਅਤੇ ਪਾਪਾਂ ਦੇ ਨਾਸ ਕਰਨ ਵਾਲਾ ਹੈ।੧।

(ਸੰਸਾਰ ਵਿਚ ਵਿਚਰਦਿਆਂ) ਵੇਖਣਾ, ਸੁਣਨਾ ਅਤੇ ਸੁਣਾਉਣਾ (ਤਾਂ ਹੀ ਸਾਰਥਕ ਅਤੇ ਸਫ਼ਲ ਹੈ ਜੇ) ਮਨ ਵਿਚ ਸਦਾ-ਥਿਰ ਪ੍ਰਭੂ ਨੂੰ ਪੂਰਨ ਦ੍ਰਿੜ੍ਹਤਾ (ਸ਼ਰਧਾ ਅਤੇ ਭਰੋਸੇ) ਨਾਲ ਧਾਰਨ ਕੀਤਾ ਜਾਵੇ।

ਨਾਨਕ! ਜੋ ਹਰੀ ਸਭਨੀਂ ਥਾਈਂ ਅਤੇ ਸਭਨਾਂ ਜੀਵ-ਜੰਤੂਆਂ ਵਿਚ ਵਿਆਪਕ ਹੋਇਆ ਪਿਆ ਹੈ, ਉਸ ਦੇ ਪਿਆਰ-ਰੰਗ ਵਿਚ ਰਚਿਆ ਮਿਚਿਆ ਰਹੁ।੨।

## ਪਉੜੀ ॥

**ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥**
**ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥**
**ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥**
**ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥**
**ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥੧॥**

***ਉਚਾਰਣ :***

ਸਮਰਥ—'ਥ' ਦਾ ਉਚਾਰਣ ਇਸ ਦੀ ਧੁਨੀ ਨੂੰ ਦੁੱਤ ਕਰ ਕੇ।
ਬ੍ਰਹਮੰਡ—'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਦਰੁਸਤ ਨਹੀਂ।

***ਪਦ ਅਰਥ :***

ਏਕੁ ਨਿਰੰਜਨੁ—ਮਾਇਆ ਦੀ ਕਾਲਖ ਤੋਂ ਨਿਰਲੇਪ ਕੇਵਲ ਇਕ (ਵਾਹਿਗੁਰੂ) ਨੂੰ। ਸਭ ਅੰਤਰਿ—ਸਭਨਾਂ (ਜੀਵ-ਜੰਤੂਆਂ) ਵਿਚ। ਕਰਣ ਕਾਰਣ—ਜਗਤ ਦਾ ਰਚਨਹਾਰ। ਸਮਰਥ—ਸਰਬ ਕਲਾ ਸ਼ਕਤੀਵਾਨ। ਥਾਪਿ—ਉਸਾਰਦਾ ਹੈ। ਉਥਾਪਦਾ—ਢਾਹੁੰਦਾ ਹੈ। ਤਿਸੁ—ਉਸ (ਹਰੀ)। ਖੰਡ—ਬ੍ਰਹਮੰਡ ਦੇ ਹਿੱਸੇ। ਬ੍ਰਹਮੰਡ—ਸਮੁੱਚਾ ਜਗਤ। ਪਾਤਾਲ—ਧਰਤੀ ਦਾ ਥਲੜਾ ਪਾਸਾ। ਦੀਪ—ਟਾਪੂ, ਜਜ਼ੀਰੇ। ਰਵਿਆ—ਵਿਆਪ ਰਿਹਾ ਹੈ। ਸਭ ਲੋਈ—ਸਾਰੀ ਜਗਤ-ਰਚਨਾ ਵਿਚ।੧।

***ਅਰਥ :***

ਕੇਵਲ ਉਸੇ ਹਰੀ ਨੂੰ ਗਾਉਣਾ ਚਾਹੀਦਾ ਹੈ ਜੋ ਮਾਇਆ ਦੀ ਕਾਲਖ ਤੋਂ ਨਿਰਲੇਪ ਹੈ, (ਪਰ ਇਸ ਦੇ ਬਾਵਜੂਦ) ਸਭਨਾਂ ਜੀਵ-ਜੰਤੂਆਂ ਵਿਚ ਓਹੀ (ਵਸਦਾ) ਹੈ।

ਉਹ ਪ੍ਰਭੂ ਸੰਸਾਰ ਨੂੰ ਰਚਣ ਦੇ ਸਮਰੱਥ ਹੈ, ਜੋ ਕੁਝ ਉਹ ਕਰਨਾ ਚਾਹੁੰਦਾ ਹੈ ਓਹੀ ਵਾਪਰਦਾ ਹੈ।

ਓਹ ਹੀ ਪਲ ਭਰ ਵਿਚ ਸਭ ਕਾਸੇ ਨੂੰ ਉਸਾਰਦਾ ਅਤੇ ਢਾਹੁੰਦਾ ਹੈ, ਉਸ ਬਿਨਾਂ ਹੋਰ ਕੋਈ ਹੈ ਹੀ ਨਹੀਂ।

ਬ੍ਰਹਮੰਡ (ਸਾਰੇ ਜਗਤ) ਦੇ ਸਾਰੇ ਹਿੱਸਿਆਂ (ਦੇਸਾਂ), ਧਰਤੀ ਦੇ ਥਲੜੇ ਪਾਸਿਆਂ, ਟਾਪੂਆਂ (ਜਜ਼ੀਰਿਆਂ) ਅਤੇ ਸਾਰੀ ਜਗਤ-ਰਚਨਾ ਵਿਚ ਵਿਆਪਕ ਹੈ।

ਜਿਸ ਸੁਭਾਗੇ ਮਨੁੱਖ ਨੂੰ ਆਪ (ਆਪਣੀ ਸਰਬ-ਵਿਆਪਕਤਾ, ਸਰਬ ਸਮਰੱਥਾ ਅਤੇ ਨਿਰਲੇਪਤਾ ਦੀ) ਸੂਝ ਸਮਝ ਬਖ਼ਸ਼ਦਾ ਹੈ ਉਹੀ (ਮਨੁੱਖ) ਪਵਿੱਤਰ (ਹੁੰਦਾ) ਹੈ।੧।

**ਸਲੋਕ ॥**

**ਰਚੰਤਿ ਜੀਅ ਰਚਨਾ**
**ਮਾਤ ਗਰਭ ਅਸਥਾਪਨੰ ॥**
**ਸਾਸਿ ਸਾਸਿ ਸਿਮਰੰਤਿ, ਨਾਨਕ**
**ਮਹਾ ਅਗਨਿ ਨ ਬਿਨਾਸਨੰ ॥੧॥**

**ਮੁਖੁ ਤਲੈ ਪੈਰ ਉਪਰੇ**
**ਵਸੰਦੋ ਕੁਹਥੜੈ ਥਾਇ ॥**
**ਨਾਨਕ, ਸੋ ਧਣੀ ਕਿਉ ਵਿਸਾਰਿਓ**
**ਉਧਰਹਿ ਜਿਸ ਦੈ ਨਾਇ ॥੨॥**

***ਉਚਾਰਣ :***

ਜੀਅ—ਅੰਤਲੇ 'ਅ' ਦੀ ਧੁਨੀ ਉਲਾਰ ਹੋ ਕੇ 'ਆ' ਦੀ ਧੁਨੀ ਨਾ ਬਣੇ।
ਕੁਹਥੜੈ—ਇਸ ਸ਼ਬਦ ਦਾ ਅਰੰਭਕ ਅੱਖਰ 'ਕੁ' ਇਸ ਦਾ ਮੂਲਕ ਭਾਗ ਹੈ, ਵਿਰੋਧ-ਅਰਥਕ ਅਗੇਤਰ ਨਹੀਂ, ਸੋ, ਇਸ ਦਾ ਉਚਾਰਣ 'ਕੁ+ਹਥੜੈ' ਕਰਨਾ ਠੀਕ ਨਹੀਂ।
ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਗਿਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :
ਮਹਾ—ਪ੍ਰਬਲ। ਥਾਇ—ਥਾਂ ਤੇ। ਕਿਉ—ਕਾਹਦੇ ਲਈ ? ਨਾਇ—ਨਾਮ ਦੁਆਰਾ। ਉਧਰਹਿ—ਤੂੰ ਬਚਦਾ ਹੈਂ।

***ਪਦ ਅਰਥ :***

ਰਚੰਤਿ—ਰਚਦਾ (ਬਣਾਉਂਦਾ) ਹੈ। ਰਚਨਾ—ਬਣਾਵਟ। ਗਰਭ—ਕੁੱਖ (ਮਾਂ ਦਾ ਪੇਟ)। ਅਸਥਾਪਨੰ—ਸਥਾਪਤ ਕਰਦਾ (ਟਿਕਾਉਂਦਾ) ਹੈ। ਸਿਮਰੰਤਿ—ਸਿਮਰਦਾ ਹੈ। ਮਹਾ ਅਗਨਿ—ਪ੍ਰਬਲ ਅੱਗ (ਜਠਰਾਗਨਿ)।੧।

ਵਸੰਦੋ—ਤੂੰ ਵਸਦਾ ਸੀ। ਕੁਹਥੜੈ—ਕੁਹਥਰੇ, ਗੰਦੇ। ਧਣੀ—ਮਾਲਕ। ਵਿਸਾਰਿਓ—ਤੂੰ ਵਿਸਾਰ ਦਿਤਾ ਹੈ। ਉਧਰਹਿ—ਤੂੰ ਬਚਦਾ ਹੈਂ। ਨਾਇ—ਨਾਮ ਦੁਆਰਾ।੨।

***ਅਰਥ :***

(ਪਰਮੇਸ਼ਰ) ਹਰੇਕ ਜੀਵ ਦੀ ਰਚਨਾ ਕਰਦਾ ਹੈ ਅਤੇ (ਉਸ ਨੂੰ) ਮਾਂ ਦੀ ਕੁੱਖ ਵਿਚ ਸਥਾਪਤ ਕਰਦਾ (ਟਿਕਾਉਂਦਾ) ਹੈ।

ਨਾਨਕ ! (ਮਾਂ ਦੇ ਗਰਭ ਵਿਚ ਜੀਵ ਉਸ ਪਰਮੇਸ਼ਰ ਨੂੰ) ਸੁਆਸ ਸੁਆਸ ਸਿਮਰਦਾ ਰਹਿੰਦਾ ਹੈ, (ਇਸ ਲਈ ਜਠਰ-ਮਾਂ ਦੇ ਪੇਟ ਦੀ) ਪ੍ਰਬਲ ਅੱਗ (ਉਸ ਦਾ) ਨਾਸ ਨਹੀਂ ਕਰ ਸਕਦੀ।੧।

(ਹੇ ਜੀਵ ! ਮਾਂ ਦੇ ਗਰਭ ਵਿਚ ਤੇਰਾ) ਮੂੰਹ ਥਲੇ ਅਤੇ ਪੈਰ ਉਪਰ ਸਨ (ਭਾਵ, ਤੂੰ ਪੁੱਠਾ ਲਟਕਿਆ ਹੋਇਆ ਸੀ) ਅਤੇ ਤੂੰ ਗੰਦੇ ਥਾਂ ਤੇ ਵਸਦਾ ਸੈਂ।

ਸਲੋਕ ਦੇ ਅੰਤ ਵਿਚ 'ਨਾਨਕ' ਮੁਹਰ-ਛਾਪ ਲਾ ਕੇ ਸਤਿਗੁਰੂ ਜੀ ਜੀਵ-ਮਾਤਰ ਤੋਂ ਪੁਛ ਕਹਦੇ ਹਨ, ਹੇ ਜੀਵ ! ਜਿਸ ਦੇ ਨਾਮ (ਸਿਮਰਨ) ਦੁਆਰਾ ਤੂੰ (ਮਾਂ ਦੇ ਪੇਟ ਦੀ ਜਠਰ-ਅਗਨੀ ਤੋਂ) ਬਚਿਆ ਅਤੇ ਹੁਣ ਸੰਸਾਰ ਦੀ ਤ੍ਰਿਸ਼ਨਾ-ਅਗਨੀ ਤੋਂ ਬਚ ਸਕਦਾ ਹੈਂ, ਉਹ ਮਾਲਕ ਤੂੰ ਕਿਉਂ ਵਿਸਾਰ ਛਡਿਆ ਹੈ ?।੨।

**ਪਉੜੀ ॥**

**ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥**
**ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ ॥**
**ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰਧਾਰਿ ॥**
**ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ ॥**
**ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ ॥੨॥**

***ਉਚਾਰਣ :***

ਹੇਠਾਂ ਦਿਤੇ ਸ਼ਬਦਾਂ ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿਤੇ ਗਏ ਹਨ :

ਨਾ ਜਲਹਿ—ਤੂੰ ਨਹੀਂ ਸੜੇਂਗਾ। ਥਾਨਹੁ—ਥਾਂ ਤੋਂ। ਨਾਹਿ—ਨਹੀਂ। ਜਾਸਹਿ—ਤੂੰ ਜਾਏਂਗਾ।

***ਪਦ ਅਰਥ :***

ਰਕਤੁ—ਲਹੂ (ਮਾਂ ਦਾ)। ਬਿੰਦੁ—ਵੀਰਜ (ਪਿਤਾ ਦਾ)। ਨਿੰਮਿਆ—ਪੁੰਗਰਿਆ, ਉਪਜਿਆ। ਅਗਨਿ—ਅਗਨੀ। ਉਦਰ—ਪੇਟ। ਮਝਾਰਿ—ਵਿਚ। ਉਰਧ ਮੁਖੁ—ਮੂਧਾ (ਉਲਟਾ) ਮੂੰਹ। ਕੁਚੀਲ—ਗੰਦੀ (ਥਾਵੇਂ)। ਬਿਕਲੁ—ਵਿਆਕੁਲ, ਬੇਚੈਨ। ਨਰਕਿ ਘੋਰਿ—ਅਤਿ ਭਿਆਨਕ ਨਰਕ ਵਿਚ। ਗੁਬਾਰਿ—ਅੰਧਕਾਰ ਵਿਚ। ਨਾ ਜਲਹਿ—ਨਹੀਂ ਸੜੇਂਗਾ। ਉਰਧਾਰਿ—ਧਾਰਨ ਕਰ, ਦ੍ਰਿੜ੍ਹ ਨਿਸਚਾ ਕਰ [ਇਹ ਜੁੜਤ ਪਦ ਹੈ। ਜੇ ਇਸ ਦੇ ਵਿਚਕਾਰਲੇ 'ਰ' ਨੂੰ ਵੀ ਸਿਹਾਰੀ ਲੱਗੀ ਹੋਵੇ, ਭਾਵ, ਇਸ ਦਾ ਰੂਪ 'ਉਰਿ ਧਾਰਿ' ਹੋਵੇ ਤਾਂ ਇਸ ਦਾ ਉਚਾਰਣ ਪਦ

ਛੇਦ ਰੂਪ ਵਿਚ ਕੀਤਾ ਜਾਣਾ ਉਚਿਤ ਹੈ। ਉਸ ਹਾਲਤ ਵਿਚ ਇਸ ਦਾ ਅਰਥ 'ਹਿਰਦੇ ਵਿਚ ਧਾਰਨ ਕਰ' ਬਣਦਾ ਹੈ]। ਬਿਖਮ ਥਾਨਹੁ—ਔਖੇ ਥਾਂ ਤੋਂ। ਜਿਨਿ—ਜਿਸ ਨੇ। ਤਿਲੁ—ਰਤਾ ਭਰ, ਪਲ ਭਰ। ਬਿਸਰਤ—ਭੁਲਿਆਂ। ਜਾਸਹਿ—ਤੂੰ ਜਾਏਂਗਾ।੨।

***ਅਰਥ :***

(ਹੇ ਜੀਵ ! ਤੂੰ) (ਮਾਂ ਦੀ) ਰੱਤ (ਲਹੂ) ਅਤੇ (ਪਿਤਾ ਦੇ) ਵੀਰਜ ਦੇ ਸੁਮੇਲ ਤੋਂ (ਮਾਂ ਦੇ) ਪੇਟ ਦੀ ਅਗਨੀ ਵਿਚ ਉਪਜਿਆ।

(ਮਾਂ ਦੇ ਪੇਟ ਰੂਪੀ) ਘੋਰ ਨਰਕ ਅਤੇ ਅੰਧਕਾਰ ਵਿਚ ਮੂਧੇ ਮੂੰਹ ਕੁਚੀਲ ਥਾਵੇਂ (ਗੰਦਗੀ ਵਿਚ) ਪਿਆ ਤੂੰ ਅਤਿ ਵਿਆਕੁਲ ਸੈਂ।

ਹਰੀ ਪ੍ਰਭੂ ਦਾ ਸਿਮਰਨ ਕਰਦਿਆਂ ਤੂੰ (ਮਾਂ ਦੇ ਪੇਟ ਦੀ ਜਠਰ-ਅਗਨੀ ਵਿਚ ਨਹੀਂ ਸੜਿਆ ਅਤੇ ਹੁਣ ਸੰਸਾਰ ਦੀ ਤ੍ਰਿਸ਼ਨਾ-ਅੱਗ ਵਿਚ) ਨਹੀਂ ਸੜੇਂਗਾ। (ਗ਼ਫ਼ਲਤ ਨਾ ਕਰ, ਉਸ ਹਰੀ ਦੇ ਸਿਮਰਨ ਨੂੰ) ਮਨ ਅਤੇ ਤਨ ਵਿਚ (ਨਿਰੰਤਰ) ਧਾਰਨ ਕਰੀ ਰਖ।

(ਜਿਸ ਰਖਵਾਲੇ ਪ੍ਰਭੂ ਨੇ) ਐਨੇ ਔਖੇ ਥਾਂ ਤੋਂ ਬਚਾਇਆ ਹੈ, ਉਸ ਨੂੰ ਪਲ ਭਰ ਵੀ ਨਾ ਭੁਲਾਅ।

ਪ੍ਰਭੂ ਨੂੰ ਭੁਲਿਆਂ ਸੁਖ ਕਦੇ ਵੀ ਨਹੀਓਂ ਮਿਲਣਾ। (ਪ੍ਰਭੂ ਨੂੰ ਵਿਸਾਰ ਕੇ) ਅਮੋਲਕ ਮਨੁੱਖਾ ਜਨਮ (ਦੀ ਬਾਜ਼ੀ) ਹਾਰ ਜਾਏਂਗਾ।੨।

**ਸਲੋਕ ॥**

**ਮਨ ਇਛਾ ਦਾਨ ਕਰਣੰ**
**ਸਰਬਤ੍ਰ ਆਸਾ ਪੂਰਨਹ ॥**
**ਖੰਡਣੰ ਕਲਿ ਕਲੇਸਹ**
**ਪ੍ਰਭ ਸਿਮਰਿ ਨਾਨਕ ਨਹ ਦੂਰਣਹ ॥੧॥**

**ਹਭਿ ਰੰਗ ਮਾਣਹਿ ਜਿਸੁ ਸੰਗਿ**
**ਤੈ ਸਿਉ ਲਾਈਐ ਨੇਹੁ ॥**

**ਸੋ ਸਹੁ ਬਿੰਦ ਨ ਵਿਸਰਉ**
**ਨਾਨਕ, ਜਿਨਿ ਸੁੰਦਰੁ ਰਚਿਆ ਦੇਹੁ ॥੨॥**

***ਉਚਾਰਣ :***

ਪੂਰਨਹ, ਦੂਰਣਹ, ਕਲੇਸਹ, ਨਹ—ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਵਿਸਰਉ—'ਉ' ਉਚਾਰਣ ਨਾਸਕਤਾ ਬਿਨਾ।

ਨੇਹੁ, ਸਹੁ, ਦੇਹੁ—ਇਨ੍ਹਾਂ ਸਾਰੇ ਪੁਲਿੰਗ ਨਾਵਾਂ ਦੇ ਅੰਤਲੇ 'ਹ' ਅੱਖਰ ਨੂੰ ਲਗਿਆ ਔਂਕੜ ਜਿਥੇ ਇਨ੍ਹਾਂ ਦੇ ਇਕ-ਵਚਨ, ਪੁਲਿੰਗ ਨਾਂਵ ਹੋਣ ਦਾ ਸੂਚਕ ਹੈ, ਓਥੇ ਉਹਦੀ ਆਪਣੀ ਨਿਸਚਿਤ ਧੁਨੀ ਵੀ ਹੈ, ਜੋ ਉਚਾਰਣ ਦਾ ਭਾਗ ਅਵੱਸ਼ ਬਣਦੀ ਹੈ। ਇਸ ਧੁਨੀ ਦਾ ਉਚਾਰਣ ਕੱਸ ਕੇ ਕੀਤਾ ਜਾਵੇ, ਤਾਕਿ ਇਹ ਧੁਨੀ ਹਰਸ੍ਵ ਹੀ ਰਵ੍ਹੇ ਅਤੇ ਉਲਾਰ ਹੋ ਕੇ ਹੋੜੇ ( ੋ ) ਦੀ ਧੁਨੀ ਵਿਚ ਵਿਚ ਨਾ ਵਟੀਜ ਜਾਵੇ।

ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸ੍ਵਰ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿਤੇ ਗਏ ਹਨ :

ਮਾਣਹਿ—ਤੂੰ ਮਾਣਦਾ ਹੈਂ। ਸਿਉ—ਨਾਲ। ਤੈ—ਪੁਰਖ ਵਾਚੀ, ਅਨ-ਪੁਰਖ ਪੜਨਾਉਂ ਹੈ, ਇਸ ਦਾ ਉਚਾਰਣ ਨਾਸਕਤਾ ਬਗ਼ੈਰ ਹੈ।

***ਪਦ ਅਰਥ :***

ਮਨ ਇਛਾ—ਮਨ ਦੀ ਖ਼ਾਹਸ਼ (ਚਾਹਨਾ) ਅਨੁਸਾਰ। ਸਰਬਤ੍ਰ—ਸਭ ਕਿਸੇ ਦੀ। ਖੰਡਣੰ—ਨਾਸ ਕਰਨ ਵਾਲਾ। ਕਲਿ ਕਲੇਸਹ—ਕਲੀ ਕਾਲ ਦੇ ਦੁਖ ਕਲੇਸ਼। ਨਹ ਦੂਰਣਹ—ਦੂਰ ਨਹੀਂ (ਵਸਦਾ)।੧।

ਹਭਿ ਰੰਗ—ਸਾਰੇ ਮੌਜ ਮੇਲੇ। ਮਾਣਹਿ—ਤੂੰ ਮਾਣਦਾ (ਅਨੰਦ ਲੈਂਦਾ) ਹੈਂ। ਤੈ ਸਿਉ—ਤਿਸ (ਪ੍ਰਭੂ) ਨਾਲ। ਨੇਹੁ—ਪਿਆਰ। ਸਹੁ—ਮਾਲਕ। ਬਿੰਦ—ਪਲ ਭਰ। ਨ ਵਿਸਰਉ—ਵਿਸਰ ਨਾ ਜਾਏ (ਕ੍ਰਿਆ, ਸੰਭਾਵ ਭਵਿਖਤ ਕਾਲ, ਉ: ਨਾਸਕਤਾ ਰਹਿਤ)। ਰਚਿਆ—ਬਣਾਇਆ ਹੈ। ਦੇਹੁ—ਸਰੀਰ।੨।

***ਅਰਥ :***

(ਜੋ ਪ੍ਰਭੂ) ਸਭਨਾਂ ਨੂੰ ਮਨ-ਇਛਤ ਦਾਨ ਦੇਣ ਵਾਲਾ ਹੈ ਅਤੇ ਹਰ ਕਿਸੇ ਦੀ ਆਸਾ ਪੂਰੀ ਕਰਨ ਵਾਲਾ ਹੈ;

(ਜੋ ਪ੍ਰਭੂ) ਕਲੀ ਕਾਲ ਦੇ ਦੁਖ ਕਲੇਸ਼ ਨਾਸ ਕਰਨ ਵਾਲਾ ਹੈ, ਉਸ ਪ੍ਰਭੂ ਦਾ (ਸੁਆਸ ਸੁਆਸ) ਸਿਮਰਨ ਕਰ, (ਉਹ ਤੈਥੋਂ ਕਤਈ) ਦੂਰ ਨਹੀਂ (ਹਾਜ਼ਰ ਨਾਜ਼ਰ ਹੈ)।੧।

ਜਿਸ ਪ੍ਰਭੂ ਦੇ ਨਾਲ ਹੁੰਦਿਆਂ (ਬਖ਼ਸ਼ਿਸ਼ ਸਦਕਾ) ਤੂੰ ਸਾਰੇ ਮੌਜ-ਮੇਲੇ ਮਾਣਦਾ ਹੈਂ, ਤਿਸ ਨਾਲ ਪ੍ਰੇਮ ਪਾਉਣਾ ਚਾਹੀਦਾ ਹੈ।

ਨਾਨਕ! (ਚਾਹੀਦਾ ਹੈ ਕਿ) ਉਹ ਮਾਲਕ, ਜਿਸ ਨੇ ਸੁਹਣਾ ਸਰੀਰ ਰਚਿਆ ਹੈ, (ਉਹ) ਪਲ ਭਰ ਵੀ ਮਨੋਂ ਨਾ ਵਿਸਰੇ।੨।

## ਪਉੜੀ ॥

**ਜੀਉ ਪ੍ਰਾਨ ਤਨੁ ਧਨੁ ਦੀਆ ਦੀਨੇ ਰਸ ਭੋਗ ॥**
**ਗ੍ਰਿਹ ਮੰਦਰ ਰਥ ਅਸੁ ਦੀਏ ਰਚਿ ਭਲੇ ਸੰਜੋਗ ॥**
**ਸੁਤ ਬਨਿਤਾ ਸਾਜਨ ਸੇਵਕ ਦੀਏ, ਪ੍ਰਭ ਦੇਵਨ ਜੋਗ ॥**
**ਹਰਿ ਸਿਮਰਤ ਤਨੁ ਮਨੁ ਹਰਿਆ ਲਹਿ ਜਾਹਿ ਵਿਜੋਗ ॥**
**ਸਾਧ ਸੰਗਿ ਹਰਿ ਗੁਣ ਰਮਹੁ ਬਿਨਸੇ ਸਭਿ ਰੋਗ ॥੩॥**

***ਉਚਾਰਣ :***

ਜਾਹਿ—(ਜਾਂਦੇ ਹਨ) ਅੰਤਲੇ ਸੁਰ ਦਾ ਉਚਾਰਣ ਨਾਸਕੀ।
ਗ੍ਰਿਹ—ਅਰੰਭਕ ਸਿਹਾਰੀ 'ਗ' ਅੱਖਰ ਨਾਲ ਦੁੱਤ ਕੀਤੇ 'ਹ' ਨੂੰ ਲੱਗੀ ਹੈ। ਇਸ ਦੀ ਧੁਨੀ 'ਰ' ਨਾਲ ਉਠਾਉਣੀ ਚਾਹੀਦੀ ਹੈ, ਨਾ ਕਿ 'ਹ' ਨਾਲ।

***ਪਦ ਅਰਥ :***

ਜੀਉ—ਜੀਵਾਤਮਾ। ਗ੍ਰਿਹ—ਘਰ। ਅਸੁ—ਅਸ੍ਵ, ਘੋੜੇ [ਔਂਕੜ 'ਵ' ਦਾ ਚਿੰਨ੍ਹਾਤਮਕ ਰੂਪ ਹੈ, ਇਹ ਸ਼ਬਦ 'ਅਸੁ' ਇਕ-ਵਚਨ ਅਤੇ ਬਹੁ-ਵਚਨ ਵਿਚ ਇਕੋ ਰੂਪ ਰਹਿੰਦਾ ਹੈ]। ਭਲੇ ਸੰਜੋਗ—ਸ਼ੁਭ ਭਾਗ। ਸੁਤ—ਪੁੱਤਰ। ਬਨਿਤਾ—ਇਸਤ੍ਰੀ (ਵਹੁਟੀ)। ਦੇਵਨ ਜੋਗ—ਦੇਣ ਦੇ ਸਮਰੱਥ। ਲਹਿ ਜਾਹਿ—ਲਹਿ ਜਾਂਦੇ ਹਨ। ਵਿਜੋਗ—ਵਿਛੋੜੇ ਦੇ ਦੁਖ। ਰਮਹੁ—ਰਮਣ (ਗਾਇਨ) ਕਰੋ।੩।

***ਅਰਥ :***

(ਜਿਸ ਦਾਤੇ ਨੇ) ਜੀਵਾਤਮਾ, ਪ੍ਰਾਣ, ਸਰੀਰ ਅਤੇ ਧਨ (ਦੌਲਤ) ਦਿੱਤਾ ਹੈ, ਰਸਦਾਇਕ ਪਦਾਰਥ ਦਿੱਤੇ ਹਨ;

ਘਰ, ਮਹਲ ਮਾੜੀਆਂ, ਰੱਥ ਅਤੇ ਘੋੜੇ ਦਿਤੇ ਹਨ ਅਤੇ (ਇਹਨਾਂ ਅਮੋਲਕ ਪਦਾਰਥਾਂ ਤੋਂ ਵਧਵੇਂ) ਸ਼ੁਭ ਭਾਗ ਰਚੇ ਹਨ;

(ਫਿਰ ਸਭ ਦਾਤਾਂ) ਦੇਣ ਦੇ ਸਮਰੱਥ ਜਿਸ ਪ੍ਰਭੂ ਜੀ ਨੇ ਪੁੱਤਰ, ਇਸਤ੍ਰੀ, ਸੱਜਣ-ਮਿੱਤਰ ਅਤੇ ਸੇਵਾਦਾਰ ਬਖ਼ਸ਼ੇ ਹਨ;

(ਉਸ) ਹਰੀ ਨੂੰ ਸਿਮਰਦਿਆਂ ਸਰੀਰ ਅਤੇ ਮਨ ਵੀ ਮਉਲ ਉਠਦਾ ਹੈ, (ਪ੍ਰਭੂ ਤੋਂ ਵਿਛੋੜੇ ਦੇ ਸਾਰੇ) ਦੁਖ ਦੂਰ ਹੋ ਜਾਂਦੇ ਹਨ।

ਸਾਧ ਸੰਗਤ ਵਿਚ ਜੁੜ ਕੇ ਹਰੀ-ਪ੍ਰਭੂ ਦੇ ਗੁਣ ਗਾਇਨ ਕਰੋ, (ਜਿਸ ਜਿਸ ਨੇ ਗੁਣ ਗਾਇਨ ਕੀਤੇ, ਉਸ ਉਸ ਦੇ) ਸਾਰੇ ਦੁਖ-ਰੋਗ ਨਾਸ ਹੋ ਗਏ।੩।

**ਸਲੋਕ ॥**

**ਕੁਟੰਬ ਜਤਨ ਕਰਣੰ**
**ਮਾਇਆ ਅਨੇਕ ਉਦਮਹ ॥**
**ਹਰਿ ਭਗਤਿ ਭਾਵ ਹੀਣੰ**
**ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ ॥੧॥**

**ਤੁਟੜੀਆ ਸਾ ਪ੍ਰੀਤਿ**
**ਜੋ ਲਾਈ ਬਿਅੰਨ ਸਿਉ ॥**
**ਨਾਨਕ ਸਚੀ ਰੀਤਿ**
**ਸਾਂਈ ਸੇਤੀ ਰਤਿਆ ॥੨॥**

***ਉਚਾਰਣ :***

ਉਦਮਹ, ਪ੍ਰੇਤਤਹ—ਇਹਨਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਸਿਉ (ਨਾਲ)—ਅੰਤਲੇ ਸੁਰ ਦਾ ਉਚਾਰਣ ਨਾਸਕੀ।

ਸਾਂਈ—ਪੁਰਾਤਨ ਲਿਖਣ-ਢੰਗ ਮੁਜਬ ਹੱਥ-ਲਿਖਤ ਬੀੜਾਂ ਵਿਚ ਬਿੰਦੀ 'ਈ' ਨੂੰ ਲੱਗੀ ਹੋਈ ਹੈ, ਪਰ ਛਾਪੇ ਦੀਆਂ ਬੀੜਾਂ ਅਤੇ ਸੈਂਚੀਆਂ ਵਿਚ ਗ਼ਲਤੀ ਨਾਲ ਇਹ ਬਿੰਦੀ ਵਿਚਕਾਰਲੇ 'ਾ' ਉਤੇ ਛਪ ਰਹੀ ਹੈ। ਇਸ ਦਾ ਉਚਾਰਣ ਅੰਤਲੇ ਸੁਰ ( ੀ) ਨਾਲ ਹੀ ਕਰਨਾ ਬਣਦਾ ਹੈ।

***ਪਦ ਅਰਥ :***

ਕੁਟੰਬ—ਟੱਬਰ। ਜਤਨ—ਉਪਰਾਲੇ, ਹੀਲੇ। ਕਰਣੰ—ਕਰਦੇ ਹਨ। ਉਦਮ—ਆਹਰ। ਭਗਤਿ ਭਾਵ ਹੀਣੰ—ਭਗਤੀ ਦੀ ਸ਼ਰਧਾ-ਭਾਵਨਾ ਤੋਂ ਸਖਣੇ। ਪ੍ਰਭ ਬਿਸਰਤ—ਪ੍ਰਭੂ ਨੂੰ ਭੁਲ ਜਾਣ ਕਾਰਨ। ਤੇ—ਉਹ (ਬਹੁ-ਵਚਨ)। ਪ੍ਰੇਤਤਹ—ਭੂਤ-ਪ੍ਰੇਤ।੧।

ਬਿਅੰਨ ਸਿਉ—ਦੂਜਿਆਂ (ਹੋਰਨਾਂ) ਨਾਲ। ਰੀਤਿ—ਮਰਯਾਦਾ, ਜੁਗਤੀ। ਰਤਿਆ—(ਰਤੇ+ਆ) ਜੋ ਰੰਗੇ ਹੋਏ ਹਨ, ਕਿਰਿਆ, ਬਹੁ-ਵਚਨ, ਉਚਾਰਣ ਨਾਸਕਤਾ ਰਹਿਤ।

***ਅਰਥ :***

ਆਪਣੇ ਅਤੇ ਪਰਵਾਰ (ਦੇ ਪਾਲਣ ਪੋਸਣ) ਲਈ ਕਈ ਪ੍ਰਕਾਰ ਦੇ ਉਪਰਾਲੇ ਕਰਦੇ ਹਨ ਅਤੇ ਮਾਇਆ (ਕਮਾਉਣ) ਲਈ ਨਾਨਾ ਪ੍ਰਕਾਰ ਦੇ ਆਹਰ ਕਰਦੇ ਹਨ।

ਨਾਨਕ ! ਪ੍ਰਭੂ-ਭਗਤੀ ਦੀ ਸ਼ਰਧਾ-ਭਾਵਨਾ ਤੋਂ ਸਖਣੇ (ਮਨੁੱਖ) ਜੋ ਪ੍ਰਭੂ ਨੂੰ ਭੁਲ ਜਾਂਦੇ ਹਨ, ਉਹ (ਮਨੁੱਖ ਨਹੀਂ, ਮਨੁੱਖੀ ਜਾਮੇ ਵਿਚ) ਭੂਤ-ਪ੍ਰੇਤ ਹਨ।੧।

ਜੋ ਜੋ ਪ੍ਰੀਤੀ (ਪ੍ਰਭੂ ਨੂੰ ਛਡ ਕੇ) ਹੋਰਨਾਂ ਨਾਲ ਲਾਈ, ਉਹ ਆਖ਼ਰ ਟੁਟ ਗਈ।

ਨਾਨਕ ! (ਜੋ ਮਨੁੱਖ ਆਪਣੇ) ਮਾਲਕ-ਪ੍ਰਭੂ ਨਾਲ ਰੱਤੇ (ਰਹਿੰਦੇ) ਹਨ, ਉਹਨਾਂ ਦੀ ਪ੍ਰੀਤ-ਰੀਤ ਸੱਚੀ (ਸਦਾ ਥਿਰ ਰਹਿਣ ਵਾਲੀ) ਹੈ।੨।

**ਪਉੜੀ ॥**

**ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ ॥**
**ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ ॥**
**ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ ॥**
**ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ ॥**
**ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥੪॥**

***ਉਚਾਰਣ :***

ਕਹਤੇ—ਵਿਚਕਾਰਲਾ 'ਹ' ਮੁਕਤਾਂ ਹੈ, ਇਸ ਨੂੰ 'ਹਿ' ਵਾਂਗ ਉਚਾਰਣਾ ਠੀਕ ਨਹੀਂ।

ਗ੍ਰਿਹ—ਅਰੰਭਕ ਸਿਹਾਰੀ 'ਗ' ਅੱਖਰ ਨਾਲ ਦੁੱਤ ਕੀਤੇ 'ਰ' ਨੂੰ ਲੱਗੀ ਹੈ। ਸੋ, ਇਸ ਦਾ ਉਚਾਰਣ 'ਰ' ਨਾਲ ਕੀਤੇ ਜਾਣਾ ਚਾਹੀਦਾ ਹੈ, 'ਹ' ਨਾਲ ਨਹੀਂ।

ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸੂਰ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿਤੇ ਹਨ : ਨ ਦੇਵਹੀ—ਨਹੀਂ ਦੇਂਦੇ। ਸਿਉ—ਨਾਲ। ਅਕਿਰਤਘਣਾ—ਨਾ-ਸ਼ੁਕਰਿਆਂ ਨੂੰ।

***ਪਦ ਅਰਥ :***

ਜਿਸੁ ਬਿਸਰਤ—ਜਿਸ ਦੇ ਵਿਸਰਜਨ ਹੋਣ ਨਾਲ [ਵਿਸਰਜਨ—ਵਿਛੜਨਾ, ਵਿਦਾ ਹੋਣਾ, ਕੂਚ ਕਰਨਾ]। ਭਸਮ—ਸੁਆਹ, ਮਿੱਟੀ। ਪ੍ਰੇਤੁ—ਭੂਤ। ਗ੍ਰਿਹ—ਘਰ। ਮਹਿ—ਵਿਚ। ਨ ਦੇਵਹੀ—ਨਹੀਂ ਦੇਂਦੇ, (ਕਿਰਿਆ, ਬਹੁ-ਵਚਨ)। ਸਿਉ—ਨਾਲ। ਹੇਤੁ—ਹਿਤੂ, ਪਿਆਰੇ। ਅਨਰਥ—ਵਲ ਛਲ, ਠੱਗੀ ਠੋਰੀ। ਦਰਬੁ—ਧਨ। ਸੰਚਿਆ—ਇਕੱਠਾ ਕੀਤਾ। ਕਾਰਜਿ ਕੇਤੁ—ਕਿਸ ਕੰਮ ਵਿਚ ? ਲੁਣੈ—ਵਢਦਾ ਹੈ। ਕਰਮ ਇਹੁ ਖੇਤੁ—ਇਹ (ਸਰੀਰ) ਕਰਮ-ਖੇਤ੍ਰ ਹੈ। ਅਕਿਰਤਘਣਾ—ਨਾ-ਸ਼ੁਕਰਿਆਂ ਨੂੰ, ਕੀਤੇ ਨੂੰ ਨਾ ਜਾਣਨ ਵਾਲਿਆਂ ਨੂੰ। ਜੋਨੀ ਭਰਮੇਤੁ—ਜੂਨਾਂ ਵਿਚ ਭਟਕਣਾ ਪੈਂਦਾ ਹੈ।

***ਅਰਥ :***

ਜਿਸ ਜੀਵਾਤਮਾ ਦੇ ਵਿਸਰਜਨ ਕਰ ਜਾਣ (ਵਿਦਾ ਹੋਣ) ਕਾਰਨ ਸਰੀਰ ਮਿੱਟੀ (ਦੀ ਲੋਥ) ਹੋ ਜਾਂਦਾ ਹੈ, ਸਾਰੇ (ਸਾਕ ਸਨੇਹੀ) ਭੂਤ ਭੂਤ ਆਖਦੇ (ਸਾਥ ਛੱਡ ਜਾਂਦੇ) ਹਨ।

ਜਿਨ੍ਹਾਂ (ਸਾਕ ਸੰਬੰਧੀਆਂ) ਨਾਲ (ਜੀਵਨ ਪ੍ਰਯੰਤ) ਪਿਆਰ ਪਾਈ ਰਖਿਆ ਹੈ, ਓਹੀ ਹਿਤੂ (ਮਰਨ ਮਗਰੋਂ ਸਾਰੇ ਅੱਖਾਂ ਫੇਰ ਲੈਂਦੇ ਹਨ ਅਤੇ ਮਿਰਤਕ ਸਰੀਰ ਨੂੰ) ਪਲ ਭਰ ਵੀ ਘਰ ਵਿਚ ਰਹਿਣ ਨਹੀਂ ਦਿੰਦੇ।

ਵਲ ਫ਼ਰੇਬ ਕਰ ਕਰ ਕੇ ਜੋ ਧਨ ਇਕੱਠਾ ਕੀਤਾ ਸੀ, (ਮਰਨ ਮਗਰੋਂ ਜੀਵ ਦੇ) ਉਹ ਕਿਹੜੇ ਕੰਮ ?

(ਕੁਦਰਤਿ ਦਾ ਅਟੱਲ ਨੇਮ ਹੈ) ਜਿਹੋ ਜਿਹਾ ਕੋਈ ਬੀਜਦਾ ਹੈ, ਓਹੋ ਜਿਹਾ ਹੀ (ਫਲ) ਵੱਢਦਾ ਹੈ। ਇਹ ਸਰੀਰ ਕਰਮ-ਖੇਤਰ ਹੈ (ਇਹੁ ਸਰੀਰੁ ਕਰਮ ਕੀ ਧਰਤੀ...॥—ਪੰਨਾ ੮੩੪)।

ਜਿਨ੍ਹਾਂ ਅਹਿਸਾਨ-ਫ਼ਰਾਮੋਸ਼ (ਕੀਤੇ ਨੂੰ ਭੁਲਾ ਦੇਣ ਵਾਲੇ) ਮਨੁੱਖਾਂ ਨੂੰ ਪ੍ਰਭੂ ਭੁਲ ਜਾਂਦਾ ਹੈ, ਉਨ੍ਹਾਂ ਨੂੰ ਫਿਰ ਜੂਨਾਂ ਵਿਚ ਭਟਕਣਾ ਪੈਂਦਾ ਹੈ।੪।

**ਸਲੋਕ ॥**

**ਕੋਟਿ ਦਾਨ ਇਸਨਾਨੰ**
**ਅਨਿਕ ਸੋਧਨ ਪਵਿਤ੍ਰਤਹ ॥**
**ਉਚਰੰਤਿ ਨਾਨਕ ਹਰਿ ਹਰਿ ਰਸਨਾ**
**ਸਰਬ ਪਾਪ ਬਿਮੁਚਤੇ ॥੧॥**

**ਈਧਣੁ ਕੀਤੋਮੂ ਘਣਾ**
**ਭੋਰੀ ਦਿਤੀਮੁ ਭਾਹਿ ॥**
**ਮਨਿ ਵਸੰਦੜੋ ਸਚੁ ਸਹੁ**
**ਨਾਨਕ ਹਭੇ ਡੁਖੜੇ ਉਲਾਹਿ ॥੨॥**

***ਉਚਾਰਣ :***

ਪਵਿਤ੍ਰਤਹ—ਇਸ ਸ਼ਬਦ ਦਾ ਅੰਤਲਾ 'ਹ' ਮੁਕਤਾ ਹੈ, ਸੋ ਇਸ ਦਾ ਉਚਾਰਣ ਇਸ ਦੇ ਅਸਲੀ ਰੂਪ ਅਨੁਸਾਰ ਹੀ ਕੀਤਾ ਜਾਣਾ ਚਾਹੀਦਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਈਧਣ—'ਈ' ਉਚਾਰਣ ਨਾਸਕੀ।

***ਪਦ ਅਰਥ :***

ਕੋਟਿ—ਕਰੋੜਾਂ। ਅਨਿਕ ਸੋਧਨ ਪਵਿਤ੍ਰਤਹ—ਅਨੇਕ ਸੁਧਤਾਈਆਂ ਤੇ ਪਵਿਤ੍ਰਤਾਈਆਂ। ਉਚਰੰਤਿ—ਉਚਾਰਦੇ ਹਨ। ਬਿਮੁਚਤੇ—ਕੱਟੇ ਜਾਂਦੇ ਹਨ।੧।

ਈਧਣੁ—ਬਾਲਣ। ਮੂ—ਮੈਂ। ਘਣਾ—ਬਹੁਤ ਸਾਰਾ। ਭੋਰੀ—ਰਤਾ ਕੁ। ਦਿਤੀਮੁ—ਮੈਂ ਦਿਤੀ। ਭਾਹਿ—ਅੱਗ। ਵਸੰਦੜੋ—ਵਸਦਾ ਹੈ। ਹਭੇ—ਸਾਰੇ। ਡੁਖੜੇ—ਦੁਖ। ਉਲਾਹਿ—ਦੂਰ ਕਰ ਦੇਂਦਾ ਹੈ।੨।

***ਅਰਥ :***

ਨਾਨਕ ! ਜਿਹੜੇ ਜੀਵ ਰਸਨਾ (ਜੀਭ) ਨਾਲ ਹਰੀ-ਪ੍ਰਭੂ ਦਾ ਹਰਿ ਨਾਮ ਉਚਾਰਦੇ ਰਹਿੰਦੇ ਹਨ, ਉਹਨਾਂ ਦੇ ਸਾਰੇ ਪਾਪ ਕਟੇ ਜਾਂਦੇ ਹਨ। ਇੰਜ ਕਰੋੜਾਂ ਤਰ੍ਹਾਂ ਦੇ ਦਾਨ, ਤੀਰਥ-ਇਸ਼ਨਾਨ ਅਤੇ ਨਾਨਾ ਪ੍ਰਕਾਰ ਦੀਆਂ ਸੁਧਤਾਈਆਂ ਅਤੇ ਪਵਿਤ੍ਰਤਾਈਆਂ ਸੁਤੇ ਹੀ ਹੋ ਜਾਂਦੀਆਂ ਹਨ।੧।

ਮੈਂ ਬਹੁਤ ਸਾਰਾ ਬਾਲਣ ਇਕੱਠਾ ਕੀਤਾ, ਉਸ ਨੂੰ ਮੈਂ ਰਤਾ ਕੁ ਅੱਗ ਲਾਈ (ਉਹ ਸਾਰੇ ਦਾ ਸਾਰਾ ਸੜ ਕੇ ਸੁਆਹ ਹੋ ਗਿਆ)।

(ਏਸੇ ਤਰ੍ਹਾਂ) ਨਾਨਕ ! ਜਦੋਂ ਮਨ ਵਿਚ ਸਦਾ ਥਿਰ ਰਹਿਣ ਵਾਲਾ ਮਾਲਕ-ਪ੍ਰਭੂ ਵਸ ਜਾਂਦਾ ਹੈ ਤਾਂ (ਉਹ ਪ੍ਰਭੂ) ਸਾਰੇ ਦੁਖ ਮੂਲੋਂ ਹੀ ਲਾਹ ਦੇਂਦਾ ਹੈ।੨।

## ਪਉੜੀ ॥

**ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ ॥**
**ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ ॥**
**ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ ॥**
**ਪੂਰਬਿ ਹੋਵੈ ਲਿਖਿਆ ਹਰਿ ਚਰਣ ਸਮਾਉ ॥**
**ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਬਲਿ ਜਾਉ ॥੫॥**

***ਉਚਾਰਣ :***

ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਕਰਨਾ ਚਾਹੀਦਾ ਹੈ, ਇਨ੍ਹਾਂ ਦੇ ਅਰਥ ਨਾਲ ਦਿਤੇ ਗਏ ਹਨ :

ਹੋਹਿ—ਹੋ ਜਾਂਦੇ ਹਨ। ਪਾਈਅਹਿ—ਪਾ ਲਈਦੇ ਹਨ। ਨਾਉ—ਨਾਮ। ਕਟੀਅਹਿ—ਕਟੇ ਜਾਂਦੇ ਹਨ। ਥਾਉ—ਥਾਂ। ਜਾਉ—ਮੈਂ ਜਾਂਦਾ ਹਾਂ।

***ਪਦ ਅਰਥ :***

ਕੋਟਿ—ਕਰੋੜਾਂ। ਅਘਾ—(ਉਚਾਰਣ ਨਾਸਕਤਾ ਰਹਿਤ) ਪਾਪ। ਮਨ ਚਿੰਦੇ—ਮਨ-ਇਛਤ। ਪਾਈਅਹਿ—ਪਾਈਦੇ ਹਨ। ਗਾਉ—(ਨਾਂਵ- ਕਿਰਦੰਤ, ਉਚਾਰਣ ਨਾਸਕਤਾ ਰਹਿਤ) ਗਾਇਨ। ਭੈ—ਡਰ (ਬਹੁ-ਵਚਨ)। ਕਟੀਅਹਿ—ਕਟੇ ਜਾਂਦੇ ਹਨ। ਨਿਹਚਲ—ਅਚੱਲ, ਅਟੱਲ। ਪੂਰਬਿ—ਧੁਰ ਦਰਗਾਹ ਤੋਂ।

ਸਮਾਉ—(ਨਾਉਂ-ਕਿਰਦੰਤ, ਉਚਾਰਨ ਨਾਸਕਤਾ ਰਹਿਤ) ਸਮਾਈ। ਬਲਿ ਜਾਉ—ਮੈਂ ਵਾਰਨੇ ਜਾਂਦਾ ਹਾਂ।

***ਅਰਥ :***

ਹਰੀ-ਪ੍ਰਭੂ ਦਾ ਨਾਮ ਸਿਮਰਨ ਕਰਦਿਆਂ ਕਰੋੜਾਂ ਪਾਪ, ਸਾਰੇ ਦੇ ਸਾਰੇ ਨਾਸ ਹੋ ਜਾਂਦੇ ਹਨ।

ਹਰੀ ਦੇ ਗੁਣ ਗਾਇਨ ਕਰਦਿਆਂ ਮਨ-ਇਛਤ ਫਲ ਪਾ ਲਈਦੇ ਹਨ।

ਜੰਮਣ ਤੇ ਮਰਨ ਦੇ ਡਰ ਕਟੇ ਜਾਂਦੇ ਹਨ, ਸਦਾ-ਥਿਰ ਅਚੱਲ ਟਿਕਾਣਾ ਮਿਲ ਜਾਂਦਾ ਹੈ।

ਜੇ (ਮੱਥੇ ਤੇ) ਧੁਰ ਦਰਗਾਹੋਂ ਸ਼ੁਭ ਲੇਖ ਲਿਖਿਆ ਹੋਵੇ ਤਾਂ ਪ੍ਰਭੂ ਦੇ ਚਰਨਾਂ ਵਿਚ ਸਮਾਈ ਹੁੰਦੀ ਹੈ।

ਪਉੜੀ ਦੇ ਅੰਤ ਵਿਚ 'ਨਾਨਕ' ਮੁਹਰ-ਛਾਪ ਲਾ ਕੇ ਗੁਰਦੇਵ ਬੇਨਤੀ ਕਰਦੇ ਹਨ—ਹੇ ਪ੍ਰਭੂ ! ਮੈਨੂੰ ਕਿਰਪਾ ਕਰ ਕੇ (ਆਪਣੇ ਚਰਨਾਂ ਵਿਚ) ਰਖ ਲਓ, ਮੈਂ (ਆਪ ਦੇ ਪਾਵਨ ਚਰਨ ਕਮਲਾਂ ਤੋਂ) ਕੁਰਬਾਨ ਜਾਂਦਾ ਹਾਂ।੫।

**ਸਲੋਕ ॥**

**ਗ੍ਰਿਹ ਰਚਨਾ ਅਪਾਰੰ**
**ਮਨਿ ਬਿਲਾਸ ਸੁਆਦੰ ਰਸਹ ॥**
**ਕਦਾਂਚ ਨਹ ਸਿਮਰੰਤਿ, ਨਾਨਕ**
**ਤੇ ਜੰਤ ਬਿਸਟਾ ਕ੍ਰਿਮਹ ॥੧॥**

**ਮੁਚੁ ਅਡੰਬਰੁ ਹਭੁ ਕਿਹੁ**
**ਮੰਝਿ ਮੁਹਬਤਿ ਨੇਹ ॥**
**ਸੋ ਸਾਂਈ ਜੈਂ ਵਿਸਰੈ**
**ਨਾਨਕ ਸੋ ਤਨੁ ਖੇਹ ॥੨॥**

***ਉਚਾਰਣ :***

ਰਸਹ, ਨਹ, ਕ੍ਰਿਮਹ—ਇਨ੍ਹਾਂ ਦਾ ਉਚਾਰਣ ਮੁਕਤਾ ਧੁਨੀ ਵਿਚ ਹੀ ਕਰਨਾ

ਚਾਹੀਦਾ ਹੈ, ਮੁਕਤਾ 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਸ਼ੁਧ ਨਹੀਂ।

ਸਾਂਈ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ ਹੈ। [ਨੋਟ : ਲਿਖਤੀ ਹੱਥ-ਲਿਖਤ ਬੀੜਾਂ ਵਿਚ ਬਿੰਦੀ 'ੲ' ਅੱਖਰ ਤੇ ਲਗੀ ਹੋਈ ਹੈ, ਜਿਵੇਂ ਕਿ ਪੁਰਾਤਨ ਢੰਗ ਸੀ। ਛਾਪੇ ਦੀਆਂ ਬੀੜਾਂ ਅਤੇ ਸੈਂਚੀਆਂ ਵਿਚ ਬਿੰਦੀ, ਛਾਪੇ ਦੀ ਗਲਤੀ ਕਾਰਨ 'ਾ' ਉਪਰ ਛਾਪੀ ਗਈ ਹੈ।]

ਮੁਹਬਤਿ—'ਬ' ਦਾ ਉਚਾਰਣ ਇਸ ਦੀ ਧੁਨੀ ਨੂੰ ਦੁੱਤ ਕਰ ਕੇ।

***ਪਾਠ ਭੇਦ :***

ਦੂਜੇ ਸਲੋਕ ਦੀ ਪਹਿਲੀ ਪੰਗਤੀ ਵਿਚ ਆਇਆ ਸ਼ਬਦ 'ਨੇਹ' ਦਾ ਸਰੂਪ ਛਾਪੇ ਦੀ ਬੀੜ ਵਿਚ ਏਵੇਂ ਹੀ ਹੈ, ਜਦ ਕਿ ਕਈ ਸੈਂਚੀਆਂ ਅਤੇ ਸਟੀਕਾਂ ਵਿਚ ਪਾਠ 'ਨੇਹੁ' ਛਪਦਾ ਹੈ।

***ਪਦ ਅਰਥ :***

ਗ੍ਰਿਹ—ਘਰ, ਮਹਲ ਮਾੜੀਆਂ। ਅਪਾਰੰ—ਬੇਹੱਦ, ਹਦੋਂ ਪਰੇ। ਮਨਿ—ਮਨ ਵਿਚ। ਬਿਲਾਸ—ਚਸਕੇ। ਸੁਆਦੰ ਰਸਹ—ਰਸਾਂ ਕਸਾਂ ਦੇ ਸੁਆਦ। ਕਦਾਂਚ—ਕਦੀ ਵੀ। ਤੇ—ਉਹ (ਬਹੁ-ਵਚਨ)। ਬਿਸਟਾ ਕ੍ਰਿਮਹ—ਵਿਸ਼ਟਾ (ਗੰਦਗੀ ਦੇ) ਕੀੜੇ।੧।

ਮੁਚ—ਬਹੁਤਾ। ਅਡੰਬਰੁ—ਪਸਾਰਾ, ਖਿਲਾਰਾ। ਹਭੁ ਕਿਹੁ—ਸਭ ਕਿਛ। ਮੰਝਿ—ਅੰਦਰ। ਮੁਹਬਤਿ—ਪ੍ਰੀਤ। ਨੇਹ—ਨਹੀਂ। ਸਾਂਈ—ਮਾਲਕ। ਜੈਂ—ਜਿਸ ਨੂੰ।੨।

***ਅਰਥ :***

ਭਾਵੇਂ ਘਰਾਂ (ਮਹਲ ਮਾੜੀਆਂ) ਦੀ ਉਸਾਰੀ ਹਦੋਂ ਪਰ੍ਹੇ ਕਰ ਲਈ ਜਾਵੇ ਅਤੇ ਮਨ ਉਤੇ ਰਸਾਂ ਕਸਾਂ ਦੇ ਸੁਆਦਾਂ ਦੇ ਚਸਕੇ ਸਵਾਰ ਰਹਿਣ;

ਨਾਨਕ ! ਜੋ ਕਦੀ ਵੀ ਪ੍ਰਭੂ ਦਾ ਸਿਮਰਨ ਨਹੀਂ ਕਰਦੇ, ਉਹ ਜੀਵ ਮਾਨੋ ਗੰਦਗੀ ਦੇ ਕੀੜੇ ਹਨ।੧।

ਬਹੁਤ ਵੱਡਾ ਪਦਾਰਥਕ ਪਸਾਰਾ ਹੋਵੇ ਅਤੇ ਸਭ ਕੁਝ ਪ੍ਰਾਪਤ ਹੋਵੇ, ਪਰ ਅੰਦਰ (ਪ੍ਰਭੂ ਦੀ) ਪ੍ਰੀਤ ਨਾ ਹੋਵੇ;

ਨਾਨਕ ! ਜਿਸ (ਗ਼ਾਫ਼ਲ ਜੀਵ) ਨੂੰ (ਮਾਇਕ ਪਸਾਰੇ ਵਿਚ ਖੱਚਤ ਹੋ ਕੇ) ਖਸਮ-ਪ੍ਰਭੂ ਭੁਲ ਜਾਵੇ, ਉਹ ਸਰੀਰ ਮਿੱਟੀ (ਦੀ ਲੋਥ) ਹੈ।੨।

## ਪਉੜੀ॥

**ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥**
**ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥**
**ਮਨ ਇਛੇ ਸੁਖ ਮਾਣਦਾ ਕਿਛੁ ਨਾਹੀ ਵਿਸੂਰੇ॥**
**ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥**
**ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨ ਧੀਰੇ॥੬॥**

***ਉਚਾਰਣ :***

ਗ੍ਰਿਹ—ਸਿਹਾਰੀ 'ਗ' ਅੱਖਰ ਨਾਲ ਦੁੱਤ ਕੀਤੇ 'ਰ' ਅੱਖਰ ਨੂੰ ਲਗੀ ਹੋਈ ਹੈ, ਇਸ ਦੀ ਧੁਨੀ 'ਰ' ਨਾਲ ਉਠਾਉਣੀ ਚਾਹੀਦੀ ਹੈ, ਨਾ ਕਿ 'ਹ' ਨਾਲ।
ਸਾਂਤਿ—ਵਿਚਕਾਰਲੇ 'ੱ' ਦਾ ਉਚਾਰਣ ਨਾਸਕੀ।

***ਪਦ ਅਰਥ :***

ਸੇਜ—ਵਿਛੌਣੇ। ਪੂਰੇ—ਮੁਕੰਮਲ, ਸਾਰੇ। ਗ੍ਰਿਹ ਸੋਇਨ—ਸੋਨੇ ਦੇ ਘਰ। ਸੁਗੰਧ—ਖ਼ੁਸ਼ਬੋ, ਮਹਿਕ। ਵਿਸੂਰੇ—ਝੋਰੇ। ਚਿਤਿ—ਚਿਤ ਵਿਚ। ਕੀਰੇ— ਕੀੜੇ। ਕਿਤੁ ਬਿਧਿ—ਕਿਸ ਵਿਧੀ ਨਾਲ, ਕਿਸ ਤਰ੍ਹਾਂ, ਕਿਵੇਂ ? ਮਨੁ ਧੀਰੇ—ਮਨ ਧੀਰਜ (ਦਿਲਾਸਾ) ਫੜੇ।੬।

***ਅਰਥ :***

ਸੁੰਦਰ ਅਤੇ ਸੁਖਦਾਈ ਵਿਛੌਣੇ, ਅਨੇਕ ਸੁਖ ਅਤੇ ਰਸ-ਕਸ ਭੋਗਣ ਦੇ ਸਾਰੇ ਸਾਜ-ਸਾਮਾਨ ਪ੍ਰਾਪਤ ਹੋਣ;

ਸੋਨੇ ਦੇ ਬਣੇ ਹੋਏ ਘਰ (ਮਹਲ ਮਾੜੀਆਂ) ਉਪਲਬਧ ਹੋਣ, ਜਿਨ੍ਹਾਂ ਵਿਚ ਚੰਦਨ ਦੀ ਖ਼ੁਸ਼ਬੋ (ਮਹਿਕ) ਹੋਵੇ ਅਤੇ ਮੋਤੀ ਹੀਰੇ ਜੜੇ ਹੋਣ;

ਮਨ-ਚਾਹੇ ਸੁਖ ਭੋਗਦਾ ਹੋਵੇ, ਕਿਸੇ ਕਿਸਮ ਦੇ ਚਿੰਤਾ ਝੋਰੇ ਨਾ ਹੋਣ;

(ਜੇ ਏਨੇ ਐਸ਼੍ਵਰਜ ਦੇ ਹੁੰਦਿਆਂ ਉਸ ਨੂੰ ਇਹਨਾਂ ਪਦਾਰਥਾਂ ਦਾ ਦੇਣਹਾਰ) ਉਹ ਪ੍ਰਭੂ ਹਿਰਦੇ ਵਿਚ ਯਾਦ ਨਹੀਂ ਆਉਂਦਾ ਤਾਂ ਉਹ (ਪੂੰਜੀ-ਪਤੀ) ਗੰਦਗੀ ਦੇ ਕੀੜੇ ਸਮਾਨ ਹੈ।

ਪ੍ਰਭੂ ਦੇ ਨਾਮ ਤੋਂ ਬਿਨਾਂ (ਸੰਤੋਖ ਨਹੀਂ ਆਉਂਦਾ ਅਤੇ ਸੰਤੋਖ ਬਿਨਾਂ) ਅੰਦਰ ਠੰਢ ਨਹੀਂ ਵਰਤਦੀ (ਅਤੇ ਸ਼ਾਂਤੀ ਪ੍ਰਾਪਤ ਹੋਏ ਬਿਨਾਂ) ਮਨ ਧੀਰਜ

ਕਿਵੇਂ ਕਰੇ ? ੬।

**ਸਲੋਕ ॥**

**ਚਰਨ ਕਮਲ ਬਿਰਹੰ**
**ਖੋਜੰਤ ਬੈਰਾਗੀ ਦਹ ਦਿਸਹ ॥**
**ਤਿਆਗੰਤ ਕਪਟ ਰੂਪ ਮਾਇਆ**
**ਨਾਨਕ ਆਨੰਦ ਰੂਪ ਸਾਧ ਸੰਗਮਹ ॥੧॥**

**ਮਨਿ ਸਾਂਈ ਮੁਖਿ ਉਚਰਾ**
**ਵਤਾ ਹਭੇ ਲੋਅ ॥**
**ਨਾਨਕ ਹਭਿ ਅਡੰਬਰ ਕੂੜਿਆ**
**ਸੁਣਿ ਜੀਵਾ ਸਚੀ ਸੋਇ ॥੨॥**

***ਉਚਾਰਣ :***

'ਦਹ', 'ਦਿਸਹ' ਅਤੇ 'ਸੰਗਮਹ' ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਰੂਪ ਵਿਚ ਹੈ, ਸੋ ਇਸ ਦਾ ਉਚਾਰਣ ਇਸ ਦੀ 'ਮੁਕਤਾ ਧੁਨੀ' ਵਿਚ ਹੀ ਕੀਤਾ ਜਾਣਾ ਉਚਿਤ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸੂਰ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ :

ਉਚਰਾ—ਮੈਂ ਬੋਲਦਾ ਹਾਂ। ਵਤਾ—ਮੈਂ (ਢੂੰਢਦਾ) ਫਿਰਦਾ ਹਾਂ। ਜੀਵਾ—ਮੈਂ ਜੀਊਂਦਾ ਹਾਂ। ਸਾਂਈ* (ਸਾਈਂ)—ਮਾਲਕ।

*ਨੋਟ : ਲਿਖਤੀ ਹੱਥ-ਲਿਖਤ ਬੀੜਾਂ ਵਿਚ ਬਿੰਦੀ 'ੲ' ਅੱਖਰ ਤੇ ਲਗੀ ਹੋਈ ਹੈ, ਜਿਵੇਂ ਕਿ ਪੁਰਾਤਨ ਢੰਗ ਸੀ। ਛਾਪੇ ਦੀਆਂ ਬੀੜਾਂ ਅਤੇ ਸੈਂਚੀਆਂ ਵਿਚ ਬਿੰਦੀ, ਛਾਪੇ ਦੀ ਗ਼ਲਤੀ ਕਾਰਨ, 'ਾ' ਉਪਰ ਛਾਪੀ ਗਈ ਹੈ। ਇਸ ਦਾ ਉਚਾਰਣ ਅੰਤਲੇ ਸੂਰ (ੀ) ਨਾਲ ਹੀ ਕਰਨਾ ਉਚਿਤ ਹੈ।

***ਪਦ ਅਰਥ :***

ਬਿਰਹੰ—ਵਿਜੋਗੀ, ਪ੍ਰੀਤਵਾਨ, ਪ੍ਰੇਮੀ। ਖੋਜੰਤ—ਖੋਜਦੇ ਹਨ। ਬੈਰਾਗੀ—ਵੈਰਾਗਵਾਨ (ਹੋ ਕੇ)। ਦਹ ਦਿਸਹ—ਦਸੀਂ ਪਾਸੀਂ। ਤਿਆਗੰਤ—ਛਡ ਦੇਂਦੇ ਹਨ। ਕਪਟ ਰੂਪ—ਛਲ ਰੂਪ। ਆਨੰਦ ਰੂਪ—ਅਨੰਦ ਹੀ ਅਨੰਦ। ਸਾਧ ਸੰਗਮਹ—ਸਾਧ ਸੰਗਤ।੧।

ਮਨਿ—ਮਨ ਵਿਚ। ਮੁਖਿ—ਮੂੰਹ ਨਾਲ। ਉਚਰਾ—ਮੈਂ ਬੋਲਦਾ ਹਾਂ। ਵਤਾ—ਮੈਂ ਢੂੰਢਦਾ ਫਿਰਦਾ ਹਾਂ। ਹਭੇ ਲੋਅ—ਸਾਰੇ ਲੋਕਾਂ (ਖੰਡਾਂ) ਵਿਚ। ਹਭਿ—ਸਾਰੇ। ਅਡੰਬਰ—ਪਸਾਰੇ, ਖਿਲਾਰੇ। ਕੂੜਿਆ—(ਕੂੜੇ+ਆ) ਝੂਠੇ ਹਨ (ਕਿਰਿਆ ਬਹੁ-ਵਚਨ)। ਜੀਵਾ—ਮੈਂ ਜੀਊਂਦਾ ਹਾਂ। ਸਚੀ ਸੋਇ—(ਸੱਚੇ ਪ੍ਰਭੂ ਦੀ) ਸਦਾ ਥਿਰ ਰਹਿਣ ਵਾਲੀ ਸੋਭਾ।

***ਅਰਥ :***

ਪ੍ਰਭੂ ਦੇ ਕਮਲਾਂ ਵਰਗੇ ਚਰਨਾਂ ਦੇ ਪ੍ਰੇਮੀ ਵੈਰਾਗਵਾਨ ਹੋਏ ਹੋਏ ਦਸੀਂ ਪਾਸੀਂ (ਪਿਆਰੇ ਪ੍ਰਭੂ ਨੂੰ) ਟੋਲਦੇ ਫਿਰਦੇ ਹਨ।

ਨਾਨਕ! ਉਹ (ਬਿਰਹੀ ਜੀਊੜੇ) ਛਲ ਰੂਪੀ ਮਾਇਆ (ਦੇ ਮੋਹ) ਨੂੰ ਤਿਆਗ ਛਡਦੇ ਹਨ (ਕਿਉਂ ਜੁ ਇਹ ਮਾਇਆ ਪ੍ਰਭੂ ਤੋਂ ਵਿਛੋੜਦੀ ਹੈ)। ਉਨ੍ਹਾਂ ਲਈ ਅਨੰਦ ਦੀ ਖਾਣ ਸਾਧ ਸੰਗਤ ਹੈ (ਜਿਥੋਂ ਸਤ ਚਿਤ ਅਨੰਦ ਸਰੂਪ ਪ੍ਰਭੂ ਲਭ ਪੈਂਦਾ ਹੈ)।੧।

ਮੇਰੇ ਮਨ ਵਿਚ ਮਾਲਕ (ਦਾ ਪਿਆਰ) ਹੈ, ਮੂੰਹ ਨਾਲ ਮੈਂ ਆਪਣੇ ਮਾਲਕ ਲਈ ਟੇਰ-ਪੁਕਾਰ ਕਰਦਾ ਹਾਂ ਅਤੇ ਸਾਰੇ ਜਗਤ-ਮੰਡਲਾਂ ਵਿਚ (ਉਸ ਦੀ ਢੂੰਢ-ਭਾਲ ਕਰਦਾ) ਫਿਰਦਾ ਹਾਂ।

ਨਾਨਕ! (ਜਗਤ ਦੇ) ਸਾਰੇ ਪਦਾਰਥਕ ਖਿਲਾਰੇ ਝੂਠੇ ਹਨ (ਮੇਰਾ ਮਨ ਇਨ੍ਹਾਂ ਵਿਚ ਪਤੀਜਦਾ ਨਹੀਂ)। ਮੈਂ ਸੱਚੇ ਪ੍ਰਭੂ ਦੀ ਸੱਚੀ ਸੋਭਾ ਸੁਣ ਸੁਣ ਕੇ ਜੀਅ ਉਠਦਾ ਹਾਂ।੨।

**ਪਉੜੀ ॥**

**ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥**
**ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥**
**ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ ॥**
**ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥**
**ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥੭॥**

***ਪਦ ਅਰਥ :***

ਬਸਤਾ—ਵਸਦਾ ਹੋਵੇ। ਝੁੰਪੜੀ—ਕੱਖਾਂ ਦੀ ਕੁੱਲੀ। ਚੀਰ—ਬਸਤਰ।

ਛਿੰਨਾ—ਪਾਟੇ ਹੋਏ ਹੋਣ। ਪਤਿ—ਨਸਲ, ਖ਼ਾਨਦਾਨ। ਆਦਰੋ—ਆਦਰ ਸਤਿਕਾਰ। ਉਦਿਆਨ—ਜੰਗਲ। ਭ੍ਰਮਿੰਨਾ—ਭਟਕਦਾ ਹੋਵੇ। ਇਠ—ਪਿਆਰਾ। ਸਿੰਨਾ—ਸੈਣ, ਸਨਬੰਧੀ। ਭਿੰਨਾ—ਭਿੱਜਾ ਹੋਇਆ। ਉਧਰੈ—ਬਚ ਜਾਂਦਾ ਹੈ (ਛਲ ਰੂਪ ਮਾਇਆ ਤੋਂ)।੧।

***ਅਰਥ :***

(ਭਾਵੇਂ) ਕੱਖਾਂ ਦੀ ਟੁਟੀ ਹੋਈ ਕੁੱਲੀ ਵਿਚ ਵਸਦਾ ਹੋਵੇ, ਉਸ ਦੇ ਸਾਰੇ ਕਪੜੇ ਲੀਰੋ ਲੀਰ ਹੋਏ ਪਏ ਹੋਣ;

ਉਸ ਦੀ (ਕੋਈ) ਉੱਚੀ ਨਸਲ ਜਾਂ ਜਾਤੀ ਨਾ ਹੋਵੇ, ਉਸ ਦੀ (ਕੋਈ) ਇੱਜ਼ਤ ਨਾ (ਕਰਦਾ) ਹੋਵੇ, (ਸਿਰ ਲੁਕਾਉਣ ਲਈ) ਜੰਗਲ ਬੀਆਬਾਨ ਵਿਚ ਭ੍ਰਮਣ ਕਰਦਾ ਫਿਰਦਾ ਹੋਵੇ;

ਉਸ ਦਾ ਕੋਈ ਸੱਜਣ ਜਾਂ ਸਨੇਹੀ ਨਾ ਹੋਵੇ, ਧਨ ਅਤੇ ਸੁੰਦਰਤਾ ਤੋਂ ਵੀ ਵਿਰਵਾ ਹੋਵੇ, (ਕੋਈ ਦੂਰ ਨੇੜੇ ਦਾ) ਅੰਗ ਸਾਕ ਵੀ ਨਾ ਹੋਵੇ;

ਪਰ ਜੇ ਉਸ ਦਾ ਮਨ ਪ੍ਰਭੂ ਦੇ ਨਾਮ ਵਿਚ ਭਿਜਾ (ਪਤੀਜਿਆ) ਹੋਇਆ ਹੈ ਤਾਂ ਉਹ ਮਾਨੋ ਸਾਰੀ ਸ੍ਰਿਸ਼ਟੀ (ਧਰਤੀ) ਦਾ ਪਾਤਸ਼ਾਹ ਹੈ।

ਉਸ ਦੀ ਚਰਨ-ਧੂੜੀ ਸਦਕਾ ਮਨ (ਵਿਕਾਰਾਂ ਤੋਂ) ਬਚ ਜਾਂਦਾ ਹੈ ਤੇ (ਇਸ ਦੇ ਫਲ-ਸਰੂਪ) ਪਿਆਰਾ ਪ੍ਰਭੂ ਭਲੀ ਪ੍ਰਕਾਰ ਤਰੁੱਠ ਪੈਂਦਾ ਹੈ।੭।

**ਸਲੋਕ ॥**

**ਅਨਿਕ ਲੀਲਾ ਰਾਜ ਰਸ ਰੂਪੰ**
**ਛਤ੍ਰ ਚਮਰ ਤਖਤ ਆਸਨੰ ॥**
**ਰਚੰਤਿ ਮੂੜ ਅਗਿਆਨ ਅੰਧਹ**
**ਨਾਨਕ ਸੁਪਨ ਮਨੋਰਥ ਮਾਇਆ ॥੧॥**

**ਸੁਪਨੈ ਹਭਿ ਰੰਗ ਮਾਣਿਆ**
**ਮਿਠਾ ਲਗੜਾ ਮੋਹੁ ॥**
**ਨਾਨਕ ਨਾਮ ਵਿਹੂਣੀਆ**
**ਸੁੰਦਰਿ ਮਾਇਆ ਧ੍ਰੋਹੁ ॥੨॥**

***ਉਚਾਰਣ :***

ਲੀਲਾ—ਦੂਜੇ 'ਲ' ਦਾ ਉਚਾਰਣ ਭਾਰ ਸਹਿਤ।
ਮੂੜ—'ੜ' ਦਾ ਉਚਾਰਣ ਭਾਰ ਸਹਿਤ।
ਅੰਧਹ—'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।
ਵਿਹੂਣੀਆ—(ਸਖਣੀ ਹੈ) ਉਚਾਰਣ ਨਾਸਕਤਾ ਰਹਿਤ।

***ਪਦ ਅਰਥ :***

ਲੀਲਾ—ਕਲੋਲ, ਕੌਤਕ, ਰੰਗ-ਰਲੀਆਂ। ਰਾਜ ਰਸ ਰੂਪੰ—ਰਾਜ ਦੀ ਰਸਦਾਇਕ ਅਤੇ ਸੁੰਦਰ ਅਨਿਕ ਪ੍ਰਕਾਰੀ ਲੀਲ੍ਹਾ। ਛਤ੍ਰ—ਸ਼ਾਹੀ ਛਤਰ। ਚਮਰ—ਚੌਰ। ਤਖਤ ਆਸਨੰ—ਸ਼ਾਹੀ ਤਖ਼ਤ-ਸਿੰਘਾਸਣ। ਰਚੰਤਿ—ਖੱਚਤ ਹੋ ਜਾਂਦੇ ਹਨ। ਮੂੜ—ਮੂਰਖ। ਅਗਿਆਨ—ਅਗਿਆਨੀ। ਅੰਧਹ—ਅੰਨ੍ਹੇ। ਸੁਪਨ ਮਨੋਰਥ ਮਾਇਆ—ਮਾਇਆ ਦੇ ਮਨ-ਭਾਉਂਦੇ ਪਦਾਰਥ ਸੁਪਨ ਸਮਾਨ ਖਿਨ-ਭੰਗਰ ਹਨ।੧।

ਹਭਿ ਰੰਗ ਮਾਣਿਆ—ਸਾਰੇ ਮੌਜ ਮੇਲੇ ਮਾਣੇ। ਵਿਹੂਣੀਆ—ਸਖਣੀ ਹੈ। ਸੁੰਦਰਿ—ਸੁੰਦਰੀ। ਮਾਇਆ ਧ੍ਰੋਹੁ—ਮਾਇਆ ਛਲ ਹੈ।੨।

***ਅਰਥ :***

ਮੂਰਖ, ਅਗਿਆਨੀ ਅਤੇ ਅੰਨ੍ਹੇ (ਜੀਵ) ਰਾਜ ਦੇ ਨਾਨਾ ਪ੍ਰਕਾਰੀ ਸਾਜ-ਸਾਮਾਨ; ਛਤਰ, ਚੌਰ, ਤਖ਼ਤ-ਸਿੰਘਾਸਣ ਅਤੇ ਰਾਜ ਅਨੇਕ ਰਸਦਾਇਕ ਅਤੇ ਰੂਪਵੰਤ (ਮਨਮੋਹਣੇ) ਕਲੋਲਾਂ ਵਿਚ ਖੱਚਤ ਹੋਏ ਰਹਿੰਦੇ ਹਨ। ਨਾਨਕ! ਇਹ ਮਨ ਨੂੰ ਵਚਿਲਤ ਕਰਨ (ਲਲਚਾਉਣ) ਵਾਲੇ ਮਨ-ਭਾਉਂਦੇ ਮਾਇਕੀ ਪਦਾਰਥ ਸੁਪਨੇ ਦੀ ਨਿਆਈਂ ਛਿਨ-ਭੰਗਰ ਹਨ।੧।

(ਭੁਲੜ ਜੀਵ ਨੇ) ਸੁਪਨੇ ਵਿਚ ਸਾਰੇ ਮਾਇਕੀ ਮੌਜ ਮੇਲੇ ਮਾਣੇ ਅਤੇ ਮਾਇਆ ਦਾ ਮੋਹ (ਇਸ ਦੇ ਮਨ ਨੂੰ) ਮਿੱਠਾ ਲਗਾ।

ਨਾਨਕ!(ਜਿਸ ਜਿਸ ਮਨੁੱਖ ਦੀ ਬ੍ਰਿਤੀ)ਨਾਮ ਤੋਂ ਸਖਣੀ ਹੈ, ਉਸ ਨੂੰ ਇਹ (ਬਾਹਰੋਂ) ਸੁੰਦਰ ਦਿਸਣ ਵਾਲੀ ਮਾਇਆ, ਛਲ ਹੋ ਕੇ ਵਿਆਪਦੀ ਰਹਿੰਦੀ ਹੈ।੨।

## ਪਉੜੀ ॥

**ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥**
**ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥**
**ਆਰਜਾ ਗਈ ਵਿਹਾਇ ਧੰਧੈ ਧਾਇਆ ॥**
**ਪੂਰਨ ਭਏ ਨ ਕਾਮ ਮੋਹਿਆ ਮਾਇਆ ॥**
**ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥੮॥**

***ਉਚਾਰਣ :***

ਜਾ—ਉਚਾਰਣ ਨਾਸਕੀ।

***ਪਦ ਅਰਥ :***

ਸੇਤੀ—ਨਾਲ। ਮੂਰਖਿ—ਮੂਰਖ ਨੇ। ਬਿਸਰੇ—ਵਿਸਰਜਨ ਹੋ ਗਏ, ਚਲੇ ਗਏ, ਛਾਈਂ ਮਾਈਂ ਹੋ ਗਏ। ਭਖਲਾਇਆ—ਬਰੜਾਇਆ। ਆਰਜਾ—ਉਮਰ। ਗਈ ਵਿਹਾਇ—ਬੀਤ ਗਈ। ਧੰਧੈ ਧਾਇਆ—ਧੰਧੇ ਲਈ ਭਟਕਦਾ ਰਿਹਾ। ਕਾਮ—ਕੰਮ, ਧੰਧੇ। ਮੋਹਿਆ—ਭਰਮਾਈ ਰਖਿਆ। ਜੰਤੁ—ਜੀਵ।

***ਅਰਥ :***

ਮਤ-ਹੀਣ ਜੀਵ ਨੇ ਸੁਪਨੇ ਸਮਾਨ (ਛਿਨ-ਭੰਗਰ ਸੰਸਾਰ ਅਥਵਾ ਇਸ ਦੇ ਮਾਇਕੀ ਪਦਾਰਥਾਂ) ਨਾਲ ਆਪਣੇ ਚਿਤ ਨੂੰ ਲਾ ਰਖਿਆ ਹੈ।

(ਸੁਪਨੇ ਵਿਚ ਮਾਣੇ) ਰਾਜ ਅਤੇ ਇਸ ਦੇ ਰਸ-ਭੋਗ (ਜਾਗ ਆਉਣ ਤੇ) ਜਦੋਂ ਵਿਸਰਜਨ (ਛਾਈਂ ਮਾਈਂ) ਹੋ ਗਏ ਤਾਂ ਇਹ ਭੁਲੜ ਜੀਵ ਜਾਗਦਾ ਹੋਇਆ (ਰਾਜ ਅਤੇ ਰਸ-ਭੋਗਾਂ ਦੇ ਵਿਜੋਗ ਵਿਚ) ਬਰੜਾਉਣ ਲਗ ਪਿਆ।

(ਜੀਵਨ ਪ੍ਰਯੰਤ ਜਗਤ ਦੇ ਝੂਠੇ) ਧੰਧੇ ਦੀ ਖ਼ਾਤਰ ਭਟਕਦਾ ਰਿਹਾ ਅਤੇ ਇਸ ਤਰ੍ਹਾਂ ਹੀ ਸਾਰੀ ਉਮਰ (ਅਜਾਈਂ) ਬੀਤ ਗਈ।

ਮਾਇਆ ਨੇ ਇਸ (ਭੁਲੜ ਜੀਵ) ਨੂੰ ਏਨਾ ਭਰਮਾਈ ਰਖਿਆ ਕਿ (ਜੀਵਨ ਭਰ) ਇਸ ਦੇ ਕੰਮ-ਧੰਧੇ ਪੂਰੇ ਹੋਣ ਵਿਚ ਹੀ ਨਹੀਂ ਆਏ।

ਪ੍ਰਭੂ ਨੇ ਜਦ ਆਪ (ਇਸ ਜੀਵ ਨੂੰ) ਭੁਲੇਖੇ ਵਿਚ ਪਾਇਆ ਹੋਇਆ ਹੈ ਤਾਂ (ਪ੍ਰਭੂ ਦੀ ਅਟੱਲ ਭਾਵੀ ਮੂਹਰੇ) ਇਹ ਜੀਵ ਵਿਚਾਰਾ ਕੀ ਹੈ ? (ਭਾਵ,

ਪ੍ਰਭੂ-ਭਾਵੀ ਮੂਹਰੇ ਜੀਵ ਬੇ-ਵਸ ਹੈ)।੮।

**ਸਲੋਕ ॥**

**ਬਸੰਤਿ ਸ੍ਵਰਗ ਲੋਕਹ**
**ਜਿਤਤੇ ਪ੍ਰਿਥਵੀ ਨਵ ਖੰਡਣਹ ॥**
**ਬਿਸਰੰਤ ਹਰਿ ਗੋਪਾਲਹ**
**ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥**

**ਕਉਤਕ ਕੋਡ ਤਮਾਸਿਆ**
**ਚਿਤਿ ਨ ਆਵਸੁ ਨਾਉ ॥**
**ਨਾਨਕ ਕੋੜੀ ਨਰਕ ਬਰਾਬਰੇ**
**ਉਜੜੁ ਸੋਈ ਥਾਉ ॥੨॥**

***ਉਚਾਰਣ :***

ਸ੍ਵਰਗ—ਉਚਾਰਣ 'ਸੁਅਰਗ'।
ਲੋਕਹ, ਖੰਡਣਹ, ਗੋਪਾਲਹ, ਭਰਮਣਹ—ਇਨ੍ਹਾਂ ਸਾਰੇ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।
ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸ੍ਵਰ ਦਾ ਉਚਾਰਣ ਨਾਸਕੀ ਹੈ—
ਨਾਉ (ਨਾਮ)। ਥਾਉ (ਥਾਂ)।
ਤਮਾਸਿਆ—'ਸ' ਉਚਾਰਣ ਵਿਸ਼ੇਸ਼ ਧੁਨੀ, ਅੰਤਲੇ ਸ੍ਵਰ ਦਾ ਉਚਾਰਣ ਨਾਸਕਤਾ ਬਿਨਾਂ।

***ਪਦ ਅਰਥ :***

ਬਸੰਤਿ—ਭਾਵੇਂ ਵਸਦੇ ਹੋਣ। ਸ੍ਵਰਗ ਲੋਕਹ—ਸੁਅਰਗ ਲੋਕ (ਦੇਸ਼) ਵਿਚ। ਜਿਤਤੇ—ਜਿਤ ਲੈਣ। ਪ੍ਰਿਥਵੀ ਨਵ ਖੰਡਣਹ—ਨੌਂ ਖੰਡ (ਸਮੁੱਚੀ) ਧਰਤੀ ਨੂੰ। ਬਿਸਰੰਤ—ਜੇ ਵਿਸਰ ਜਾਏ। ਗੋਪਾਲਹ—ਧਰਤੀ ਦੇ ਜੀਵਾਂ ਦਾ ਰਖਵਾਲਾ। ਉਦਿਆਨ—ਜੰਗਲ, ਉਜਾੜ। ਭਰਮਣਹ—ਭਟਕਦੇ ਫਿਰਦੇ ਹਨ।੧।

ਕਉਤਕ—ਕਲੋਲ। ਕੋਡ—(ਸਿੰਧੀ) ਖ਼ੁਸ਼ੀਆਂ। ਤਮਾਸਿਆ—ਖੇਡ ਤਮਾਸ਼ੇ। ਚਿਤਿ ਨ ਆਵਸੁ—ਜੇ ਉਸ ਨੂੰ ਚੇਤੇ ਨਹੀਂ ਆਉਂਦਾ। ਨ ਆਵਸੁ—ਉਸ ਨੂੰ ਨਹੀਂ ਆਉਂਦਾ ['ਆਵਸੁ' ਦਾ ਅੰਤਲਾ 'ਸੁ' ਅਨ-ਪੁਰਖ, ਇਕ-ਵਚਨ, ਪੁਰਖ

ਵਾਚੀ ਪੜਨਾਂਵ ਦਾ ਸੂਚਕ, ਪੜਨਾਂਵੀ ਪਿਛੇਤਰ ਹੈ]। ਕੋੜੀ—ਕ੍ਰੋੜਾਂ ਹੀ।੨।

***ਅਰਥ :***

ਭਾਵੇਂ (ਕੋਈ ਵਿਅਕਤੀ) ਸੁਅਰਗ-ਦੇਸ ਵਿਚ ਵਸਦੇ ਹੋਣ ਅਤੇ ਨੌਂ-ਖੰਡ ਧਰਤੀ ਸਾਰੀ ਜਿਤ ਲੈਣ;

ਨਾਨਕ ! ਜੇ (ਉਹਨਾਂ ਨੂੰ) ਧਰਤੀ ਦਾ ਰਖਵਾਲਾ ਪ੍ਰਭੂ ਵਿਸਰ ਜਾਏ ਤਾਂ (ਸੁਰਗ-ਨਿਵਾਸੀ ਅਤੇ ਦਿਗ ਵਿਜਈ, ਪਰ ਪ੍ਰਭੂ ਦੀ ਯਾਦ ਤੋਂ ਸਖਣੇ ਮਨੁੱਖ, ਮਾਨੋ) ਉਜਾੜ ਵਿਚ ਭਟਕਦੇ ਫਿਰਦੇ ਹਨ।੧।

(ਕੋਈ ਜੀਵ ਓਥੇ ਵਸਦਾ ਹੋਵੇ ਜਿਥੇ) ਸਾਰੇ ਮਾਇਕੀ ਕਲੋਲ, ਖ਼ੁਸ਼ੀਆਂ, ਖੇਡ-ਤਮਾਸ਼ੇ (ਉਪਲਬਧ) ਹੋਣ, ਪਰ ਓਥੇ ਉਸ ਨੂੰ (ਪ੍ਰਭੂ ਦਾ) ਨਾਮ ਚੇਤੇ ਨਾ ਆਵੇ;

ਨਾਨਕ ! (ਪ੍ਰਭੂ ਦੇ ਸਿਮਰਨ-ਭਜਨ ਤੋਂ ਸਖਣੀ) ਉਹ (ਚੋਜ-ਤਮਾਸ਼ਿਆਂ ਵਾਲੀ) ਥਾਂ ਦਰ-ਅਸਲ ਉਜੜ ਥੇਹ ਹੈ, ਜੋ ਕ੍ਰੋੜਾਂ ਨਰਕਾਂ ਦੇ ਬਰਾਬਰ (ਦੁਖਦਾਈ) ਹੈ।੨।

## ਪਉੜੀ ॥

**ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥**
**ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥**
**ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥**
**ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥**
**ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥੯॥**

***ਉਚਾਰਣ :***

ਭਇਆਨ—ਇਸ ਸ਼ਬਦ ਦਾ ਉਚਾਰਣ 'ਭਿਆਨ' ਗ਼ਲਤ ਹੈ, ਕਿਉਂਕਿ 'ਭ' ਅੱਖਰ ਮੁਕਤਾ ਹੈ।
ਸੈਤਾਨਿਆ—'ਸ' ਦਾ ਉਚਾਰਣ ਵਿਸ਼ੇਸ਼ ਧੁਨੀ।
ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ—
ਮਹਾ (ਵੱਡਾ, ਮਹਾਨ)। ਫਿਰਹਿ (ਫਿਰਦੇ ਹਨ)। ਤਾ (ਤਦੋਂ)।

***ਪਦ ਅਰਥ :***

ਮਹਾ ਭਇਆਨ—ਬੜਾ ਡਰਾਉਣਾ। ਉਦਿਆਨ—ਜੰਗਲ। ਨਗਰ—ਸ਼ਹਿਰ। ਸਮਗ੍ਰੀ—ਪਦਾਰਥਕ ਖੇਪ। ਪੇਖਿ—ਵੇਖ ਕੇ। ਕਾਮ ਕ੍ਰੋਧਿ ਅਹੰਕਾਰਿ—ਕਾਮ, ਕ੍ਰੋਧ ਅਤੇ ਹੰਕਾਰ ਦੇ ਕਾਰਨ। ਫਿਰਹਿ—ਫਿਰਦੇ ਹਨ। ਦੇਵਾਨਿਆ—ਝਲੇ, ਕਮਲੇ। ਸਿਰਿ—ਸਿਰ ਉਤੇ। ਜਮ ਡੰਡੁ—ਜਮ ਦਾ ਡੰਡਾ। ਸੈਤਾਨਿਆ—ਕੁਕਰਮੀ, ਉਪੱਦ੍ਰਵੀ।

***ਅਰਥ :***

(ਭਰਮ ਵਿਚ ਭੁਲੇ ਮਨੁੱਖਾਂ ਨੇ) ਬੜੇ ਡਰਾਉਣੇ ਉਜਾੜ ਬੀਆਬਾਨ (ਸੰਸਾਰ) ਨੂੰ ਸ਼ਹਿਰ (ਸਦਾ ਟਿਕੇ ਰਹਿਣ ਦੀ ਥਾਂ) ਕਰਕੇ ਮੰਨ ਲਿਆ ਹੈ।

ਨਾਸਵੰਤ ਪਦਾਰਥਕ ਖੇਪ (ਦੀ ਬਾਹਰਲੀ ਚਟਕ ਮਟਕ) ਵੇਖ ਕੇ, ਇਸ ਨੂੰ ਸਦਾ ਥਿਰ ਰਹਿਣ ਵਾਲੀ ਸਮਝਿਆ ਹੋਇਆ ਹੈ।

ਕਾਮ, ਕ੍ਰੋਧ ਅਤੇ ਅਹੰਕਾਰ ਦੇ ਕਾਰਨ ਜੀਵ ਪਾਗ਼ਲ ਹੋਏ ਫਿਰਦੇ ਹਨ।

ਜਦੋਂ ਸਿਰ ਉਤੇ ਜਮ ਦਾ ਡੰਡਾ ਵਜਦਾ ਹੈ, ਫਿਰ ਪਛਤਾਉਂਦੇ ਹਨ।

ਪੂਰੇ ਸਤਿਗੁਰੂ (ਦੀ ਪ੍ਰਾਪਤੀ) ਤੋਂ ਬਗ਼ੈਰ ਨਿਗੁਰਾ ਮਨੁੱਖ ਸ਼ੈਤਾਨ (ਕੁਕਰਮੀ) ਹੋਇਆ ਫਿਰਦਾ ਹੈ।੯।

**ਸਲੋਕ ॥**

**ਰਾਜ ਕਪਟੰ ਰੂਪ ਕਪਟੰ**
**ਧਨ ਕਪਟੰ ਕੁਲ ਗਰਬਤਹ ॥**
**ਸੰਚੰਤਿ ਬਿਖਿਆ ਛਲੰ ਛਿਦ੍ਰੰ**
**ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥੧॥**

**ਪੇਖੰਦੜੋ ਕੀ ਭੁਲੁ**
**ਤੁੰਮਾ ਦਿਸਮੁ ਸੋਹਣਾ ॥**
**ਅਢੁ ਨ ਲਹੰਦੜੋ ਮੁਲੁ**
**ਨਾਨਕ ਸਾਥਿ ਨ ਜੁਲਈ ਮਾਇਆ ॥੨॥**

***ਉਚਾਰਣ :***

ਗਰਬਤਹ—ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਠੀਕ ਨਹੀਂ।

***ਪਦ ਅਰਥ :***

ਕਪਟੰ—ਧੋਖਾ, ਛਲ। ਕੁਲ ਗਰਬਤਹ—ਸ੍ਰੇਸ਼ਟ ਖ਼ਾਨਦਾਨ ਦਾ ਮਾਣ। ਸੰਚੰਤਿ—ਇਕੱਠੀ ਕਰਦੇ ਹਨ। ਬਿਖਿਆ—ਜ਼ਹਿਰ ਰੂਪ ਮਾਇਆ। ਛਲੰ ਛਿਦ੍ਰੰ—ਵਲ ਛਲ ਕਰ ਕੇ।੧।

ਪੇਖੰਦੜੋ—ਵੇਖਣ ਵਾਲਾ। ਕੀ ਭੁਲੁ—ਕਿਉਂ ਭੁਲ ਗਏ ? ਦਿਸਮੁ—ਦਿਸਣ ਨੂੰ। ਤੁੰਮਾ—ਕੌੜਾ ਤੁੰਮਾ, ਇਕ ਕੌੜਾ ਫਲ। ਅਢੁ—ਦਮੜੀ ਦਾ ਅੱਧ। ਨ ਲਹੰਦੜੋ—ਨਹੀਂ ਲਭਦਾ। ਨ ਜੁਲਈ—ਨਹੀਂ ਚਲਦੀ।੨।

***ਅਰਥ :***

ਰਾਜ (ਹਕੂਮਤ ਦਾ ਮਾਣ) ਇਕ ਧੋਖਾ ਹੈ, ਰੂਪ (ਸੁੰਦਰਤਾ ਦਾ ਮਾਣ) ਵੀ ਧੋਖਾ ਹੈ, ਧਨ ਅਤੇ ਖ਼ਾਨਦਾਨ ਦਾ ਮਾਣ-ਹੰਕਾਰ ਵੀ ਧੋਖਾ ਹੀ ਹੈ।

ਨਾਨਕ ! (ਭੁਲੜ ਜੀਵ) ਵਲ ਛਲ ਕਰ ਕੇ ਜ਼ਹਿਰ-ਰੂਪ ਮਾਇਆ ਇਕੱਠੀ ਕਰਦੇ ਹਨ, ਪਰ (ਜਦੋਂ ਉਹ ਸੰਸਾਰ ਤੋਂ ਕੂਚ ਕਰਦੇ ਹਨ) ਹਰਿ ਨਾਮ ਤੋਂ ਬਗ਼ੈਰ ਕੁਝ ਭੀ ਨਾਲ ਨਹੀਂ ਚਲਦਾ।੧।

ਬੇਸ਼ਕ ਕੌੜਾ-ਤੁੰਮਾ ਦਿਸਣ ਨੂੰ ਬਹੁਤ ਸੁੰਦਰ ਲਗਦਾ ਹੈ, ਪਰ ਵੇਖਣ ਵਾਲਾ (ਕੇਵਲ ਬਾਹਰਲੀ ਸੁੰਦਰਤਾ ਉਤੇ ਹੀ) ਕਿਉਂ ਭੁਲ ਜਾਏ ? (ਇਸ ਤੁੰਮੇ ਦਾ ਤਾਂ) ਅੱਧੀ ਦਮੜੀ ਵੀ ਮੁੱਲ ਨਹੀਂ ਲਭਦਾ। ਸਲੋਕ ਦੇ ਅੰਤ ਵਿਚ 'ਨਾਨਕ' ਮੁਹਰ-ਛਾਪ ਲਾ ਕੇ ਗੁਰਦੇਵ ਉਪਦੇਸ਼ ਕਰਦੇ ਹਨ (ਤੁੰਮੇ ਵਾਂਗ ਮਾਇਆ ਵੀ ਦੇਖਣ ਨੂੰ ਬੇਸ਼ਕ ਅਤਿ ਸੁੰਦਰ ਪ੍ਰਤੀਤ ਹੁੰਦੀ ਹੈ, ਪਰ ਇਹ ਤੁੰਮੇ ਵਾਂਗ ਹੀ ਤੁਛ ਹੈ, ਕਿਉਂ ਜੁ) ਇਹ ਮਾਇਆ (ਅੰਤ ਸਮੇਂ ਜੀਵ ਦੇ) ਨਾਲ ਨਹੀਂ ਜਾਂਦੀ।੨।

**ਪਉੜੀ ॥**

**ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ ॥**
**ਤਿਸ ਕਾ ਕਹੁ ਕਿਆ ਜਤਨੁ ਜਿਸ ਤੇ ਵੰਜੀਐ ॥**

**ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨਾ ਮਨੁ ਰੰਜੀਐ ॥**
**ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ ॥**
**ਹੋਹੁ ਕ੍ਰਿਪਾਲ ਦਇਆਲ ਨਾਨਕ ਭਉ ਭੰਜੀਐ ॥੧੦॥**

***ਉਚਾਰਣ :***

ਹੇਠ ਲਿਖੇ ਸ਼ਬਦਾਂ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ—

ਚਲਦਿਆ—ਸੰਸਾਰ ਤੋਂ ਕੂਚ ਕਰਦਿਆਂ। ਕਿਉ—ਕਾਹਦੇ ਲਈ ?

***ਪਦ ਅਰਥ :***

ਸੰਜੀਐ—ਇਕੱਠੀ ਕਰੀਏ। ਤਿਸ ਕਾ—ਉਸ (ਮਾਇਆ) ਲਈ। ਜਤਨੁ—ਉਪਰਾਲਾ। ਜਿਸ ਤੇ—ਜਿਸ ਤੋਂ। ਵੰਜੀਐ—ਵੰਚਤ (ਵਾਂਝੇ) ਹੋ ਜਾਈਦਾ ਹੈ। ਹਰਿ ਬਿਸਰਿਐ—ਹਰੀ ਵਿਸਰ ਜਾਣ ਨਾਲ, ਭੁਲਿਆਂ। ਕਿਉ ਤ੍ਰਿਪਤਾਵੈ—ਕਿਵੇਂ ਰਜ ਆਵੇ ? ਨ ਰੰਜੀਐ—ਪ੍ਰਸੰਨ ਨਹੀਂ ਕੀਤਾ ਜਾ ਸਕਦਾ। ਅਨ—ਹੋਰ ਪਾਸੇ। ਨਰਕਿ—ਨਰਕ ਵਿਚ। ਸਮੰਜੀਐ—ਸਮਾਈਦਾ ਹੈ। ਭਉ ਭੰਜੀਐ—(ਆਵਾ-ਗਵਨ ਦਾ) ਡਰ ਦੂਰ ਕਰ ਦੀਜੀਏ ਜੀ।

***ਅਰਥ :***

(ਜਿਹੜੀ ਮਾਇਆ) ਸੰਸਾਰ ਤੋਂ ਕੂਚ ਕਰਦਿਆਂ ਨਾਲ ਨਹੀਂ ਚਲਦੀ, ਉਸ ਨੂੰ ਫਿਰ ਕਿਉਂ ਇਕੱਠੀ ਕਰੀਏ ?

ਭਲਾ ਦਸੋ ! ਜਿਸ (ਮਾਇਆ) ਤੋਂ ਅੰਤ ਨੂੰ ਵੰਚਤ (ਵਾਂਝੇ) ਹੋ ਜਾਈਦਾ ਹੈ, ਉਸ ਲਈ ਹੀ ਜਤਨ ਕੀਤੇ ਜਾਣੇ ਕਿਹੜੇ ਕੰਮ ?

ਹਰੀ-ਪ੍ਰਭੂ ਤੋਂ ਭੁਲਿਆਂ (ਜੀਵ) ਕਿਵੇਂ ਤ੍ਰਿਪਤ ਹੋ ਸਕਦਾ ਹੈ ? ਇਸ ਤਰ੍ਹਾਂ ਮਨ ਨੂੰ ਹਰਗਿਜ਼ ਪ੍ਰਸੰਨ ਨਹੀਂ ਕੀਤਾ ਜਾ ਸਕਦਾ।

ਪ੍ਰਭੂ ਨੂੰ ਛਡ ਕੇ (ਜੇ ਕੋਈ ਕਿਸੇ) ਹੋਰ ਪਾਸੇ ਜਾ ਲਗੇ (ਤਾਂ ਇਸ ਤਰ੍ਹਾਂ ਅੰਤ ਨੂੰ) ਨਰਕ ਵਿਚ ਹੀ ਸਮਾਈਦਾ ਹੈ।

(ਪਉੜੀ ਦੇ ਅੰਤ ਵਿਚ 'ਨਾਨਕ' ਮੁਹਰ-ਛਾਪ ਲਾ ਕੇ ਗੁਰਦੇਵ ਜੀਵ ਨੂੰ ਬੇਨਤੀ ਕਰਨ ਦਾ ਵਲ ਸਿਖਾਣ ਲਈ ਪੂਰਨਾ ਪਾਉਂਦੇ ਹਨ) ਹੇ ਪ੍ਰਭੂ ਜੀ ! ਕਿਰਪਾਲੂ ਦਿਆਲੂ ਹੋ ਕੇ ਨਾਨਕ ਦਾ (ਆਵਾ-ਗਵਨ ਦਾ) ਡਰ ਦੂਰ

ਕਰੀਏ ਜੀ।੧੦।

**ਸਲੋਕ ॥**

**ਨਚ ਰਾਜ ਸੁਖ ਮਿਸਟੰ**
**ਨਚ ਭੋਗ ਰਸ ਮਿਸਟੰ**
**ਨਚ ਮਿਸਟੰ ਸੁਖ ਮਾਇਆ ॥**
**ਮਿਸਟੰ ਸਾਧ ਸੰਗਿ ਹਰਿ ਨਾਨਕ;**
**ਦਾਸ ਮਿਸਟੰ ਪ੍ਰਭ ਦਰਸਨੰ ॥੧॥**

**ਲਗੜਾ ਸੋ ਨੇਹੁ**
**ਮੰਨ ਮਝਾਹੂ ਰਤਿਆ ॥**
**ਵਿਧੜੋ ਸਚ ਥੋਕਿ**
**ਨਾਨਕ ਮਿਠੜਾ ਸੋ ਧਣੀ ॥੨॥**

***ਉਚਾਰਣ :***

ਨਚ—'ਨ' ਨਿਸ਼ੇਧ-ਵਾਚਕ ਪਦ ਹੈ ਅਤੇ 'ਚ' ਅਵਿਐ (Participle) ਹੈ। ਇਨ੍ਹਾਂ ਦੋਹਾਂ ਦਾ ਉਚਾਰਣ ਇਕੱਠਾ ਨਹੀਂ, ਥੋੜ੍ਹਾ ਫ਼ਰਕ ਰਖ ਕੇ ਕਰਨਾ ਚਾਹੀਏ। ਨੇਹੁ—ਅੰਤਲੇ 'ਹ' ਥਲੇ ਲਗਾ ਸੁਰ ( _ ) ਵਿਆਕਰਣ ਅਨੁਸਾਰ ਇਕ-ਵਚਨ ਬੋਧਕ ਚਿੰਨ੍ਹ ਹੈ। ਇਸ ਦੀ ਆਪਣੀ ਨਿਸਚਿਤ ਹਰਸ੍ਵ ਧੁਨੀ ਹੈ, ਜੋ ਉਚਾਰਣ ਦਾ ਭਾਗ ਬਣਦੀ ਹੈ, ਪਰ ਸੂਖਮ ਰੂਪ ਵਿਚ ਹੀ, ਤਾਂ ਜੁ ਇਹ ਉਲਾਰ ਹੋ ਕੇ ਹੋੜੇ ਦੀ ਧੁਨੀ ਵਿਚ ਨਾ ਵਟੀਜੇ।

ਰਤਿਆ (ਰੰਗਿਆ ਗਿਆ)—ਉਚਾਰਣ ਨਾਸਕਤਾ ਰਹਿਤ।

ਮਝਾਹੂ (ਵਿਚ)—ਉਚਾਰਣ ਨਾਸਕੀ।

***ਪਦ ਅਰਥ :*** ਨਚ—ਨਾ ਹੀ ਹੈ। ਮਿਸਟੰ—ਮਿੱਠਾ। ਭੋਗ ਰਸ—ਭੋਗਾਂ ਦੇ ਰਸ (ਸੁਆਦ)। ਸਾਧ ਸੰਗਿ—ਸਾਧ ਸੰਗਤ ਵਿਚ। ਦਾਸ—(ਪ੍ਰਭੂ ਦੇ) ਦਾਸਾਂ ਨੂੰ।੧।

ਨੇਹੁ—ਪ੍ਰੇਮ। ਮੰਨ ਮਝਾਹੂ—ਮਨ ਅੰਦਰੋਂ, ਮਨ ਤੋਂ, ਮਨੋਂ। ਰਤਿਆ—ਰੰਗਿਆ ਗਿਆ। ਵਿਧੜੋ—ਪ੍ਰੋਤਾ ਗਿਆ। ਸਚ ਥੋਕਿ—ਸਦਾ ਥਿਰ ਨਾਮ-ਪਦਾਰਥ ਨਾਲ। ਧਣੀ—ਮਾਲਕ ਪ੍ਰਭੂ।੨।

***ਅਰਥ :***

ਨਾ ਤਾਂ ਮਿੱਠੇ ਹਨ ਰਾਜ ਦੇ ਸੁਖ, ਨਾ ਹੀ ਮਿੱਠੇ ਹਨ ਰਸੀਲੇ ਭੋਜਨਾਂ ਦੇ ਰਸ ਭੋਗ, ਅਤੇ ਨਾ ਹੀ ਮਾਇਕ ਸੁਖ ਮਿੱਠੇ ਹਨ।

ਨਾਨਕ ! ਮਿੱਠੀ ਹੈ ਹਰੀ ਦੀ ਸਾਧ ਸੰਗਤ, ਜਿਸ ਵਿਚ (ਜੁੜ ਕੇ) ਦਾਸਾਂ ਨੂੰ ਮਿੱਠੇ ਪ੍ਰਭੂ ਦੇ ਦਰਸ਼ਨ-ਦੀਦਾਰ ਹੁੰਦੇ ਹਨ।੧।

ਜਿਸ ਮਨੁੱਖ ਨੂੰ ਮਿੱਠੇ ਪ੍ਰਭੂ ਦਾ ਉਹ (ਮਿੱਠਾ) ਪਿਆਰ ਲਗ ਗਿਆ, ਉਹ ਫਿਰ ਮਨੋਂ ਤਨੋਂ (ਪ੍ਰਭੂ ਦੇ ਪ੍ਰੇਮ-ਰੰਗ ਵਿਚ) ਰੰਗਿਆ ਗਿਆ।

ਨਾਨਕ ! (ਜਿਸ ਮਨੁੱਖ ਦਾ) ਮਨ ਸਦਾ ਥਿਰ ਰਹਿਣ ਵਾਲੇ ਨਾਮ-ਪਦਾਰਥ ਵਿਚ ਪ੍ਰੋਤਾ ਗਿਆ, ਉਸ ਨੂੰ ਉਹ ਮਾਲਕ-ਪ੍ਰਭੂ ਹੀ ਮਿੱਠਾ ਲਗਦਾ ਹੈ (ਹੋਰ ਕੁਝ ਨਹੀਂ)।੨।

## ਪਉੜੀ ॥

**ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ ॥**
**ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥**
**ਅਗਿਆਨੁ ਭਰਮੁ ਦੁਖੁ ਕਟਿਆ ਗੁਰ ਭਏ ਬਸੀਠਾ ॥**
**ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ ॥**
**ਜੀਉ ਪ੍ਰਾਣ ਤਨੁ ਮਨੁ ਪ੍ਰਭੂ ਬਿਨਸੇ ਸਭਿ ਝੂਠਾ ॥੧੧॥**

***ਉਚਾਰਣ :***

ਫੀਕਿਆ—(ਫੀਕੇ+ਆ, ਫਿਕੇ ਹਨ) ਉਚਾਰਣ ਨਾਸਕਤਾ ਰਹਿਤ।

***ਪਦ ਅਰਥ :***

ਕਛੂ—ਕੁਝ ਵੀ। ਨ ਲਾਗਈ—ਨਹੀਂ ਲਗਦਾ। ਆਨ—ਹੋਰ। ਸਭਿ—ਸਾਰੇ। ਫੀਕਿਆ—ਫਿਕੇ ਹਨ। ਨਿਰਨਉ—ਨਿਰਣਾ, ਵਿਚਾਰ। ਬਸੀਠਾ—ਵਿਚੋਲੇ। ਚਰਨ ਕਮਲ—ਕਮਲ ਫੁਲ ਵਰਗੇ ਚਰਨ। ਬੇਧਿਆ—ਵਿੰਨ੍ਹਿਆ ਗਿਆ ਹੈ। ਰੰਗੁ ਮਜੀਠਾ—ਮਜੀਠ ਦਾ (ਪੱਕਾ) ਰੰਗ। ਜੀਉ—ਆਤਮਾ। ਸਭਿ ਝੂਠਾ—ਸਾਰੇ (ਮਾਇਕੀ ਪਦਾਰਥ) ਝੂਠ (ਨਾਸਵੰਤ) ਹਨ।

**ਅਰਥ :**

(ਪ੍ਰਭੂ ਦੀ ਭਗਤੀ ਕਰਨ ਵਾਲੇ) ਭਗਤਾਂ ਨੂੰ ਪ੍ਰਭੂ ਤੋਂ ਬਗ਼ੈਰ ਕੁਝ ਵੀ ਮਿੱਠਾ ਨਹੀਂ ਲਗਦਾ।

ਉਨ੍ਹਾਂ ਨੇ ਨਿਰਣਾ (ਨਿਖੇੜਾ) ਕਰ ਕੇ ਵੇਖ ਲਿਆ ਹੁੰਦਾ ਹੈ ਕਿ ਹੋਰ ਸਾਰੇ ਚਸਕੇ ਫਿਕੇ ਹਨ।

(ਕਿਉਕਿ) ਗੁਰੂ ਜੀ ਉਨ੍ਹਾਂ ਦੇ ਵਿਚੋਲੇ ਹੋ ਗਏ ਅਤੇ ਉਨ੍ਹਾਂ ਦਾ ਸੰਸਾ, ਅੰਨ੍ਹੇਰਾ ਅਤੇ ਦੁਖ ਸਾਰਾ ਕਟਿਆ ਗਿਆ।

ਉਨ੍ਹਾਂ ਦਾ ਮਨ ਪ੍ਰਭੂ ਦੇ ਕਮਲ ਵਰਗੇ ਚਰਨਾਂ ਵਿਚ ਪ੍ਰੋਤਾ (ਲੀਨ ਹੋ) ਗਿਆ, (ਫਿਰ ਵਿਛੜਦਾ ਨਹੀਂ), ਜਿਵੇਂ ਮਜੀਠ ਦਾ (ਪੱਕਾ) ਰੰਗ (ਕਪੜੇ ਤੇ ਚੜ੍ਹਿਆ ਉਤਰਦਾ ਨਹੀਂ)।

(ਉਨ੍ਹਾਂ ਵਾਸਤੇ) ਜੀਵਾਤਮਾ (ਜਿੰਦ), ਪ੍ਰਾਣ, ਤਨ ਅਤੇ ਮਨ, (ਭਾਵ, ਇਹ ਸਭ ਕੁਝ) ਪ੍ਰਭੂ ਹੀ ਹੈ, (ਪ੍ਰਭੂ ਤੋਂ ਬਗ਼ੈਰ) ਹੋਰ ਸਾਰੇ ਮਾਇਕੀ ਪਦਾਰਥ ਝੂਠੇ (ਨਾਸਵੰਤ) ਹਨ, (ਮਾਇਕੀ ਪਦਾਰਥਾਂ ਦਾ ਮੋਹ) ਉਹਨਾਂ ਦੇ ਮਨ ਤੋਂ ਨਾਸ ਹੋ ਜਾਂਦਾ ਹੈ।੧੧।

**ਸਲੋਕ ॥**

**ਤਿਅਕਤ ਜਲੰ ਨਹ ਜੀਵ ਮੀਨੰ**
**ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥**
**ਬਾਣ ਬੇਧੰਚ ਕੁਰੰਕ ਨਾਦੰ**
**ਅਲਿ ਬੰਧਨ ਕੁਸਮ ਬਾਸਨਹ ॥**
**ਚਰਨ ਕਮਲ ਰਚੰਤਿ ਸੰਤਹ**
**ਨਾਨਕ ਆਨ ਨ ਰੁਚਤੇ ॥੧॥**

**ਮੁਖੁ ਡੇਖਾਊ ਪਲਕ**
**ਛਡਿ ਆਨ ਨ ਡੇਊ ਚਿਤੁ ॥**
**ਜੀਵਣ ਸੰਗਮੁ ਤਿਸੁ ਧਣੀ**
**ਹਰਿ ਨਾਨਕ ਸੰਤਾਂ ਮਿਤੁ ॥੨॥**

***ਉਚਾਰਣ :***

ਨਹ, ਮੰਡਲਹ, ਬਾਸਨਹ, ਸੰਤਹ—ਇਨ੍ਹਾਂ ਸਾਰੇ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਦਰੁਸਤ ਨਹੀਂ।

***ਪਦ ਅਰਥ :***

ਤਿਅਕਤ—ਛਡਿਆਂ। ਮੀਨੰ—ਮੱਛੀ। ਤਿਆਗਿ—ਛਡ ਕੇ। ਚਾਤ੍ਰਿਕ—ਪਪੀਹਾ। ਮੇਘ ਮੰਡਲਹ—ਬੱਦਲਾਂ ਦੀਆਂ ਘਟਾਂ। ਬਾਣ—ਤੀਰਾਂ ਨਾਲ। ਬੇਧੰਚ—ਵਿੰਨ੍ਹਿਆ ਜਾਂਦਾ ਹੈ। ਕੁਰੰਕ—ਹਿਰਨ। ਨਾਦੰ—ਘੰਡੇ ਹੇੜੇ ਦਾ ਰਾਗ। ਅਲਿ—ਭੌਰਾ। ਬੰਧਨ—ਫਸਦਾ ਹੈ। ਕੁਸਮ ਬਾਸਨਹ—ਕਮਲ ਫੁੱਲ ਦੀ ਵਾਸ਼ਨਾ। ਰਚੰਤਿ—ਰਚੇ ਰਹਿੰਦੇ ਹਨ। ਸੰਤਹ—ਸੰਤ (ਬਹੁ-ਵਚਨ)। ਆਨ—ਕਿਸੇ ਹੋਰ ਵਿਚ। ਨ ਰੁਚਤੇ—ਇੱਛਾ ਨਹੀਂ ਕਰਦੇ।੧।

ਡੇਖਾਊ—ਜੇ ਵਿਖਾ ਦੇਵੇ। ਪਲਕ—ਅੱਖ ਫਰਕਣ ਦੇ ਸਮੇਂ ਲਈ। ਨ ਡੇਊ—ਨਹੀਂ ਦੇਵੇਗਾ। ਜੀਵਣ ਸੰਗਮੁ—ਜੀਵਨ ਦਾ ਜੋੜ। ਧਣੀ—ਮਾਲਕ-ਪ੍ਰਭੂ।੨।

***ਅਰਥ :***

ਪਾਣੀ ਨੂੰ ਛੱਡ ਕੇ ਮੱਛੀ ਜੀਊਂਦੀ ਨਹੀਂ ਰਹਿ ਸਕਦੀ, ਮੇਘ-ਮੰਡਲਾਂ (ਬੱਦਲਾਂ ਦੀਆਂ ਘਟਾਂ) ਨੂੰ ਛੱਡ ਕੇ ਪਪੀਹਾ ਨਹੀਂ ਜੀਊਂ ਸਕਦਾ।

ਨਾਦ (ਘੰਡੇ ਹੇੜੇ ਦੇ ਰਾਗ) ਦਾ ਵਿੰਨ੍ਹਿਆ (ਮੋਹਿਆ) ਹਿਰਨ (ਭਾਵੇਂ ਸ਼ਿਕਾਰੀ ਦੇ) ਤੀਰਾਂ ਨਾਲ ਵਿੰਨ੍ਹਿਆ ਜਾਂਦਾ ਹੈ (ਪਰ ਨਾਦ ਨਹੀਂ ਛਡ ਸਕਦਾ), ਕਮਲ-ਫੁੱਲ ਦੀ ਵਾਸ਼ਨਾ ਦਾ ਮੋਹਿਆ ਹੋਇਆ ਭੌਰਾ ਆਪਣੇ ਆਪ ਨੂੰ ਕਮਲ ਵਿਚ ਹੀ ਸੰਪਟ ਕਰ (ਫਸਾ) ਲੈਂਦਾ ਹੈ।

ਨਾਨਕ ! ਏਸੇ ਤਰ੍ਹਾਂ ਸੰਤ ਜਨ ਪ੍ਰਭੂ ਦੇ ਕਮਲ ਵਰਗੇ ਚਰਨਾਂ ਵਿਚ ਲੀਨ ਰਹਿੰਦੇ ਹਨ। ਉਹ (ਪ੍ਰਭੂ ਨੂੰ ਛੱਡ ਕੇ) ਕਿਸੇ ਹੋਰ ਦੀ ਰੁਚੀ (ਇਛਾ) ਨਹੀਂ ਕਰਦੇ।੧।

(ਸੱਚੇ ਸੰਤ ਦੀ ਇਹ ਸੱਚੀ ਪ੍ਰੀਤ-ਰੀਤ ਹੁੰਦੀ ਹੈ ਕਿ) ਜੇ (ਪ੍ਰਭੂ) ਇਕ ਪਲਕ ਮਾਤ੍ਰ ਸਮੇਂ ਲਈ ਮੁਖਾਰਬਿੰਦ ਵਿਖਾ ਦੇਵੇ, ਤਾਂ (ਪ੍ਰਭੂ ਨੂੰ) ਛੱਡ ਕੇ ਉਹ ਕਿਸੇ ਹੋਰ ਨੂੰ ਆਪਣਾ ਮਨ ਨਹੀਂ ਦੇਵੇਗਾ (ਭਾਵ, ਕਿਸੇ ਹੋਰ ਨਾਲ ਪ੍ਰੀਤ ਨਹੀਂ ਪਾਵੇਗਾ)।

ਨਾਨਕ ! ਹਰੀ-ਪ੍ਰਭੂ ਸੰਤਾਂ ਦਾ ਸੱਚਾ ਮਿੱਤਰ ਹੈ, (ਏਸੇ ਲਈ ਸੰਤਾਂ ਦਾ)

ਜੀਵਨ-ਜੋੜ ਉਸ ਪ੍ਰਭੂ ਨਾਲ ਹੀ ਬਣਦਾ ਹੈ।੨।

**ਪਉੜੀ ॥**

**ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥**
**ਬੂੰਦ ਵਿਹੂਣਾ ਚਾਤ੍ਰਿਕੋ ਕਿਉਕਰਿ ਤ੍ਰਿਪਤਾਵੈ ॥**
**ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥**
**ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥**
**ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥੧੨॥**

***ਉਚਾਰਣ :***

ਹੇਠ ਲਿਖੇ ਸ਼ਬਦਾਂ ਦਾ ਉਚਾਰਣ ਨਾਸਕੀ ਹੈ। ਇਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ :

ਜਿਉ—ਜਿਵੇਂ। ਕਿਉ (ਕਰਿ)—ਕਿਵੇਂ।ਤਿਉ—ਤਿਵੇਂ।

***ਪਦ ਅਰਥ :***

ਬੂੰਦ—ਬੱਦਲ ਦੀ ਸਵਾਂਤੀ ਬੂੰਦ। ਵਿਹੂਣਾ—ਸਖਣਾ। ਚਾਤ੍ਰਿਕੋ—ਪਪੀਹਾ। ਤ੍ਰਿਪਤਾਵੈ—ਰੱਜ ਸਕਦਾ ਹੈ। ਨਾਦ—ਘੰਡੇ ਹੇੜੇ ਦੀ ਅਵਾਜ਼। ਕੁਰੰਕਹਿ—ਹਿਰਨ ਨੂੰ। ਬੇਧਿਆ—ਵਿੰਨ੍ਹ (ਮੋਹ) ਲਿਆ। ਸਨਮੁਖ—ਸਾਹਮਣੇ (ਨਾਦ ਵਲ)। ਉਠਿ ਧਾਵੈ—ਉਠ ਦੌੜਦਾ ਹੈ। ਭਵਰੁ—ਭੌਰਾ। ਲੋਭੀ—ਚਾਹਵਾਨ, ਮੁਤਲਾਸ਼ੀ। ਕੁਸਮ ਬਾਸੁ ਕਾ—ਫੁੱਲ ਦੀ ਵਾਸ਼ਨਾ ਦਾ। ਆਪੁ ਬੰਧਾਵੈ—ਆਪਣੇ ਆਪ ਨੂੰ ਫਸਾ ਲੈਂਦਾ ਹੈ। ਅਘਾਵੈ—ਰੱਜ ਜਾਂਦਾ ਹੈ।

***ਅਰਥ :***

ਜਿਵੇਂ ਮੱਛੀ ਪਾਣੀ ਤੋਂ ਬਗ਼ੈਰ ਜੀਊਂਦੀ ਕਿਵੇਂ ਰਹਿ ਸਕਦੀ ਹੈ ?

ਜਿਵੇਂ ਬੱਦਲ ਦੀ ਸਵਾਂਤੀ ਬੂੰਦ ਤੋਂ ਵਾਂਝਾ ਪਪੀਹਾ ਕਿਵੇਂ ਰੱਜ ਸਕਦਾ ਹੈ ?

(ਜਿਵੇਂ) ਹਿਰਨ (ਘੰਡੇ ਹੇੜੇ ਦੀ) ਅਵਾਜ਼ ਦਾ ਮੋਹਿਆ ਹੋਇਆ (ਸ਼ਿਕਾਰੀ ਦੇ ਤੀਰਾਂ ਦੀ ਪਰਵਾਹ ਨਾ ਕਰਦਾ ਹੋਇਆ) ਸਿੱਧਾ ਅਵਾਜ਼ ਵਲ ਵਾਹੋ-ਦਾਹੀ ਉਠ ਦੌੜਦਾ ਹੈ।

(ਜਿਵੇਂ) ਕਮਲ ਫੁੱਲ ਦੀ ਸੁਗੰਧੀ ਦਾ ਮੁਤਲਾਸ਼ੀ (ਚਾਹਵਾਨ) ਭੌਰਾ (ਫੁਲ

ਨਾਲ) ਮਿਲ ਕੇ (ਸੁਗੰਧੀ ਵਿਚ ਗਲਤਾਨ ਹੋਇਆ) ਉਸ ਵਿਚ ਆਪਣੇ ਆਪ ਨੂੰ ਫਸਾ ਲੈਂਦਾ ਹੈ।

ਤਿਵੇਂ ਹੀ ਸੰਤ ਜਨਾਂ ਦੀ ਆਪਣੇ ਪ੍ਰਭੂ ਨਾਲ ਤੀਬਰ ਪ੍ਰੀਤੀ ਹੁੰਦੀ ਹੈ। (ਉਨ੍ਹਾਂ ਦਾ ਮਨ ਪ੍ਰਭੂ ਦਾ) ਦੀਦਾਰ ਕਰ ਕੇ ਰੱਜ ਜਾਂਦਾ ਹੈ।੧੨।

**ਸਲੋਕ ॥**

**ਚਿਤਵੰਤਿ ਚਰਨ ਕਮਲੰ**
**ਸਾਸਿ ਸਾਸਿ ਅਰਾਧਨਹ ॥**
**ਨਹ ਬਿਸਰੰਤਿ ਨਾਮ ਅਚੁਤ**
**ਨਾਨਕ ਆਸ ਪੂਰਨ ਪਰਮੇਸੁਰਹ ॥੧॥**

**ਸੀਤੜਾ ਮੰਨ ਮੰਝਾਹਿ**
**ਪਲਕ ਨ ਥੀਵੈ ਬਾਹਰਾ ॥**
**ਨਾਨਕ ਆਸੜੀ ਨਿਬਾਹਿ**
**ਸਦਾ ਪੇਖੰਦੋ ਸਚੁ ਧਣੀ ॥੨॥**

***ਉਚਾਰਣ :***

ਅਰਾਧਨਹ, ਨਹ, ਪਰਮੇਸੁਰਹ—ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।
ਨਿਬਾਹਿ—ਉਚਾਰਣ ਨਾਸਕਤਾ ਰਹਿਤ।

***ਪਾਠ ਭੇਦ :***

ਪਹਿਲੇ ਸਲੋਕ ਦੀ ਦੂਜੀ ਤੁਕ ਵਿਚ ਸ਼ਬਦ 'ਨਾਮ' ਦਾ ਅੰਤਲਾ 'ਮ' ਮੁਕਤਾ ਹੈ। ਲਿਖਤੀ ਬੀੜ '੫੧੨-ਰ' (ਰੈਫ਼ਰੈਂਸ ਲਾਇਬ੍ਰੇਰੀ) ਵਿਚ ਪਾਠ 'ਨਾਮੁ' ਹੈ।

***ਪਦ ਅਰਥ :***

ਚਿਤਵੰਤਿ—ਚਿਤਵਨੀ (ਧਿਆਨ) ਕਰਦੇ ਹਨ। ਸਾਸਿ ਸਾਸਿ—ਸਾਹ ਅੰਦਰ ਆਉਂਦਿਆਂ ਅਤੇ ਬਾਹਰ ਜਾਂਦਿਆਂ। ਅਰਾਧਨਹ—ਉਪਾਸ਼ਨਾ ਕਰਦੇ ਹਨ। ਨਹ ਬਿਸਰੰਤਿ ਨਾਮ—ਨਹੀਂ ਭੁਲਦੇ ਨਾਮ ਨੂੰ। ਅਚੁਤ—ਨਾ ਨਾਸ ਹੋਣ ਵਾਲਾ (ਅਬਿਨਾਸ਼ੀ) ਪ੍ਰਭੂ।੧।

ਸੀਤੜਾ—ਸੀਤਾ ਹੋਇਆ। ਮੰਨ ਮੰਝਾਹਿ—ਮਨ ਵਿਚ ਹੀ। ਪਲਕ—ਅੱਖ ਦੇ ਫੋਰ ਜਿੰਨਾ ਸਮਾਂ। ਨ ਥੀਵੈ—ਨਹੀਂ ਹੁੰਦਾ। ਬਾਹਰਾ—ਵਖਰਾ। ਆਸੜੀ—ਚੰਗੀ ਆਸ। ਨਿਬਾਹਿ—ਪੂਰੀ ਕਰਦਾ ਹੈ। ਪੇਖੰਦੋ—ਦੇਖ-ਭਾਲ ਕਰਦਾ ਹੈ। ਸਚੁ ਧਣੀ—ਸੱਚਾ ਮਾਲਕ।੨।

***ਅਰਥ :***

(ਸਤ ਪੁਰਸ਼) ਪ੍ਰਭੂ ਦੇ ਕਮਲ ਵਰਗੇ ਚਰਨਾਂ ਦੀ (ਸਦੀਵਕਾਲ) ਚਿਤਵਨੀ ਕਰਦੇ ਰਹਿੰਦੇ ਹਨ ਅਤੇ ਉਸ ਨੂੰ ਆਉਂਦੇ ਜਾਂਦੇ ਹਰੇਕ ਸਵਾਸ ਨਾਲ ਸਿਮਰਦੇ ਰਹਿੰਦੇ ਹਨ।

ਨਾਨਕ ! ਅਬਿਨਾਸ਼ੀ (ਵਾਹਿਗੁਰੂ) ਦੇ ਨਾਮ ਨੂੰ ਉਹ ਕਦੀ ਭੁਲਦੇ ਨਹੀਂ। ਪਰਮੇਸ਼ਰ ਉਨ੍ਹਾਂ ਦੀ (ਮਿਲਾਪ ਦੀ) ਮੁਰਾਦ ਪੂਰੀ ਕਰਦਾ ਹੈ।੧।

(ਸੰਤ ਜਨਾਂ ਨੇ ਵਾਹਿਗੁਰੂ ਦੇ ਨਾਮ ਨੂੰ) ਆਪਣੇ ਮਨ ਵਿਚ ਪ੍ਰੋ ਰਖਿਆ ਹੁੰਦਾ ਹੈ, (ਉਨ੍ਹਾਂ ਦਾ ਮਨ) ਅੱਖ ਦੇ ਪਲਕਾਰੇ ਜਿੰਨੇ ਸਮੇਂ ਲਈ ਵੀ (ਵਾਹਿਗੁਰੂ ਤੋਂ) ਵੱਖ ਨਹੀਂ ਹੁੰਦਾ।

ਨਾਨਕ ! (ਜਿਹੜਾ ਜੀਵ ਸਿਦਕ ਨਾਲ) ਸੱਚੇ ਮਾਲਕ ਵਲ ਵੇਖਦਾ ਰਹਿੰਦਾ ਹੈ, (ਭਾਵ, ਕੇਵਲ ਆਪਣੇ ਸੱਚੇ ਮਾਲਕ ਦੀ ਹੀ ਝਾਕ ਰਖਦਾ ਹੈ), ਸੱਚਾ ਮਾਲਕ (ਉਸ ਸਿਦਕੀ ਦੀ ਪ੍ਰਭੂ-ਮਿਲਾਪ ਦੀ) ਸ਼ੁਭ ਆਸਾ ਪੂਰੀ ਕਰਦਾ ਹੈ।੨।

## ਪਉੜੀ ॥

**ਆਸਾਵੰਤੀ ਆਸ ਗੁਸਾਈ ਪੂਰੀਐ ॥**
**ਮਿਲਿ ਗੋਪਾਲ ਗੋਬਿੰਦ ਨ ਕਬਹੂ ਝੂਰੀਐ ॥**
**ਦੇਹੁ ਦਰਸੁ ਮਨਿ ਚਾਉ ਲਹਿ ਜਾਹਿ ਵਿਸੂਰੀਐ ॥**
**ਹੋਇ ਪਵਿਤ੍ਰ ਸਰੀਰੁ ਚਰਨਾ ਧੂਰੀਐ ॥**
**ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ ॥੧੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ ਦਾ ਉਚਾਰਣ ਨਾਸਕੀ ਹੈ। ਇਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ :

ਗੁਸਾਈ—ਮਾਲਕ। ਕਬਹੂ—ਕਦੀ ਵੀ।

ਜਾਹਿ—ਜਾਂਦੇ ਹਨ। ਚਰਨਾ—ਚਰਨਾਂ ਦੀ।

***ਪਦ ਅਰਥ :***

ਆਸਾਵੰਤੀ—ਆਸ ਕਰਨ ਵਾਲੀ। ਗੁਸਾਈ—ਧਰਤੀ ਦਾ ਮਾਲਕ। ਪੂਰੀਐ—ਪੂਰੀ ਕਰੋ ਜੀ। ਗੋਪਾਲ—ਸ੍ਰਿਸ਼ਟੀ ਦੀ ਪਾਲਨਾ ਕਰਨ ਵਾਲਾ। ਗੋਬਿੰਦ—ਧਰਤੀ ਦਾ ਮਾਲਕ। ਨ ਝੂਰੀਐ—ਨਹੀਂ ਝੂਰੀਦਾ। ਮਨਿ—ਮਨ ਵਿਚ। ਜਾਹਿ—ਜਾਂਦੇ ਹਨ। ਵਿਸੂਰੀਐ—ਵਿਸੂਰੇ, ਕਲੇਸ਼।

***ਅਰਥ :***

ਹੇ ਧਰਤੀ ਦੇ ਮਾਲਕ ਪ੍ਰਭੂ ! ਦਰਸ਼ਨ ਦੀ ਆਸ ਰਖਣ ਵਾਲੀ (ਮੈਂ ਨਿਮਾਣੀ) ਦੀ ਆਸ ਪੂਰੀ ਕਰੀਏ ਜੀ।

ਹੇ ਧਰਤੀ ਦੇ ਮਾਲਕ ਤੇ ਪਾਲਕ ਪ੍ਰਭੂ ! ਮੈਨੂੰ ਆ ਮਿਲ, ਤਾਂ ਜੁ ਫਿਰ ਕਦੀ ਵੀ ਨਾ ਝੂਰੀਏ।

ਮੇਰੇ ਮਨ ਵਿਚ (ਆਪ ਦੇ ਦਰਸ਼ਨਾਂ ਦਾ) ਚਾਅ ਹੈ, ਇਸ ਲਈ ਮੈਨੂੰ ਦਰਸ਼ਨ ਬਖ਼ਸ਼ੋ, ਤਾਂ ਜੁ ਮੇਰੇ ਸਾਰੇ ਕਲੇਸ਼ ਮਿਟ ਜਾਣ।

(ਮੈਨੂੰ ਆਪਣੀ ਚਰਨ-ਧੂੜੀ ਬਖ਼ਸ਼ੋ, ਤਾਂ ਜੁ) ਆਪ ਦੇ ਚਰਨਾਂ ਦੀ ਧੂੜੀ ਨਾਲ ਮੇਰਾ ਤਨ (ਅਤੇ ਮਨ) ਪਵਿੱਤਰ ਹੋ ਜਾਏ।

ਹੇ ਪਾਰਬ੍ਰਹਮ ਪੂਰਨ ਗੁਰਦੇਵ ਜੀ ! ਮੈਨੂੰ (ਮਨ ਕਰਕੇ) ਸਦੀਵਕਾਲ ਹਜ਼ੂਰੀ ਵਿਚ ਰਖੋ ਜੀ।੧੩।

**ਸਲੋਕ ॥**

**ਰਸਨਾ ਉਚਰੰਤਿ ਨਾਮੰ**
**ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥**
**ਨਾਨਕ ਤਿਨ ਸਦ ਬਲਿਹਾਰੰ**
**ਜਿਨਾ ਧਿਆਨੁ ਪਾਰਬ੍ਰਹਮਣਹ ॥੧॥**

**ਹਭਿ ਕੂੜਾਵੇ ਕੰਮ**
**ਇਕਸੁ ਸਾਈ ਬਾਹਰੇ ॥**

## ਨਾਨਕ ਸੋਈ ਧੰਨੁ
## ਜਿਨਾ ਪਿਰਹੜੀ ਸਚ ਸਿਉ ॥੨॥

***ਉਚਾਰਣ :***

ਅੰਮ੍ਰਿਤਹ, ਪਾਰਬ੍ਰਹਮਣਹ—ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਜਿਨਾ—'ਨ' ਉਚਾਰਣ ਭਾਰ ਸਹਿਤ।

ਹੇਠ ਲਿਖੇ ਸ਼ਬਦਾਂ ਦਾ ਉਚਾਰਣ ਨਾਸਕੀ ਹੈ। ਇਨ੍ਹਾਂ ਦੇ ਅਰਥ ਨਾਲ ਦਿਤੇ ਗਏ ਹਨ :

ਜਿਨਾ—ਜਿਨ੍ਹਾਂ ਦਾ। ਸਾਈ—ਮਾਲਕ।

ਇਕਸੁ—ਜੁੜਤ ਪਦ ਦਾ ਉਚਾਰਣ ਕਰਨਾ ਚਾਹੀਏ। 'ਇਕ ਸੁ' ਉਚਾਰਣ ਠੀਕ ਨਹੀਂ।

ਅਜਿਹੇ ਹੋਰ ਪੜਨਾਂਵ/ਪੜਨਾਂਵੀ ਵਿਸ਼ੇਸ਼ਣ ਹਨ—ਸਭਸੁ, ਹੋਰਸੁ, ਆਪਸੁ।

***ਪਦ ਅਰਥ :***

ਰਸਨਾ—ਜੀਭ ਨਾਲ। ਉਚਰੰਤਿ—ਬੋਲਦੇ ਹਨ। ਸ੍ਰਵਣੰ—ਕੰਨਾਂ ਨਾਲ। ਸੁਨੰਤਿ—ਸੁਣਦੇ ਹਨ। ਸਬਦ ਅੰਮ੍ਰਿਤਹ—ਮਿੱਠਾ ਅਤੇ ਅਮਰ ਕਰਨ ਵਾਲਾ ਗੁਰ-ਸ਼ਬਦ। ਬਲਿਹਾਰੰ—ਕੁਰਬਾਨ।੧।

ਹਭਿ—ਸਾਰੇ। ਕੂੜਾਵੇ—ਝੂਠੇ, ਨਿਕੰਮੇ, ਵਿਅਰਥ। ਇਕਸੁ ਸਾਈ ਬਾਹਰੇ—ਇਕ ਮਾਲਕ ਪ੍ਰਭੂ (ਦੀ ਪ੍ਰੀਤ) ਤੋਂ ਬਗ਼ੈਰ। ਧੰਨੁ—ਧੰਨਤਾ ਜੋਗ। ਪਿਰਹੜੀ—ਪ੍ਰੀਤੀ। ਸਚ ਸਿਉ—ਸਦਾ ਥਿਰ ਪ੍ਰਭੂ ਦੇ ਨਾਮ ਨਾਲ।੨।

***ਅਰਥ :***

(ਜਿਹੜੇ ਸੁਭਾਗੇ ਮਨੁੱਖ) ਰਸਨਾ ਨਾਲ ਨਿਰੰਤਰ ਨਾਮ ਉਚਾਰਦੇ ਰਹਿੰਦੇ ਹਨ ਅਤੇ ਕੰਨਾਂ ਨਾਲ ਮਿੱਠਾ ਅਤੇ ਅਮਰ ਕਰਨ ਵਾਲਾ ਗੁਰ-ਸ਼ਬਦ (ਗੁਰ-ਉਪਦੇਸ਼) ਸੁਣਦੇ ਰਹਿੰਦੇ ਹਨ;

ਨਾਨਕ ! ਜਿਨ੍ਹਾਂ ਜੀਵਾਂ ਦਾ ਧਿਆਨ ਸਦਾ ਪਾਰਬ੍ਰਹਮ ਵਿਚ ਜੁੜਿਆ ਰਹਿੰਦਾ ਹੈ ਉਨ੍ਹਾਂ ਤੋਂ ਸਦਾ ਸਦਕੇ ! ।੧।

ਇਕ ਮਾਲਕ-ਪ੍ਰਭੂ (ਦੀ ਪ੍ਰੀਤੀ) ਤੋਂ ਬਗ਼ੈਰ ਹੋਰ ਸਾਰੇ ਕੰਮ ਝੂਠੇ ਅਥਵਾ ਵਿਅਰਥ ਹਨ।

ਨਾਨਕ! ਧੰਨਤਾ ਜੋਗ ਉਹ ਮਨੁੱਖ ਹਨ ਜਿਨ੍ਹਾਂ ਦੀ ਪ੍ਰੀਤ ਕੇਵਲ (ਸੱਚੇ ਪ੍ਰਭੂ ਦੇ) ਸੱਚੇ ਨਾਮ ਨਾਲ ਲਗੀ ਰਹਿੰਦੀ ਹੈ।੨।

**ਪਉੜੀ॥**

**ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ॥**
**ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ॥**
**ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥**
**ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ॥**
**ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ॥੧੪॥**

***ਉਚਾਰਣ :***

ਹੇਠ ਲਿਖੇ ਸ਼ਬਦਾਂ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ:

ਤਿਨਾ—ਤਿਨ੍ਹਾਂ ਤੋਂ ('ਨ' ਦਾ ਉਚਾਰਣ ਭਾਰਾ)। ਨਿਵਾਵਹਿ—ਨਿਵਾਉਂਦੇ ਹਨ। ਲਿਖਹਿ—ਲਿਖਦੇ ਹਨ। ਸੋਹਹਿ—ਸੋਭਦੇ ਹਨ। ਚਾਲਹਿ—ਚਲਦੇ ਹਨ। ਸਿਉ—ਨਾਲ।

***ਪਦ ਅਰਥ :***

ਜਿ—ਜਿਹੜੇ (ਜੀਵ)। ਹਰਿ ਕਥਾ—ਪ੍ਰਭੂ ਦੀ ਕਹਾਣੀ (ਸਿਫ਼ਤ-ਸਲਾਹ)। ਪਰਧਾਨ—ਸ਼੍ਰੋਮਣੀ। ਪੁਨੀਤ—ਪਵਿੱਤਰ। ਪ੍ਰਭ ਪਥਾ—ਪ੍ਰਭੂ ਦੇ ਮਾਰਗ ਤੇ। ਸੰਗਿ—ਸੰਗਤ। ਸੰਤਾਂ—ਸਤਿ-ਪੁਰਸ਼ਾਂ। ਉਧਾਰੁ—ਪਾਰ-ਉਤਾਰਾ।

***ਅਰਥ :***

ਉਨ੍ਹਾਂ ਤੋਂ ਸਦਾ ਕੁਰਬਾਨ! ਜੋ ਪ੍ਰਭੂ ਦੀ ਸਿਫ਼ਤ-ਸਲਾਹ ਸੁਣਦੇ ਰਹਿੰਦੇ ਹਨ।

ਉਹ ਪੂਰੇ ਹਨ, ਸ਼੍ਰੋਮਣੀ ਹਨ, ਜੋ ਪ੍ਰਭੂ (ਦੇ ਚਰਨਾਂ) ਮੂਹਰੇ ਸਿਰ ਨਿੰਵਾਂਦੇ ਹਨ।

ਉਹ ਹੱਥ ਸ਼ੋਭਨੀਕ ਹਨ, ਜੋ ਬੇਅੰਤ ਪ੍ਰਭੂ ਦੀ ਸਿਫ਼ਤ-ਸਲਾਹ ਲਿਖਦੇ ਰਹਿੰਦੇ ਹਨ। ਚਰਨ ਉਹ ਪਾਕ ਪਵਿੱਤਰ ਹਨ, ਜੋ ਪ੍ਰਭੂ ਦੇ (ਦੱਸੇ) ਮਾਰਗ ਤੇ ਚਲਦੇ ਹਨ।

(ਅਜਿਹੀ ਜੀਵਨ-ਜੁਗਤਿ ਵਾਲੇ) ਸਤਿ-ਪੁਰਸ਼ਾਂ ਦੀ ਸੰਗਤ ਵਿਚ ਜਗਿਆਸੂ

ਦਾ ਪਾਰ-ਉਤਾਰਾ ਹੋ ਜਾਂਦਾ ਹੈ ਅਤੇ (ਜਨਮ ਮਰਨ ਦਾ) ਸਾਰਾ ਦੁਖ ਦੂਰ ਹੋ ਜਾਂਦਾ ਹੈ।੧੪।

**ਸਲੋਕ ॥**

**ਭਾਵੀ ਉਦੋਤ ਕਰਣੰ**
**ਹਰਿ ਰਮਣੰ ਸੰਜੋਗ ਪੂਰਨਹ ॥**
**ਗੋਪਾਲ ਦਰਸ ਭੇਟੰ**
**ਸਫਲ ਨਾਨਕ ਸੋ ਮਹੂਰਤਹ ॥੧॥**

**ਕੀਮ ਨ ਸਕਾ ਪਾਇ**
**ਸੁਖ ਮਿਤੀ ਹੂ ਬਾਹਰੇ ॥**
**ਨਾਨਕ ਸਾ ਵੇਲੜੀ ਪਰਵਾਣੁ**
**ਜਿਤੁ ਮਿਲੰਦੜੋ ਮਾ ਪਿਰੀ ॥੨॥**

***ਉਚਾਰਣ :***

ਪੂਰਨਹ, ਮਹੂਰਤਹ—ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।
ਨ ਸਕਾ—(ਮੈਂ ਨਹੀਂ ਸਕਦਾ) ਅੰਤਲੇ ਕੰਨੇ ਦਾ ਉਚਾਰਣ ਨਾਸਕੀ।
ਹੂ—ਉਚਾਰਣ ਨਾਸਕੀ।

***ਪਦ ਅਰਥ :***

ਭਾਵੀ—ਹੋਣਹਾਰ, ਪ੍ਰਾਲਬਧ। ਉਦੋਤ ਕਰਣੰ—ਪ੍ਰਕਾਸ਼ ਕਰਦੀ ਹੈ, ਉਘੜਦੀ ਹੈ। ਹਰਿ ਰਮਣੰ—ਰਮਣ-ਸ਼ੀਲ ਹਰੀ। ਸੰਜੋਗ ਪੂਰਨਹ—ਪੂਰਨ ਸੰਜੋਗ (ਜੋੜ)। ਦਰਸ ਭੇਟੰ—ਦੀਦਾਰ ਪ੍ਰਾਪਤ ਹੁੰਦਾ ਹੈ। ਮਹੂਰਤਹ—ਘੜੀ, ਸਮਾਂ।੧।

ਕੀਮ—ਕੀਮਤ, ਮੁੱਲ। ਮਿਤੀ ਹੂ ਬਾਹਰੇ—ਮਿਣਤੀ (ਅੰਦਾਜ਼ੇ) ਤੋਂ ਪਰ੍ਹੇ। ਵੇਲੜੀ—ਘੜੀ, ਸਮਾਂ। ਪਰਵਾਣੁ—ਸਫਲ। ਜਿਤੁ—ਜਿਸ ਵਿਚ। ਮਿਲੰਦੜੋ—ਮਿਲਦਾ ਹੈ। ਮਾ ਪਿਰੀ—ਮੇਰਾ ਪਿਆਰਾ।੨।

***ਅਰਥ :***

ਭਾਵੀ (ਪ੍ਰਾਲਬਧ) ਜਦੋਂ ਉਦੈ ਹੁੰਦੀ (ਉਘੜਦੀ) ਹੈ ਤਾਂ ਰਮਣ-ਸ਼ੀਲ ਹਰੀ

ਨਾਲ ਪੂਰਨ ਸੰਜੋਗ (ਜੋੜ) ਜੁੜਦਾ ਹੈ।

ਨਾਨਕ ! ਉਹ ਮਹੂਰਤ (ਸਮਾਂ) ਭਲਾ ਹੈ, ਜਦੋਂ ਧਰਤੀ ਦੇ ਰਾਖੇ ਗੋਪਾਲ-ਪ੍ਰਭੂ ਦਾ ਦੀਦਾਰ ਪ੍ਰਾਪਤ ਹੁੰਦਾ ਹੈ।੧।

ਨਾਨਕ ! ਉਹ ਸੁਲੱਖਣੀ ਘੜੀ ਲੇਖੇ ਲਗਦੀ ਹੈ ਜਦੋਂ ਮੇਰਾ ਪਿਆਰਾ ਪ੍ਰਭੂ ਮੈਨੂੰ ਆ ਮਿਲਦਾ ਹੈ।

(ਪ੍ਰੀਤਮ-ਮਿਲਾਪ ਵਾਲੀ) ਉਸ ਮੁਬਾਰਕ ਘੜੀ ਦੀ ਕੀਮਤ ਮੈਂ ਪਾ ਹੀ ਨਹੀਂ ਸਕਦਾ, ਉਸ ਸਮੇਂ ਗਿਣਤੀ ਤੋਂ ਪਰ੍ਹੇ (ਅਮਿਣਵੇਂ, ਬੇਅੰਤ) ਸੁਖ ਪ੍ਰਾਪਤ ਹੋ ਜਾਂਦੇ ਹਨ।੨।

## ਪਉੜੀ ॥

**ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭ ਕਉ ਪਾਈ ॥**
**ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ ਮਿਲੈ ਗੁਸਾਈ ॥**
**ਆਠ ਪਹਰ ਹਰਿ ਧਿਆਇ ਕੈ ਮਨ ਇਛ ਪੁਜਾਈ ॥**
**ਵਡੈ ਭਾਗਿ ਸਤਸੰਗੁ ਹੋਇ ਨਿਵਿ ਲਾਗਾ ਪਾਈ ॥**
**ਮਨਿ ਦਰਸਨ ਕੀ ਪਿਆਸ ਹੈ ਨਾਨਕ ਬਲਿ ਜਾਈ ॥੧੫॥**

***ਉਚਾਰਣ :***

ਹੇਠ ਲਿਖੇ ਸ਼ਬਦਾਂ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ :

ਪਾਈ—ਮੈਂ ਪਾਵਾਂ। ਗੁਸਾਈ—ਧਰਤੀ ਦਾ ਮਾਲਕ। ਪੁਜਾਈ—ਮੈਂ ਪੂਰੀ ਕਰਾਂ। ਪਾਈ—ਚਰਨੀਂ। ਜਾਈ—ਮੈਂ ਜਾਵਾਂ। ਲਾਗਾ—ਮੈਂ ਲਗਾਂ।

***ਪਦ ਅਰਥ :***

ਵੇਲਾ—(ਇਸਤ੍ਰੀ ਲਿੰਗ) ਘੜੀ, ਸਮਾਂ। ਜਿਤੁ—ਜਿਸ ਸਮੇਂ। ਮੂਰਤੁ—ਮਹੂਰਤ, ਸਮਾਂ। ਸੰਜੋਗੁ—ਮਿਲਾਪ ਦਾ ਸਮਾਂ। ਗੁਸਾਈ—ਮਾਲਕ-ਪ੍ਰਭੂ। ਇਛ ਪੁਜਾਈ—ਮੈਂ ਇਛਾ ਪੂਰੀ ਕਰ ਲਵਾਂ। ਵਡੈ ਭਾਗਿ—ਵਡੇ ਭਾਗ ਨਾਲ। ਨਿਵਿ—ਨਿਉਂ ਕੇ। ਪਾਈ—ਚਰਨੀਂ। ਮਨਿ—ਮਨ ਵਿਚ। ਬਲਿ ਜਾਈ—ਬਲ ਜਾਂਦਾ ਹਾਂ।

***ਅਰਥ :***

ਦਸੋ ! ਭਲਾ ਉਹ ਕਿਹੜਾ ਸੁਹਾਵਣਾ ਸਮਾਂ ਹੋਵੇ ਜਦੋਂ ਮੈਂ ਆਪਣੇ ਪਿਆਰੇ

ਪ੍ਰਭੂ ਨੂੰ ਪ੍ਰਾਪਤ ਕਰ ਲਵਾਂ।

ਉਹ ਮਿਲਾਪ ਦਾ ਮਹੂਰਤ ਭਲਾ ਹੈ, ਜਦੋਂ ਧਰਤੀ ਦਾ ਮਾਲਕ ਮਿਲ ਪਵੇ।

(ਮੇਰੀ ਤੀਬਰ ਰੀਝ ਹੈ) ਅਠੇ ਪਹਿਰ ਉਸ ਪ੍ਰਭੂ ਦਾ ਧਿਆਨ ਧਰ ਕੇ ਮੈਂ ਆਪਣੇ ਮਨ (ਦੀ ਪ੍ਰਭੂ-ਮਿਲਾਪ) ਦੀ ਸੱਧਰ ਪੂਰੀ ਕਰ ਲਵਾਂ।

ਜੇ ਕਿਧਰੇ ਮੇਰੀ ਚੰਗੀ ਕਿਸਮਤ ਨੂੰ ਸਤਿਸੰਗ ਪ੍ਰਾਪਤ ਹੋ ਜਾਵੇ ਤਾਂ ਮੈਂ ਨਿਉਂ ਨਿਉਂ ਕੇ (ਸਤਸੰਗੀਆਂ ਦੇ) ਚਰਨੀਂ ਲਗਾਂ (ਅਤੇ ਸਨਿਮਰ ਬੇਨਤੀ ਕਰਾਂ ਕਿ ਮੈਨੂੰ ਮੇਰਾ ਪਿਆਰਾ ਮਿਲਾ ਦੇਵੋ)।

ਮੇਰੇ ਮਨ ਵਿਚ ਪ੍ਰਭੂ-ਦਰਸ਼ਨ ਦੀ ਤੀਬਰ ਤਾਂਘ ਹੈ, ਮੈਂ ਉਸ ਤੋਂ ਸਦਾ ਸਦਕੇ ਜਾਂਦਾ ਹਾਂ।੧੫।

**ਸਲੋਕ ॥**

**ਪਤਿਤ ਪੁਨੀਤ ਗੋਬਿੰਦਹ**
**ਸਰਬ ਦੋਖ ਨਿਵਾਰਣਹ ॥**
**ਸਰਣਿ ਸੂਰ ਭਗਵਾਨਹ**
**ਜਪੰਤਿ ਨਾਨਕ ਹਰਿ ਹਰਿ ਹਰੇ ॥੧॥**

**ਛਡਿਓ ਹਭੁ ਆਪੁ**
**ਲਗੜੋ ਚਰਣਾ ਪਾਸਿ ॥**
**ਨਠੜੋ ਦੁਖ ਤਾਪੁ**
**ਨਾਨਕ ਪ੍ਰਭੁ ਪੇਖੰਦਿਆ ॥੨॥**

***ਉਚਾਰਣ :***

ਗੋਬਿੰਦਹ, ਨਿਵਾਰਣਹ, ਭਗਵਾਨਹ—ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਪੇਖੰਦਿਆ—(ਵੇਖਦਿਆਂ ਹੀ—ਵਰਤਮਾਨ ਕਿਰਦੰਤ) ਅੰਤਲੇ ਸੁਰ (ਾ) ਦਾ ਉਚਾਰਣ ਨਾਸਕੀ ਕਰਨਾ ਬਣਦਾ ਹੈ।

ਚਰਣਾ—(ਬਹੁ-ਵਚਨ ਨਾਂਵ) ਉਚਾਰਣ ਨਾਸਕੀ।

*ਪਦ ਅਰਥ :*

ਪਤਿਤ ਪੁਨੀਤ—ਕਰਮ ਧਰਮ ਤੋਂ ਡਿਗੇ ਹੋਏ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ। ਗੋਬਿੰਦਹ—ਗੋਬਿੰਦ, ਧਰਤੀ ਦਾ ਮਾਲਕ-ਪ੍ਰਭੂ। ਸਰਬ ਦੋਖ—ਸਾਰੇ ਐਬ। ਨਿਵਾਰਣਹ—ਦੂਰ ਕਰਨ ਵਾਲਾ। ਸਰਣਿ ਸੂਰ—ਸ਼ਰਨ ਦਾ ਸੂਰਮਾ, ਸ਼ਰਨ ਆਏ ਦੀ ਲਾਜ ਪਾਲਣ ਦੇ ਸਮਰੱਥ। ਭਗਵਾਨਹ—ਪ੍ਰਭੂ। ਜਪੰਤਿ— ਜਪਦੇ ਹਨ।੧।

ਹਭੁ ਆਪੁ—ਸਾਰਾ ਆਪਾ (ਹੰਗਤਾ) ਭਾਵ। ਨਠੜੋ—ਨੱਸ ਗਿਆ। ਦੁਖ ਤਾਪੁ—ਦੁਖ-ਕਲੇਸ਼। ਪੇਖੰਦਿਆ—ਵੇਖਦਿਆਂ ਹੀ।੨।

*ਅਰਥ :*

ਗੋਬਿੰਦ-ਪ੍ਰਭੂ ਕਰਮ ਧਰਮ ਤੋਂ ਡਿਗੇ ਹੋਏ ਵਿਕਾਰੀ ਮਨੁੱਖਾਂ ਨੂੰ ਪਵਿੱਤਰ ਕਰਨ ਵਾਲਾ ਹੈ ਅਤੇ ਉਨ੍ਹਾਂ ਦੇ ਸਾਰੇ ਐਬ (ਕਲੰਕ) ਦੂਰ ਕਰਨ ਵਾਲਾ ਹੈ।

ਨਾਨਕ ! ਭਗਵਾਨ-ਪ੍ਰਭੂ ਸ਼ਰਨ ਦਾ ਸੂਰਮਾ ਹੈ, ਭਾਵ, ਸ਼ਰਨ ਆਇਆਂ ਦੀ ਲਾਜ ਰੱਖਣ ਦੇ ਸਮਰੱਥ ਹੈ, (ਸ਼ਰਨ ਲੈਣ ਦੇ ਚਾਹਵਾਨ ਜੀਵ) ਸਦਾ ਉਸ ਦਾ ਸਿਮਰਨ ਕਰਦੇ ਰਹਿੰਦੇ ਹਨ।੧।

ਜਿਸ ਜਿਸ ਮਨੁੱਖ ਨੇ ਆਪਣਾ ਸਾਰਾ ਆਪਾ (ਹੰਗਤਾ-ਭਾਵ) ਛੱਡ ਦਿੱਤਾ ਅਤੇ ਪ੍ਰਭੂ ਦੇ ਚਰਨ ਕਮਲਾਂ ਨਾਲ ਆ ਲਪਟਿਆ;

ਨਾਨਕ ! ਪ੍ਰਭੂ ਨੂੰ ਵੇਖਦਿਆਂ ਹੀ ਉਸ ਦਾ ਸਾਰਾ ਦੁਖ-ਕਲੇਸ਼ ਨੱਸ ਗਿਆ।੨।

## ਪਉੜੀ ॥

**ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ ॥**
**ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥**
**ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ ॥**
**ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ ॥**
**ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ ॥੧੬॥**

*ਉਚਾਰਣ :*

ਦੁਆਰਿਆ—ਅੰਤਲੇ ਸੂਰ 'ਾ' ਦਾ ਉਚਾਰਣ ਨਾਸਕਤਾ ਰਹਿਤ।

***ਪਦ ਅਰਥ :***

ਦਇਆਲ—ਹੇ ਦਇਆ ਦੇ ਘਰ! ਢਹਿ ਪਏ—ਮੈਨੂੰ ਆ ਡਿੱਗੇ ਨੂੰ। ਦੁਆਰਿਆ—ਤੇਰੇ ਦੁਆਰੇ ਉਤੇ। ਭ੍ਰਮਤ—ਦਰ ਦਰ ਭਟਕਦਾ। ਹਾਰਿਆ—ਹਾਰ ਹੁੱਟ (ਥੱਕ) ਗਿਆ ਹਾਂ। ਭਗਤਿ ਵਛਲੁ—ਭਗਤੀ ਕਰਨ ਵਾਲੇ ਭਗਤਾਂ ਦਾ ਪਿਆਰਾ। ਬਿਰਦੁ—ਮੁਢਲਾ ਸੁਭਾਅ। ਪਤਿਤ ਉਧਾਰਿਆ—ਵਿਕਾਰਾਂ ਵਿਚ ਡਿੱਗੇ ਹੋਇਆਂ ਦਾ ਪਾਰ-ਉਤਾਰਾ ਕਰਨ ਵਾਲਾ। ਬਿਨਉ—ਬੇਨਤੀ ['ਬਿਨਉ' ਅਸਲ ਵਿਚ ਪੁਲਿੰਗ ਨਾਂਵ ਹੈ]। ਮੋਹਿ ਸਾਰਿਆ—ਮੈਂ ਤੇਰੇ ਅਗੇ ਰਖੀ ਹੈ। ਕਰੁ—ਹੱਥ। ਗਹਿ ਲੇਹੁ—ਫੜ ਲਓ। ਸਾਗਰ ਸੰਸਾਰਿਆ—ਸੰਸਾਰ-ਸਮੁੰਦਰ ਤੋਂ।

***ਅਰਥ :***

ਹੇ ਦਇਆਲੂ ਪ੍ਰਭੂ! ਮੈਨੂੰ ਦੁਆਰੇ ਤੇ ਆ ਡਿੱਗੇ ਨੂੰ (ਚਰਨਾਂ ਨਾਲ) ਜੋੜ ਲਵੋ।

ਮੈਂ ਦਰ ਦਰ ਭਟਕਦਾ ਹਾਰ ਹੁੱਟ (ਥੱਕ) ਗਿਆ ਹਾਂ। ਹੇ ਦੀਨਾਂ ਦੁਖੀਆਂ 'ਤੇ ਤਰਸ ਕਰਨ ਵਾਲੇ (ਪ੍ਰਭੂ ਜੀ)! ਮੈਨੂੰ ਹੁਣ (ਆਪਣੀ ਚਰਨ-ਸ਼ਰਨ ਵਿਚ) ਰਖ ਲਵੋ।

ਹੇ ਹਰੀ! ਭਗਤੀ ਕਰਨ ਵਾਲੇ ਭਗਤਾਂ ਨੂੰ ਪਿਆਰ ਕਰਨਾ ਅਤੇ ਕਰਮ ਧਰਮ ਤੋਂ ਡਿਗੇ ਹੋਏ ਵਿਕਾਰੀ ਜੀਵਾਂ ਦਾ ਪਾਰ-ਉਤਾਰਾ ਕਰਨਾ ਆਪ ਦਾ ਮੁਢਲਾ ਰਵਾਇਤੀ (ਸ਼ੁਰੂ ਤੋਂ ਚਲਿਆ ਆ ਰਿਹਾ) ਸੁਭਾਅ ਹੈ।

ਆਪ ਤੋਂ ਬਗ਼ੈਰ (ਦੀਨ-ਦੁਖੀਆਂ ਦੀ ਰੱਖਿਆ ਕਰਨ ਵਾਲਾ) ਕੋਈ ਨਹੀਂ ਦਿਸਦਾ, ਇਸ ਲਈ ਮੈਂ ਆਪਣੀ ਬੇਨਤੀ ਆਪ ਜੀ ਪਾਸ ਰਖੀ ਹੈ।

ਹੇ ਦਇਆਲੂ ਪ੍ਰਭੂ ਜੀ! ਸੰਸਾਰ-ਸਮੁੰਦਰ ਵਿਚ (ਰੁੜ੍ਹਦੇ ਜਾਂਦੇ ਦਾ) ਮੇਰਾ ਹੱਥ ਫੜ (ਕੇ ਬਚਾਅ) ਲਵੋ ਜੀ।੧੯।

**ਸਲੋਕ ॥**

**ਸੰਤ ਉਧਰਣ ਦਇਆਲੰ**
**ਆਸਰੰ ਗੋਪਾਲ ਕੀਰਤਨਹ ॥**
**ਨਿਰਮਲੰ ਸੰਤ ਸੰਗੇਣ**
**ਓਟ ਨਾਨਕ ਪਰਮੇਸੁਰਹ ॥੧॥**

**ਚੰਦਨ ਚੰਦੁ ਨ ਸਰਦ ਰੁਤਿ**
**ਮੂਲਿ ਨ ਮਿਟਈ ਘਾਂਮ ॥**
**ਸੀਤਲੁ ਥੀਵੈ ਨਾਨਕਾ**
**ਜਪੰਦੜੋ ਹਰਿ ਨਾਮੁ ॥੨॥**

***ਉਚਾਰਣ :***

ਕੀਰਤਨਹ, ਪਰਮੇਸੁਰਹ—ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

***ਪਦ ਅਰਥ :***

ਸੰਤ—ਸਤ-ਪੁਰਸ਼। ਉਧਰਣ—(ਸੰਸਾਰ-ਸਾਗਰ ਤੋਂ) ਪਾਰ-ਉਤਾਰਾ। ਦਇਆਲੰ— ਦਇਆਲ (ਪ੍ਰਭੂ)। ਨਿਰਮਲੰ—ਪਵਿੱਤਰ। ਸੰਤ ਸੰਗੇਣ—ਸਤ-ਪੁਰਸ਼ਾਂ ਦੀ ਸੰਗਤ ਵਿਚ। ਓਟ—ਟੇਕ, ਓਲ੍ਹਾ, ਆਸਰਾ।੧।

ਮੂਲਿ—ਮੂਲੋਂ ਹੀ, ਬਿਲਕੁਲ। ਘਾਂਮ—(ਮਨ ਦੀ) ਤਪਸ਼। ਸੀਤਲੁ—ਠੰਢਾ, ਸ਼ਾਂਤ। ਥੀਵੈ—ਹੋ ਜਾਂਦਾ ਹੈ। ਜਪੰਦੜੋ—ਜੋ ਜੀਵ ਜਪਦਾ ਹੈ।੨।

***ਅਰਥ :***

(ਦਇਆਲ-ਪ੍ਰਭੂ ਦੇ) ਸੰਤਾਂ (ਸਤ-ਪੁਰਸ਼ਾਂ) ਦਾ ਗੋਪਾਲ-ਪ੍ਰਭੂ ਦੇ ਕੀਰਤਨ (ਸਿਫ਼ਤ-ਸਲਾਹ) ਦੇ ਆਸਰੇ (ਸੰਸਾਰ-ਸਾਗਰ ਤੋਂ) ਪਾਰ-ਉਤਾਰਾ ਹੋ ਜਾਂਦਾ ਹੈ।

ਨਾਨਕ! ਅਜਿਹੇ ਸਤ-ਪੁਰਸ਼ਾਂ ਦੀ ਸੰਗਤ ਵਿਚ ਨਿਰਮਲ ਹੋ ਜਾਈਦਾ ਹੈ, ਜੋ ਸਦਾ ਪ੍ਰਭੂ-ਪਰਮੇਸ਼ਰ ਦੀ ਓਟ ਆਸਰੇ ਰਹਿੰਦੇ ਹਨ।੧।

ਨਾ ਚੰਦਨ ਨਾਲ, ਨਾ ਸਰਦ ਰੁਤ ਨਾਲ ਅਤੇ ਨਾ ਚੰਦ੍ਰਮਾ ਨਾਲ (ਭਾਵੇਂ ਇਨ੍ਹਾਂ ਵਿਚ ਠੰਢ ਦੀ ਅੰਸ਼ ਹੈ, ਪਰ ਇਨ੍ਹਾਂ ਵਿਚੋਂ ਕਿਸੇ ਨਾਲ ਵੀ ਮਨ ਦੀ) ਤਪਸ਼ ਨਹੀਂ ਬੁਝਦੀ।

ਨਾਨਕ! ਜੋ ਜੀਵ ਪ੍ਰਭੂ ਦਾ (ਸੀਤਲ) ਨਾਮ ਜਪਦਾ ਹੈ (ਉਸ ਦਾ ਮਨ) ਠੰਢਾ ਠਾਰ ਹੋ ਜਾਂਦਾ ਹੈ।੨।

## ਪਉੜੀ ॥

**ਚਰਨ ਕਮਲ ਕੀ ਓਟ ਉਧਰੇ ਸਗਲ ਜਨ ॥**

**ਸੁਣਿ ਪਰਤਾਪੁ ਗੋੁਵਿੰਦ ਨਿਰਭਉ ਭਏ ਮਨ ॥**
**ਤੋਟਿ ਨ ਆਵੈ ਮੂਲਿ ਸੰਚਿਆ ਨਾਮੁ ਧਨ ॥**
**ਸੰਤ ਜਨਾ ਸਿਉ ਸੰਗੁ ਪਾਈਐ ਵਡੈ ਪੁਨ ॥**
**ਆਠ ਪਹਰ ਹਰਿ ਧਿਆਇ ਹਰਿ ਜਸੁ ਨਿਤ ਸੁਨ ॥੧੭॥**

***ਉਚਾਰਣ :***

ਸਿਉ—(ਨਾਲ) ਉਚਾਰਣ ਨਾਸਕੀ।

***ਪਦ ਅਰਥ :***

ਉਧਰੇ—ਤਰ ਗਏ, ਬਚ ਗਏ। ਸਗਲ ਜਨ—ਸਾਰੇ ਮਨੁੱਖ। ਪਰਤਾਪੁ—ਤੇਜ। ਨਿਰਭਉ—ਨਿਡਰ। ਤੋਟਿ—ਤੋਟਾ, ਕਮੀ, ਘਾਟਾ। ਨ ਮੂਲਿ—ਮੂਲੋਂ ਹੀ ਨਹੀਂ, ਬਿਲਕੁਲ ਨਹੀਂ। ਸੰਚਿਆ—ਇਕੱਠਾ ਕੀਤਾ। ਸੰਗੁ—ਮੇਲ-ਮਿਲਾਪ [ਸੰਗੁ—ਨਾਂਵ ਹੈ, ਜਦ ਕਿ 'ਸੰਗਿ' ਸੰਬੰਧਕੀ ਪਦ ਹੈ]। ਵਡੈ ਪੁਨ—ਕਿਸੇ ਵੱਡੇ ਭਾਗ ਕਰਕੇ। ਧਿਆਇ—ਧਿਆਨ ਕਰ, ਸੁਰਤ ਜੋੜ। ਨਿਤ—ਸਦੀਵਕਾਲ, ਸਦਾ।

***ਅਰਥ :***

ਜਿਨ੍ਹਾਂ ਜਿਨ੍ਹਾਂ ਨੇ ਪ੍ਰਭੂ ਦੇ ਕਮਲ ਵਰਗੇ ਚਰਨਾਂ ਦੀ ਓਟ ਲਈ, ਓਹ ਸਾਰੇ ਜੀਵ (ਸੰਸਾਰ-ਸਾਗਰ ਤੋਂ) ਤਰ ਗਏ।

ਗੋਬਿੰਦ ਪ੍ਰਭੂ ਦਾ ਤੇਜ-ਪਰਤਾਪ ਸੁਣ ਕੇ ਉਹਨਾਂ ਦੇ ਮਨ (ਵਿਕਾਰਾਂ, ਵਿਕਾਰੀ-ਜਾਬਰਾਂ ਅਤੇ ਜਮਾਂ ਦੇ ਡਰ ਤੋਂ) ਨਿਡਰ (ਬੇਖ਼ੌਫ਼) ਹੋ ਗਏ।

ਉਨ੍ਹਾਂ ਨੇ (ਸਾਰਾ ਕੁਝ ਛਡ ਕੇ ਕੇਵਲ) ਪ੍ਰਭੂ ਦਾ ਨਾਮ-ਧਨ ਇਕੱਠਾ ਕੀਤਾ, ਜਿਸ ਧਨ ਦਾ ਕਦੀ ਵੀ ਤੋਟਾ ਨਹੀਂ ਆਉਂਦਾ।

(ਅਜਿਹੇ) ਸਤ-ਪੁਰਸ਼ਾਂ ਨਾਲ ਮਿਲਾਪ ਕਿਸੇ ਵਡਿਓਂ ਵੱਡੇ ਪੁੰਨ-ਕਰਮ ਕਰਕੇ ਹੀ ਪ੍ਰਾਪਤ ਹੁੰਦਾ ਹੈ।

(ਅਜਿਹੇ ਸੰਤ-ਜਨਾਂ ਦੀ ਸੰਗਤ ਵਿਚ ਜੁੜ ਕੇ) ਅੱਠੇ ਪਹਿਰ ਹਰੀ-ਪ੍ਰਭੂ ਦਾ ਧਿਆਨ ਧਰ ਅਤੇ (ਕੰਨਾਂ ਰਾਹੀਂ) ਹਰਿ ਜਸ (ਸਿਫ਼ਤ-ਸਲਾਹ) ਸਦੀਵਕਾਲ ਸੁਣਨਾ ਕਰ।੧੭।

## ਸਲੋਕ ॥

**ਦਇਆ ਕਰਣੰ ਦੁਖ ਹਰਣੰ**
**ਉਚਰਣੰ ਨਾਮ ਕੀਰਤਨਹ ॥**
**ਦਇਆਲ ਪੁਰਖ ਭਗਵਾਨਹ**
**ਨਾਨਕ ਲਿਪਤ ਨ ਮਾਇਆ ॥੧॥**

**ਭਾਹਿ ਬਲੰਦੜੀ ਬੁਝਿ ਗਈ**
**ਰਖੰਦੜੋ ਪ੍ਰਭੁ ਆਪਿ ॥**
**ਜਿਨਿ ਉਪਾਈ ਮੇਦਨੀ**
**ਨਾਨਕ ਸੋ ਪ੍ਰਭੁ ਜਾਪਿ ॥੨॥**

***ਉਚਾਰਣ :***

ਕੀਰਤਨਹ, ਭਗਵਾਨਹ—ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

***ਪਦ ਅਰਥ :***

ਦਇਆ ਕਰਣੰ—ਦਇਆ (ਤਰਸ) ਕਰਨ ਵਾਲਾ। ਦੁਖ ਹਰਣੰ—ਦੁਖ ਦੂਰ ਕਰਨ ਵਾਲਾ। ਉਚਰਣੰ—ਉਚਰਦਾ (ਬੋਲਦਾ) ਹੈ। ਲਿਪਤ ਨ—ਲਿਪਾਇਮਾਨ (ਖੱਚਤ) ਨਹੀਂ ਹੁੰਦਾ।੧।

ਭਾਹਿ—ਅੱਗ। ਰਖੰਦੜੋ—ਰਖਵਾਲਾ, ਰਾਖੀ ਕਰਨ ਵਾਲਾ। ਉਪਾਈ—ਪੈਦਾ ਕੀਤੀ। ਮੇਦਨੀ—ਸ੍ਰਿਸ਼ਟੀ।੨।

***ਅਰਥ :***

(ਵਾਹਿਗੁਰੂ) ਤਰਸ ਕਰਨ ਵਾਲਾ ਹੈ, ਦੁਖ ਦੂਰ ਕਰਨ ਵਾਲਾ ਹੈ, (ਜਦੋਂ ਤਰਸ ਕਰ ਕੇ ਹਉਮੈ ਦਾ ਦੁਖ ਦੂਰ ਕਰਦਾ ਹੈ ਤਦੋਂ) ਰਸਨਾ ਨਾਲ ਨਾਮ ਦਾ ਕੀਰਤਨ ਕਰਨਾ ਮਿਲਦਾ ਹੈ।

ਨਾਨਕ ! ਜਿਸ ਉਤੇ ਭਗਵਾਨ-ਪ੍ਰਭੂ ਦਇਆਲ ਹੁੰਦਾ ਹੈ, ਉਹ ਮਾਇਆ ਵਿਚ ਲਿਪਾਇਮਾਨ (ਖੱਚਤ) ਨਹੀਂ ਹੁੰਦਾ।੧।

(ਜਦੋਂ) ਪ੍ਰਭੂ ਖ਼ੁਦ ਰਖਵਾਲਾ ਹੋ ਗਿਆ, (ਤ੍ਰਿਸ਼ਨਾ ਦੀ) ਬਲਦੀ ਅੱਗ ਤੁਰਤ

ਬੁਝ ਗਈ।

ਜਿਸ (ਪ੍ਰਭੂ) ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ, ਉਸ ਪ੍ਰਭੂ ਨੂੰ ਜਪਣਾ ਕਰ।੨।

**ਪਉੜੀ ॥**

**ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥**
**ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥**
**ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥**
**ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥**
**ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥੧੮॥**

***ਉਚਾਰਣ :***

ਜਾ—(ਜਦੋਂ) ਉਚਾਰਣ ਨਾਸਕੀ।
ਅਘਾ—(ਪਾਪ) ਉਚਾਰਣ ਨਾਸਕਤਾ ਰਹਿਤ।
ਨਾਇਆ—(ਇਸ਼ਨਾਨ ਕੀਤਾ) 'ਨ' ਉਚਾਰਣ ਭਾਰ ਸਹਿਤ।

***ਪਦ ਅਰਥ :***

ਦਇਆਲ—ਤਰਸਵਾਨ, ਮਿਹਰਵਾਨ। ਨ ਬਿਆਪੈ—ਨਹੀਂ **ਚਿੰਬੜਦੀ।** ਕੋਟਿ—ਕ੍ਰੋੜਾਂ। ਅਘਾ—ਪਾਪ। ਜਨ ਧੂਰੀ ਨਾਇਆ—(ਪ੍ਰਭੂ ਦੇ) **ਦਾਸਾਂ ਦੀ ਧੂੜੀ** ਵਿਚ ਨ੍ਹਾਤਾ। ਸੰਤੋਖ—ਸਬਰ, ਸੰਤੁਸ਼ਟਤਾ। ਕੁਟੰਬ—ਟੱਬਰ, ਪਰਵਾਰ। ਸਬਾਇਆ—ਸਾਰੇ ਦਾ ਸਾਰਾ।

***ਅਰਥ :***

ਜਦੋਂ ਪ੍ਰਭੂ ਜੀ ਤਰਸਵਾਨ ਹੋ ਜਾਣ ਤਾਂ ਮਾਇਆ ਵਿਆਪਦੀ (**ਚਿੰਬੜਦੀ**) ਨਹੀਂ।

ਜਦੋਂ ਇਕ (ਪ੍ਰਭੂ) ਦਾ ਧਿਆਨ ਧਰਿਆ (ਭਾਵ, ਪ੍ਰਭੂ ਵਿਚ ਸੁਰਤ ਜੋੜੀ) ਤਾਂ ਕ੍ਰੋੜਾਂ ਪਾਪ ਨਾਸ ਹੋ ਗਏ।

ਜਦੋਂ ਪ੍ਰਭੂ ਦੇ ਦਾਸਾਂ ਦੀ ਧੂੜੀ ਵਿਚ ਇਸ਼ਨਾਨ ਕੀਤਾ ਤਾਂ ਤਨ (ਅਤੇ ਮਨ) ਨਿਰਮਲ (ਪਵਿੱਤਰ) ਹੋ ਗਏ।

ਜਦੋਂ ਪੂਰੇ (ਸਮਰੱਥ) ਪ੍ਰਭੂ ਨੂੰ ਪ੍ਰਾਪਤ ਕਰ ਲਿਆ ਤਾਂ ਮਨ ਅਤੇ ਸਰੀਰ ਦੋਵੇਂ ਸੰਤੁਸ਼ਟ ਹੋ ਗਏ।

(ਪ੍ਰਭੂ-ਪ੍ਰਾਪਤੀ ਸਦਕਾ) ਟੱਬਰ ਸਮੇਤ, ਖ਼ਾਨਦਾਨ ਸਮੇਤ ਅਤੇ ਸਾਰੇ (ਮੇਲ੍ਹ ਗੇਲ੍ਹ) ਲੋਕਾਂ ਸਮੇਤ ਸੰਸਾਰ-ਸਮੁੰਦਰ ਤੋਂ ਤਰ ਗਏ।੧੮।

**ਸਲੋਕ ॥**

**ਗੁਰ ਗੋਬਿੰਦ, ਗੋਪਾਲ ਗੁਰ**
**ਗੁਰ ਪੂਰਨ ਨਾਰਾਇਣਹ ॥**
**ਗੁਰ ਦਇਆਲ, ਸਮਰਥ ਗੁਰ**
**ਗੁਰ ਨਾਨਕ, ਪਤਿਤ ਉਧਾਰਣਹ ॥੧॥**

**ਭਉਜਲੁ ਬਿਖਮੁ ਅਸਗਾਹੁ**
**ਗੁਰਿ ਬੋਹਿਥੈ ਤਾਰਿਅਮੁ ॥**
**ਨਾਨਕ, ਪੂਰ ਕਰੰਮ**
**ਸਤਿਗੁਰ ਚਰਣੀ ਲਗਿਆ ॥੨॥**

***ਉਚਾਰਣ :***

ਨਾਰਾਇਣਹ, ਉਧਾਰਣਹ—ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਅਸਗਾਹੁ—ਅੰਤਲੇ 'ਹ' ਨੂੰ ਲਗੇ ਹਰਸ੍ਵ ਸੁਰ ( ੁ ) ਦਾ ਉਚਾਰਣ ਹਰਸ੍ਵ ਧੁਨੀ ਤਕ ਹੀ ਸੀਮਤ ਰਵ੍ਹੇ, ਹੋੜੇ ਦੀ ਧੁਨੀ ਵਿਚ ਨਾ ਵਟੀਜ ਜਾਏ।

ਸਮਰਥ—'ਥ' ਉਚਾਰਣ ਦੁੱਤ ਕਰ ਕੇ।

ਪਤਿਤ—ਵਿਚਕਾਰਲੇ 'ਤ' ਨੂੰ ਲਗੀ ਸਿਹਾਰੀ ਦਾ ਉਚਾਰਣ ਆਮ ਤੌਰ ਤੇ ਅਣ-ਗੌਲਿਆ ਕਰ ਦਿਤਾ ਜਾਂਦਾ ਹੈ, ਜੋ ਠੀਕ ਨਹੀਂ।

ਚਰਣੀ—(ਚਰਨਾਂ ਨਾਲ) ਉਚਾਰਣ ਨਾਸਕਤਾ ਸਹਿਤ।

ਲਗਿਆ—ਉਚਾਰਣ ਨਾਸਕਤਾ ਬਿਨਾਂ।

***ਪਦ ਅਰਥ :***

ਗੋਬਿੰਦ—ਸ੍ਰਿਸ਼ਟੀ ਦਾ ਮਾਲਕ (ਵਾਹਿਗੁਰੂ)। ਗੋਪਾਲ—ਸ੍ਰਿਸ਼ਟੀ ਦਾ

ਪਾਲਣਹਾਰ (ਵਾਹਿਗੁਰੂ)। ਨਾਰਾਇਣਹ—ਵਿਆਪਕ (ਵਾਹਿਗੁਰੂ)। ਦਇਆਲ—ਤਰਸਵਾਨ। ਸਮਰਥ—ਸਭ ਕਾਸੇ ਜੋਗ। ਪਤਿਤ ਉਧਾਰਣਹ—ਕਰਮ ਧਰਮ ਤੋਂ ਡਿਗੇ ਵਿਕਾਰੀ ਜੀਵਾਂ ਦਾ ਪਾਰਉਤਾਰਾ ਕਰਨ ਵਾਲਾ।੧।

ਭਉਜਲੁ—ਸੰਸਾਰ-ਸਮੁੰਦਰ। ਬਿਖਮੁ—ਡਰਾਉਣਾ। ਅਸਗਾਹੁ—ਅਥਾਹ ਸਾਗਰ। ਗੁਰਿ ਬੋਹਿਥੈ—ਗੁਰੂ-ਜਹਾਜ਼ ਨੇ। ਤਾਰਿਅਮੁ—ਮੈਨੂੰ ਤਾਰ ਦਿਤਾ ਹੈ [ਅੰਤਲਾ 'ਮੁ' ਉਤਮ ਪੁਰਖ, ਇਕ-ਵਚਨ ਦੇ ਪੁਰਖ-ਵਾਚੀ-ਪੜਨਾਉਂ ਦਾ ਚਿੰਨ੍ਹ ਹੈ]। ਪੂਰ ਕਰੰਮ—ਪੂਰੇ ਭਾਗ। ਲਗਿਆ—ਜੋ ਲਗ ਗਿਆ।੨।

***ਅਰਥ :***

ਗੁਰੂ ਜੀ ਹੀ ਧਰਤੀ ਦੇ ਮਾਲਕ (ਵਾਹਿਗੁਰੂ ਸਰੂਪ) ਹਨ, ਗੁਰੂ ਜੀ ਹੀ ਧਰਤੀ ਦੇ ਪਾਲਣਹਾਰ (ਵਾਹਿਗੁਰੂ ਸਰੂਪ) ਹਨ, ਗੁਰੂ ਜੀ ਹਰ ਥਾਂ ਪਰੀਪੂਰਨ (ਵਿਆਪਕ ਵਾਹਿਗੁਰੂ ਸਰੂਪ) ਹਨ।

ਨਾਨਕ ! ਗੁਰੂ ਜੀ ਦਇਆਲੂ (ਤਰਸਵਾਨ) ਹਨ, ਗੁਰੂ ਜੀ ਸਭ ਕਾਸੇ ਜੋਗ ਹਨ, ਗੁਰੂ ਜੀ ਕਰਮ ਧਰਮ ਤੋਂ ਡਿਗੇ ਵਿਕਾਰੀ ਜੀਵਾਂ ਦਾ ਪਾਰ-ਉਤਾਰਾ ਕਰਨ ਵਾਲੇ ਹਨ।੧।

(ਸੰਸਾਰ ਮਾਨੋ ਇਕ) ਡੂੰਘਾ ਅਤੇ ਡਰਾਉਣਾ ਸਮੁੰਦਰ ਹੈ, ਗੁਰੂ-ਜਹਾਜ਼ ਨੇ ਮੈਨੂੰ ਇਸ ਤੋਂ ਤਾਰ ਦਿਤਾ ਹੈ।

ਨਾਨਕ ! (ਜਿਹੜਾ ਜੀਵ) ਸਤਿਗੁਰੂ ਦੀ ਚਰਨੀਂ ਲਗ ਗਿਆ, ਉਸ ਦੇ ਜਾਣੋ, ਪੂਰਨ ਭਾਗ ਜਾਗ ਪਏ।੨।

## ਪਉੜੀ ॥

**ਧੰਨੁ ਧੰਨੁ ਗੁਰਦੇਵ ਜਿਸੁ ਸੰਗਿ ਹਰਿ ਜਪੇ ॥**
**ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ ॥**
**ਪਾਰਬ੍ਰਹਮ ਗੁਰਦੇਵ ਨੀਚਹੁ ਉਚ ਥਪੇ ॥**
**ਕਾਟਿ ਸਿਲਕ ਦੁਖ ਮਾਇਆ ਕਰਿ ਲੀਨੇ ਅਪ ਦਸੇ ॥**
**ਗੁਣ ਗਾਏ ਬੇਅੰਤ, ਰਸਨਾ, ਕਰਿ ਜਸੇ ॥੧੯॥**

***ਉਚਾਰਣ :***

ਨੀਚਹੁ—(ਨੀਵੇਂ ਤੋਂ) ਉਚਾਰਣ ਨਾਸਕਤਾ ਸਹਿਤ।

***ਪਦ ਅਰਥ :***

ਗੁਰਦੇਵ—ਪ੍ਰਕਾਸ਼ ਰੂਪ ਗੁਰੂ ਜੀ। ਸੰਗਿ—ਸੰਗਤ ਵਿਚ। ਊਚ ਥਪੇ—ਉਚੇ ਮਰਾਤਬੇ ਤੇ ਸਥਾਪਤ ਕਰਦਾ ਹੈ। ਸਿਲਕ—ਫਾਹੀ। ਅਪ ਦਸੇ—ਆਪਣੇ ਦਾਸ (ਸੇਵਕ)। ਬੇਅੰਤ—ਬੇਅੰਤ ਪ੍ਰਭੂ ਦੇ। ਰਸਨਾ—ਜੀਭ ਨਾਲ। ਹਰਿ ਜਸੇ— ਕੀਰਤੀ ਵਾਲੇ ਹਰੀ ਦੇ।

***ਅਰਥ :***

ਪ੍ਰਕਾਸ਼-ਰੂਪ ਗੁਰੂ ਜੀ ਧੰਨਤਾ ਜੋਗ ਹਨ, ਜਿਸ ਦੀ ਸੰਗਤ ਵਿਚ ਪ੍ਰਭੂ ਦੇ ਜਾਪ ਜਪੇ ਜਾਂਦੇ ਹਨ।

ਜਦੋਂ ਗੁਰੂ ਜੀ ਮਿਹਰਵਾਨ ਹੋ ਗਏ ਤਾਂ ਸਾਰੇ ਅਉਗਣ ਛਪਨ ਛੋਤ (ਛਾਈਂ ਮਾਈਂ) ਹੋ ਗਏ।

ਗੁਰਦੇਵ ਜੀ ਪਾਰਬ੍ਰਹਮ ਸਰੂਪ ਹਨ, (ਜਿਨ੍ਹਾਂ ਨੇ ਕਈ ਡਿਗੇ ਢੱਠੇ ਜੀਵ) ਨੀਵੇਂ ਦਰਜੇ ਤੋਂ ਉਚੇ ਮਰਾਤਬੇ ਤੇ ਸਥਾਪਤ ਕਰ ਦਿਤੇ।

(ਫਿਰ ਉਨ੍ਹਾਂ ਦੀ) ਮਾਇਆ ਦੀ ਦੁਖਦਾਈ ਫਾਹੀ ਕਟ ਕੇ, ਆਪਣੇ ਦਾਸ ਬਣਾ ਲਏ।

(ਗੁਰੂ ਦੇ ਦਾਸ ਬਣ ਕੇ ਉਨ੍ਹਾਂ ਨੇ ਫਿਰ) ਕੀਰਤੀ ਵਾਲੇ ਬੇਅੰਤ ਹਰੀ-ਪ੍ਰਭੂ ਦੇ ਰਸਨਾ ਨਾਲ ਗੁਣ ਗਾਇਨ ਕੀਤੇ।੧੯।

**ਸਲੋਕ ॥**

**ਦ੍ਰਿਸਟੰਤ ਏਕੋ, ਸੁਨੀਅੰਤ ਏਕੋ**
**ਵਰਤੰਤ ਏਕੋ ਨਰਹਰਹ ॥**
**ਨਾਮ ਦਾਨੁ ਜਾਚੰਤਿ ਨਾਨਕ**
**ਦਇਆਲ ਪੁਰਖ ਕ੍ਰਿਪਾ ਕਰਹ ॥੧॥**

**ਹਿਕੁ ਸੇਵੀ ਹਿਕੁ ਸੰਮਲਾ**
**ਹਰਿ ਇਕਸੁ ਪਹਿ ਅਰਦਾਸਿ ॥**
**ਨਾਮ ਵਖਰੁ ਧਨੁ ਸੰਚਿਆ**
**ਨਾਨਕ ਸਚੀ ਰਾਸਿ ॥੨॥**

***ਉਚਾਰਣ :***

ਨਰਹਰਹ, ਕਰਹ—ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਸੇਵੀ—(ਮੈਂ ਸੇਂਵਦਾ ਹਾਂ) ਅੰਤਲੇ ਸੁਰ ( ੀ) ਦਾ ਉਚਾਰਣ ਨਾਸਕਤਾ ਸਹਿਤ।

ਸੰਮਲਾ—(ਮੈਂ ਸੰਮ੍ਹਾਲਦਾ ਹਾਂ) (ੳ) ਅੰਤਲਾ ਸੁਰ (ਾ) ਦਾ ਉਚਾਰਣ ਨਾਸਕਤਾ ਸਹਿਤ। (ਅ) 'ਮ' ਉਚਾਰਣ ਭਾਰ ਸਹਿਤ।

***ਪਦ ਅਰਥ :***

ਏਕੋ—ਇਕ ਨਰਹਰ-ਪ੍ਰਭੂ। ਦ੍ਰਿਸਟੰਤ—ਦਿਸਦਾ ਹੈ। ਸੁਨੀਅੰਤ—ਸੁਣੀਦਾ ਹੈ। ਵਰਤੰਤ—ਵਰਤ ਰਿਹਾ ਹੈ। ਨਰਹਰਹ—ਸਭ ਜੀਵਾਂ ਦਾ ਮਾਲਕ। ਜਾਚੰਤਿ—ਮੰਗਦੇ ਹਨ।੧।

ਹਿਕੁ ਸੇਵੀ—ਮੈਂ ਇਕ (ਨਰਹਰ-ਪ੍ਰਭੂ) ਨੂੰ ਸੇਂਵਦਾ ਹਾਂ। ਹਿਕੁ ਸੰਮਲਾ—ਇਕ (ਪ੍ਰਭੂ) ਨੂੰ ਹੀ ਚੇਤੇ ਕਰਦਾ ਹਾਂ। ਇਕਸੁ ਪਹਿ—ਇਕ (ਹਰੀ) ਕੋਲ ਹੀ। ਵਖਰੁ—ਸੌਦਾ। ਸੰਚਿਆ—ਇਕੱਠਾ ਕੀਤਾ। ਰਾਸਿ—ਪੂੰਜੀ।੨।

***ਅਰਥ :***

ਇਕ ਨਰਹਰ-ਪ੍ਰਭੂ (ਸਭ ਜੀਵ-ਜੰਤੂਆਂ ਦਾ ਮਾਲਕ) ਹਰ ਥਾਂ ਦਿਸਦਾ ਹੈ, ਇਕ (ਹਰ ਥਾਂ) ਸੁਣੀਦਾ ਹੈ ਅਤੇ (ਇਕੋ ਹਰ ਥਾਂ) ਵਰਤ ਰਿਹਾ ਹੈ।

ਸਲੋਕ ਦੇ ਅੰਤ ਵਿਚ ਗੁਰਦੇਵ 'ਨਾਨਕ' ਮੁਹਰ-ਛਾਪ ਲਾ ਕੇ ਨਿਰੂਪਣ ਕਰਦੇ ਹਨ—ਜਿਨ੍ਹਾਂ ਜਿਨ੍ਹਾਂ ਉਤੇ ਦਇਆਲ ਪ੍ਰਭੂ ਜੀ ਕਿਰਪਾ ਕਰਦੇ ਹਨ, ਉਹ ਉਸ ਪਾਸੋਂ ਨਾਮ-ਦਾਨ ਹੀ ਮੰਗਦੇ ਹਨ।੧।

ਮੈਂ ਇਕ (ਵਾਹਿਗੁਰੂ) ਨੂੰ ਹੀ ਸੇਂਵਦਾ ਹਾਂ, ਇਕ (ਵਾਹਿਗੁਰੂ) ਨੂੰ ਚੇਤੇ ਕਰਦਾ ਹਾਂ ਅਤੇ ਇਕ (ਵਾਹਿਗੁਰੂ) ਪਾਸ ਹੀ ਆਪਣੀ ਅਰਦਾਸ (ਬੇਨਤੀ) ਕਰਦਾ ਹਾਂ।

ਮੈਂ ਨਾਮ-ਸੌਦਾ ਅਤੇ ਨਾਮ-ਧਨ ਹੀ ਇਕੱਠਾ ਕੀਤਾ ਹੈ। ਨਾਨਕ! ਇਹ (ਨਾਮ) ਹੀ ਨਾਲ ਨਿਭਣ ਵਾਲੀ ਸੱਚੀ ਪੂੰਜੀ ਹੈ।੨।

## ਪਉੜੀ ॥

**ਪ੍ਰਭ ਦਇਆਲ ਬੇਅੰਤ ਪੂਰਨ ਇਕੁ ਏਹੁ ॥**
**ਸਭੁ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ ॥**

**ਆਪਿ ਕਰਹੁ ਪ੍ਰਭ ਦਾਨੁ ਆਪੇ ਆਪਿ ਲੇਹੁ ॥**
**ਆਵਣ ਜਾਣਾ ਹੁਕਮੁ ਸਭੁ ਨਿਹਚਲੁ ਤੁਧੁ ਥੇਹੁ ॥**
**ਨਾਨਕੁ ਮੰਗੈ ਦਾਨੁ ਕਰਿ ਕਿਰਪਾ ਨਾਮੁ ਦੇਹੁ ॥੨੦॥੧॥**

***ਉਚਾਰਣ :***

ਕਹਾ—(ਮੈਂ ਆਖਾਂ) ਅੰਤਲਾ ਸੁਰ (ਾ) ਦਾ ਉਚਾਰਣ ਨਾਸਕਤਾ ਸਹਿਤ।
ਏਹੁ, ਕੇਹੁ, ਲੇਹੁ, ਥੇਹੁ, ਦੇਹੁ—ਸਾਰੇ ਸ਼ਬਦਾਂ ਦਾ ਅੰਤਲਾ 'ਹ' ਅੱਖਰ ਔਂਕੜ (ੁ) ਸਹਿਤ ਹੈ। ਅੰਤਲੇ ਔਂਕੜ ਦੀ ਧੁਨੀ ਬਾਕਾਇਦਾ ਉਚਾਰਣ ਦਾ ਭਾਗ ਬਣਦੀ ਹੈ, ਪਰ ਸਾਵਧਾਨੀ ਵਰਤਣੀ ਚਾਹੀਏ ਕਿ ਇਹ ਧੁਨੀ ਹਰਸ੍ਵ ਹੀ ਰਵ੍ਹੇ, ਕਿਧਰੇ ਹੋੜੇ ਦੀ ਧੁਨੀ ਵਿਚ ਨਾ ਵਟੀਜ ਜਾਵੇ।

***ਪਦ ਅਰਥ :***

ਪੂਰਨ—ਵਿਆਪਕ। ਇਹੁ—ਇਹੋ ਜਿਹਾ। ਦੂਜਾ ਕਹਾ ਕੇਹੁ— ਦੂਜਾ ਕੋਈ ਕਿਹੜਾ ਦੱਸਾਂ ? ਦਾਨੁ—ਖ਼ੈਰ (ਦਾਤਾਂ)। ਲੇਹੁ—ਵਾਪਸ ਲੈਂਦੇ ਹੋ। ਆਵਣ ਜਾਣਾ—ਜੰਮਣਾ ਮਰਨਾ। ਸਭੁ—(ਇਕ-ਵਚਨ) ਸਾਰਾ [ਸਭਿ—(ਬਹੁ-ਵਚਨ) ਸਾਰੇ]। ਨਿਹਚਲੁ—ਅਚੱਲ। ਥੇਹੁ—ਟਿਕਾਣਾ।

***ਅਰਥ :***

ਹੇ ਬੇਅੰਤ ਦਇਆਲ ਪ੍ਰਭੂ ਜੀ ! ਆਪ ਜੀ ਹਰ ਥਾਂ ਵਿਆਪਕ ਹੋ, ਇਹੋ ਜਿਹੇ ਆਪ ਹੀ ਇਕ ਹੋ (ਦੂਜਾ ਕੋਈ ਅਜਿਹਾ ਨਹੀਂ)।

ਸਭ ਕੁਝ ਆਪ ਹੀ ਆਪ ਹੋ, ਕੋਈ ਹੋਰ (ਆਪ ਵਰਗਾ) ਮੈਂ ਕਿਹੜਾ ਦੱਸਾਂ ?

(ਪ੍ਰਭੂ ਜੀ !) ਆਪ ਹੀ ਹਰ ਕਿਸੇ ਨੂੰ ਦਾਨ (ਦਾਤਾਂ) ਦੇਂਦੇ ਹੋ ਅਤੇ ਆਪ ਹੀ (ਦਿੱਤੀ ਅਮਾਨਤ) ਵਾਪਸ ਲੈ ਲੈਂਦੇ ਹੋ।

(ਜੀਵਾਂ ਦਾ ਸੰਸਾਰ ਤੇ) ਆਉਣਾ ਤੇ ਏਥੋਂ ਕੂਚ ਕਰਨਾ (ਜੰਮਣਾ ਮਰਨਾ) ਇਹ ਸਾਰਾ ਕੁਝ ਤੁਹਾਡਾ ਹੁਕਮ (ਹੀ ਵਰਤਦਾ) ਹੈ, ਪਰ ਆਪ ਦਾ ਟਿਕਾਣਾ ਸਦਾ ਅਟੱਲ ਹੈ।

ਨਾਨਕ ਆਪ ਜੀ ਪਾਸੋਂ (ਇਕ) ਦਾਨ ਮੰਗਦਾ ਹੈ, ਕਿਰਪਾ ਕਰ ਕੇ (ਮੈਨੂੰ ਆਪਣਾ ਨਾਮ ਦੇਵੋ ।੨੦।੧।

ੴ ਸਤਿਗੁਰਪ੍ਰਸਾਦਿ ॥

# ਮਾਰੂ ਵਾਰ ਮਹਲਾ ੫

## ਡਖਣੇ ਮ: ੫ ॥

**ਤੂ ਚਉ ਸਜਣ ਮੈਡਿਆ, ਡੇਈ ਸਿਸੁ ਉਤਾਰਿ ॥**
**ਨੈਣ ਮਹਿੰਜੇ ਤਰਸਦੇ, ਕਦਿ ਪਸੀ ਦੀਦਾਰੁ ॥੧॥**

**ਮ: ੫ ॥ ਨੀਹੁ ਮਹਿਜਾ ਤਊ ਨਾਲਿ, ਬਿਆ ਨੇਹ ਕੂੜਾਵੇ ਡੇਖੁ ॥**
**ਕਪੜ ਭੋਗ ਡਰਾਵਣੇ, ਜਿਚਰੁ ਪਿਰੀ ਨ ਡੇਖੁ ॥੨॥**

**ਮ: ੫ ॥ ਉਠੀ ਝਾਲੂ ਕੰਤੜੇ, ਹਉ ਪਸੀ ਤਉ ਦੀਦਾਰੁ ॥**
**ਕਾਜਲੁ ਹਾਰੁ ਤਮੋਲ ਰਸੁ, ਬਿਨੁ ਪਸੇ ਹਭਿ ਰਸ ਛਾਰੁ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦ (ਜਿਨ੍ਹਾਂ ਦਾ ਅਰਥ ਨਾਲ ਦਿੱਤਾ ਹੋਇਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਡੇਈ—ਮੈਂ ਦੇਵਾਂ। ਪਸੀ—ਮੈਂ ਪਰਸਾਂ (ਵੇਖਾਂ)। ਹਉ—ਮੈਂ।

ਨੀਹੁ—ਅੰਤਲੇ 'ਹ' ਨੂੰ ਲਗਾ ਔਂਕੜ (_) ਗੁਰਬਾਣੀ ਦੀ ਲਿਖਣ-ਨਿਯਮਾਵਲੀ ਅਨੁਸਾਰ ਜਿਥੇ ਇਕ-ਵਚਨ ਦਾ ਸੂਚਕ ਹੈ ਓਥੇ ਇਸ ਦੀ ਨਿਸਚਿਤ ਹਰਸ੍ਵ ਧੁਨੀ ਵੀ ਹੈ, ਜੋ ਉਚਾਰਣ ਦਾ ਭਾਗ ਅਵੱਸ਼ ਬਣਦੀ ਹੈ। ਪਰ ਉਚਾਰਣ ਵੇਲੇ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਇਹ ਧੁਨੀ ਹਰਸ੍ਵ ਹੀ ਰਹੇ, ਕਿਧਰੇ ਉਲਾਰ ਹੋ ਕੇ ਹੋੜੇ (ੋ) ਦੀ ਧੁਨੀ ਵਿਚ ਨਾ ਵਟੀਜ ਜਾਏ।

ਮੈਡਿਆ—'ਮੈ' ਉਚਾਰਣ ਨਾਸਕੀ।

ਮਹਿਜਾ—'ਹਿ' ਉਚਾਰਣ ਨਾਸਕੀ, ਪਰ 'ਹ' ਤੇ ਦਬਾਅ ਦਿਤੇ ਬਗ਼ੈਰ।

***ਪਦ ਅਰਥ :***

ਚਉ—ਬੋਲ। ਮੈਡਿਆ—ਮੇਰਿਆ। ਡੇਈ—ਮੈਂ ਦੇਵਾਂ। ਸਿਸੁ—ਸੀਸ (ਸਿਰ)। ਮਹਿੰਜੇ—ਮੇਰੇ। ਪਸੀ—ਮੈਂ ਵੇਖਾਂ।੧।

ਨੀਹੁ—ਪਿਆਰ। ਮਹਿਜਾ—ਮੇਰਾ। ਤਊ ਨਾਲਿ—ਤੇਰੇ ਨਾਲ। ਬਿਆ—ਹੋਰ। ਡੇਖੁ—ਮੈਂ ਵੇਖ ਲਿਆ ਹੈ। ਪਿਰੀ—ਪਤੀ-ਪ੍ਰਭੂ।੨।

ਉਠੀ—ਉਠਿ, ਉਠ ਕੇ। ਝਾਲੂ—ਝਲਾਂਘ, ਤੜਕੇ, ਸਵੇਰੇ। ਕੰਤੜੇ—ਪਿਆਰੇ ਕੰਤ! ਕਾਜਲੁ—ਕੱਜਲ, ਸੁਰਮਾ। ਤਮੋਲ ਰਸੁ—ਪਾਨ ਦਾ ਰਸ। ਬਿਨੁ ਪਸੇ—ਦਰਸ਼ਨ ਦੇਖੇ ਬਗ਼ੈਰ। ਹਭਿ—ਸਾਰੇ। ਛਾਰੁ—ਸੁਆਹ ਵਾਂਗ ਨਿਕੰਮੇ।੩।

***ਅਰਥ :***

ਮੇਰਿਆ ਪ੍ਰਭੂ ਸਾਜਨਾ! ਤੂੰ (ਕਿਰਪਾ ਕਰ ਕੇ ਮੇਰੇ ਨਾਲ) ਬੋਲ, (ਇਸ ਕਿਰਪਾ ਵਜੋਂ) ਮੈਂ ਆਪਣਾ ਸਿਰ ਉਤਾਰ ਕੇ ਤੇਰੀ ਭੇਟਾ ਕਰ ਦੇਵਾਂ।

ਮੇਰੇ ਨੈਣ ਤਰਸਦੇ ਰਹਿੰਦੇ ਹਨ (ਅਤੇ ਮੇਰੀ ਸਦਾ ਇਹ ਤਾਂਘ ਬਣੀ ਰਹਿੰਦੀ ਹੈ) ਕਿ ਕਦੋਂ ਤੇਰਾ (ਮੁਬਾਰਿਕ) ਦੀਦਾਰ (ਦਰਸ਼ਨ) ਦੇਖਾਂ।੧।

(ਸੱਜਣ-ਪ੍ਰਭੂ!) ਮੇਰਾ ਪਿਆਰ (ਕੇਵਲ) ਤੇਰੇ ਨਾਲ ਹੈ। ਮੈਂ ਵੇਖ ਲਿਆ ਹੈ, ਹੋਰ ਸਾਰੇ (ਦੁਨਿਆਵੀ) ਪਿਆਰ ਝੂਠੇ ਹਨ। ਜਿੰਨਾ ਚਿਰ ਤੈਂ-ਪ੍ਰੀਤਮ ਦਾ ਦੀਦਾਰ ਨਾ ਹੋ ਜਾਵੇ, ਮੈਨੂੰ ਪਹਿਨਣ ਖਾਣ (ਸਭ) ਡਰਾਉਣੇ ਲਗਦੇ ਹਨ (ਵਢੂੰ ਵਢੂੰ ਕਰਦੇ ਹਨ)।੨।

ਹੇ ਪਿਆਰੇ ਕੰਤ! (ਮੇਰੀ ਸਦਾ ਇਹ ਰੀਝ ਹੁੰਦੀ ਹੈ ਕਿ) ਨਿਤ ਤੜਕੇ (ਅੰਮ੍ਰਿਤ ਵੇਲੇ) ਉਠ ਕੇ ਤੇਰਾ ਦੀਦਾਰ ਕਰਾਂ। ਤੇਰੇ ਦੀਦਾਰ ਤੋਂ ਬਗ਼ੈਰ ਕੱਜਲ, ਹਾਰ ਅਤੇ ਪਾਨਾਂ ਦਾ ਰਸ (ਸਾਰੇ ਹਾਰ-ਸ਼ਿੰਗਾਰ) ਸਵਾਹ ਵਾਂਗ (ਤੁਛ) ਲਗਦੇ ਹਨ।੩।

## ਪਉੜੀ ॥

**ਤੂ ਸਚਾ ਸਾਹਿਬੁ ਸਚੁ, ਸਚੁ ਸਭੁ ਧਾਰਿਆ ॥**
**ਗੁਰਮੁਖਿ ਕੀਤੋ ਥਾਟੁ, ਸਿਰਜਿ ਸੰਸਾਰਿਆ ॥**
**ਹਰਿ ਆਗਿਆ ਹੋਏ ਬੇਦ, ਪਾਪੁ ਪੁੰਨੁ ਵੀਚਾਰਿਆ ॥**
**ਬ੍ਰਹਮਾ ਬਿਸਨੁ ਮਹੇਸੁ, ਤ੍ਰੈ ਗੁਣ ਬਿਸਥਾਰਿਆ ॥**

**ਨਵ ਖੰਡ ਪ੍ਰਿਥਮੀ ਸਾਜਿ, ਹਰਿ ਰੰਗ ਸਵਾਰਿਆ ॥**
**ਵੇਕੀ ਜੰਤ ਉਪਾਇ, ਅੰਤਰਿ ਕਲ ਧਾਰਿਆ ॥**
**ਤੇਰਾ ਅੰਤੁ ਨ ਜਾਣੈ ਕੋਇ, ਸਚੁ ਸਿਰਜਣਹਾਰਿਆ ॥**
**ਤੂ ਜਾਣਹਿ ਸਭ ਬਿਧਿ ਆਪਿ, ਗੁਰਮੁਖਿ ਨਿਸਤਾਰਿਆ ॥੧॥**

***ਉਚਾਰਣ :***

ਜਾਣਹਿ—(ਜਾਣਦਾ ਹੈਂ) ਅੰਤਲੇ ਸੂਰ ਦਾ ਉਚਾਰਣ ਨਾਸਕੀ।

***ਪਦ ਅਰਥ :***

ਸਚਾ—ਸਦਾ ਥਿਰ। ਸਾਹਿਬੁ—ਮਾਲਕ-ਪ੍ਰਭੂ। ਧਾਰਿਆ—ਇਸਥਿਤ ਕੀਤਾ (ਟਿਕਾਇਆ) ਹੋਇਆ। ਗੁਰਮੁਖਿ—ਗੁਰੂ ਦੁਆਰਾ। ਥਾਟੁ—(ਜਗਤ-ਉਧਾਰ ਦਾ) ਬਾਨ੍ਹਣੂ। ਸਿਰਜਿ—ਸਿਰਜ ਕੇ, ਸਾਜ ਕੇ। ਤ੍ਰੈ ਗੁਣ ਬਿਸਥਾਰਿਆ—ਤਿੰਨਾਂ ਗੁਣਾਂ (ਤਮੋ, ਰਜੋ, ਸਤੋ) ਵਾਲਾ ਖਿਲਾਰਾ। ਵੇਕੀ—ਭਾਂਤ ਭਾਂਤ ਦੇ। ਅੰਤਰਿ—(ਜੀਵਾਂ) ਅੰਦਰ। ਕਲ—ਸਤਿਆ, ਸ਼ਕਤੀ। ਸਿਰਜਣਹਾਰਿਆ—ਹੇ ਸਿਰਜਣਹਾਰ, ਹੇ ਕਰਣਹਾਰ ਕਰਤਾਰ! ਸਭ ਬਿਧਿ—ਸਾਰੀ ਵਿਧੀ-ਵਿਉਂਤ। ਨਿਸਤਾਰਿਆ—ਪਾਰ ਉਤਾਰਦਾ ਹੈਂ।

***ਅਰਥ :***

(ਹੇ ਵਾਹਿਗੁਰੂ !) ਤੂੰ ਸਦਾ-ਥਿਰ ਮਾਲਿਕ-ਪ੍ਰਭੂ ਹੈਂ, (ਨਿਰੋਲ) ਸਚ-ਸਰੂਪ ਹੈਂ, ਸਾਰਾ ਕੁਝ (ਕੁਦਰਤਿ) ਜੋ ਤੂੰ ਸਿਰਜਿਆ ਹੋਇਆ ਹੈ ਉਹ ਵੀ ਸੱਚ ਹੈ (ਕਿਉਂ ਜੁ ਇਹ ਸਚ-ਸਰੂਪ ਵਾਹਿਗੁਰੂ ਦੀ ਕ੍ਰਿਤ ਹੈ, ਜਿਸ ਵਿਚ ਸਚ-ਸਰੂਪ ਆਪ ਬਿਰਾਜਮਾਨ ਹੈ ਅਤੇ ਜਿਸ ਦਾ ਪ੍ਰਯੋਜਨ ਅਦ੍ਰਿਸ਼ਟ ਸਚ ਨੂੰ ਰੂਪਮਾਨ ਕਰਨਾ ਹੀ ਹੈ)।

ਸੰਸਾਰ ਨੂੰ ਸਾਜ ਕੇ ਗੁਰੂ ਦੁਆਰਾ (ਇਸ ਦੇ ਉਧਾਰ ਦਾ) ਬਾਨ੍ਹਣੂ (ਤੂੰ ਆਪ ਹੀ) ਬੰਨ੍ਹਿਆ ਹੋਇਆ ਹੈ।

ਹੇ ਹਰੀ ! ਤੇਰੀ ਰਜ਼ਾਅ ਵਿਚ ਹੀ ਬੇਦ ਹੋਂਦ ਵਿਚ ਆਏ, ਜਿਨ੍ਹਾਂ ਵਿਚ ਪਾਪ ਪੁੰਨ ਦਾ ਵਿਚਾਰ ਨਿਰੂਪਣ ਕੀਤਾ ਹੋਇਆ ਹੈ।

ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ (ਸਾਜ ਕੇ ਤੂੰ ਹੀ) ਤ੍ਰਿਗੁਣੀ ਸੰਸਾਰ ਦਾ ਵਿਸਥਾਰ ਕੀਤਾ ਹੋਇਆ ਹੈ।

ਹਰੀ ! ਨਵਾਂ ਖੰਡਾਂ ਵਾਲੀ ਸ੍ਰਿਸ਼ਟੀ ਦੀ ਸਿਰਜਣਾ ਕਰ ਕੇ (ਤੂੰ ਹੀ) ਇਸ

ਨੂੰ ਨਾਨਾ ਪ੍ਰਕਾਰ ਦੇ ਰੰਗਾਂ (ਕੁਦਰਤਿ) ਨਾਲ ਸਵਾਰਿਆ ਸ਼ਿੰਗਾਰਿਆ ਹੋਇਆ ਹੈ।

ਭਾਂਤ-ਭਾਂਤ ਦੇ ਜੀਵ ਪੈਦਾ ਕਰ ਕੇ ਉਹਨਾਂ ਅੰਦਰ ਆਪਣੀ ਚੇਤਨ-ਸਤਾ ਟਿਕਾਅ ਕੇ (ਉਹਨਾਂ ਨੂੰ) ਇਸਥਿਤ ਕੀਤਾ ਹੋਇਆ ਹੈ।

ਹੇ ਕਰਣਹਾਰ ਕਰਤਾਰ! ਤੇਰਾ ਸਰੂਪ 'ਸਚੁ' ਹੈ, ਕੋਈ ਤੇਰਾ ਅੰਤ ਨਹੀਂ ਪਾ ਸਕਦਾ।

(ਆਪਣੀ ਰਚਨਾ ਨੂੰ ਸਾਜਣ, ਚਲਾਉਣ ਅਤੇ ਨਿਸਤਾਰਨ ਦੀ) ਸਾਰੀ ਵਿਧੀ-ਵਿਉਂਤ ਤੂੰ ਆਪ ਹੀ ਜਾਣਦਾ ਹੈਂ ਅਤੇ ਗੁਰੂ ਦੀ ਰਾਹੀਂ (ਜੀਵਾਂ ਦਾ) ਪਾਰ-ਉਤਾਰਾ ਕਰਦਾ ਹੈਂ।੧।

**ਡਖਣੇ ਮਃ ੫ ॥**

**ਜੇ ਤੂ ਮਿਤ੍ਰੁ ਅਸਾਡੜਾ, ਹਿਕ ਭੋਰੀ ਨਾ ਵੇਛੋੜਿ ॥**
**ਜੀਉ ਮਹਿੰਜਾ ਤਉ ਮੋਹਿਆ, ਕਦਿ ਪਸੀ ਜਾਨੀ ਤੋਹਿ ॥੧॥**

**ਮਃ ੫ ॥ ਦੁਰਜਨ ਤੂ ਜਲੁ ਭਾਹੜੀ, ਵਿਛੋੜੇ ਮਰਿ ਜਾਹਿ ॥**
**ਕੰਤਾ ਤੂ ਸਉ ਸੇਜੜੀ, ਮੈਡਾ ਹਭੋ ਦੁਖੁ ਉਲਾਹਿ ॥੨॥**

**ਮਃ ੫ ॥ ਦੁਰਜਨੁ ਦੂਜਾ ਭਾਉ ਹੈ, ਵੇਛੋੜਾ ਹਉਮੈ ਰੋਗੁ ॥**
**ਸਜਣੁ ਸਚਾ ਪਾਤਿਸਾਹੁ, ਜਿਸੁ ਮਿਲਿ ਕੀਚੈ ਭੋਗੁ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਪਸੀ—ਮੈਂ ਪਰਸਾਂ (ਵੇਖਾਂ)। ਸਉ—ਸੌਂ, ਸਉਣਾ ਕਰ।

ਮਹਿੰਜਾ—ਅਰੰਭਕ 'ਮ' ਇਸ ਸ਼ਬਦ ਦਾ ਮੂਲਕ ਭਾਗ ਹੈ, ਸੋ ਸਮੁੱਚੇ ਸ਼ਬਦ ਦਾ ਉਚਾਰਣ ਇਕੱਠਾ ਕਰਨਾ ਚਾਹੀਦਾ ਹੈ। ਮ+ਹਿੰਜਾ ਵਾਂਗ ਉਚਾਰਣ ਸ਼ੁਧ ਨਹੀਂ।

ਤਉ—ਉਚਾਰਣ ਤੌਂ ਵਾਂਗ।

ਤੋਹਿ, ਜਾਹਿ, ਉਲਾਹਿ—ਅੰਤਲੇ 'ਹ' ਨੂੰ ਲਗੀ ਸਿਹਾਰੀ (ਿ) ਦਾ ਉਚਾਰਣ ਕਸ ਕੇ ਕਰਨਾ ਹੈ, ਤਾਂ ਜੁ ਇਹ ਉਲਾਰ ਹੋ ਕੇ ਲਾਂ (ੇ) ਦੀ ਧੁਨੀ ਵਿਚ ਨਾ ਵਟੀਜ ਜਾਏ।

ਪਾਤਿਸਾਹੁ—ਵਿਚਕਾਰਲੇ 'ਸ' ਦਾ ਉਚਾਰਨ ਵਿਸ਼ੇਸ਼ ਧੁਨੀ ਵਿਚ।

***ਪਦ ਅਰਥ :***

ਅਸਾਡੜਾ—ਸਾਡਾ, ਅਸਾਂ ਦਾ। ਹਿਕ—ਇਕ। ਭੋਰੀ—ਰਤਾ ਕੁ ਜਿੰਨਾ ਸਮਾਂ। ਜੀਉ ਮਹਿੰਜਾ—ਮੇਰਾ ਦਿਲ। ਤਉ—ਤੂੰ। ਕਦਿ—ਕਦੋਂ ? ਪਸੀ—ਮੈਂ ਪਰਸਾਂ (ਵੇਖਾਂ)। ਜਾਨੀ—ਹੇ ਪ੍ਰਾਣ ਪਿਆਰੇ !।੧।

ਦੁਰਜਨ—ਦੁਸ਼ਟ (ਖੋਟੀ) ਭਾਵਨਾ ਵਾਲਾ। ਜਲੁ—ਸੜ ਜਾਹ। ਭਾਹੜੀ—ਅੱਗ ਵਿਚ। ਹਭੋ—ਸਾਰਾ। ਉਲਾਹਿ—ਲਾਹ ਦੇ, ਦੂਰ ਕਰ ਦੇ।੨।

ਦੂਜਾ ਭਾਉ—(ਇਕ ਪ੍ਰਭੂ ਤੋਂ ਬਿਨਾਂ) ਕਿਸੇ ਹੋਰ ਨਾਲ ਲਗਾਉ। ਕੀਚੈ—ਕਰਨਾ ਚਾਹੀਦਾ ਹੈ। ਭੋਗੁ—(ਆਤਮਿਕ) ਅਨੰਦ।੩।

***ਅਰਥ :***

(ਹੇ ਵਾਹਿਗੁਰੂ !) ਜੇ ਤੂੰ (ਕਿਰਪਾ ਕਰ ਕੇ) ਸਾਡਾ ਮਿੱਤਰ (ਬਣਿਆ) ਹੈਂ ਤਾਂ ਹੁਣ ਇਕ ਛਿਨ ਮਾਤ੍ਰ ਲਈ ਵੀ (ਆਪਣੇ ਨਾਲੋਂ) ਪਰ੍ਹੇ ਨਾ ਕਰ। ਕਿਉਂ ਜੁ ਮੇਰਾ ਦਿਲ ਤੂੰ ਮੋਹ ਲਿਆ ਹੈ। (ਹਰ ਸਮੇਂ ਇਹੀ ਤਾਂਘ ਰਹਿੰਦੀ ਹੈ ਕਿ) ਹੇ ਮੇਰੇ ਦਿਲ-ਜਾਨੀ ! (ਪ੍ਰਾਣ ਪਿਆਰੇ !) ਤੈਨੂੰ ਕਦੋਂ ਪਰਸਾਂ (ਵੇਖਾਂ)।੧।

(ਪ੍ਰਭੂ ਤੋਂ ਵਿਛੋੜਨ ਵਾਲੇ) ਵੈਰੀ ! ਤੂੰ ਅੱਗ ਵਿਚ ਸੜ ਮਰ। ਵਿਛੋੜੇ ! ਤੂੰ ਮਰ ਮੁਕ ਜਾਹ ! ਪਿਆਰੇ ਪਤੀ ! ਤੂੰ ਮੇਰੀ ਹਿਰਦੇ-ਸੇਜ ਉਤੇ ਆ ਬਿਰਾਜ (ਅਤੇ ਆਪਣੇ ਦਰਸ-ਮਿਲਾਪ ਦੁਆਰਾ ਵਿਛੋੜੇ ਦਾ) ਮੇਰਾ ਸਾਰਾ ਦੁਖ ਲਾਹ ਦੇਹ !।੨।

ਦੂਜਾ ਭਾਉ (ਵਾਹਿਗੁਰੂ ਨੂੰ ਛਡ ਕੇ ਕਿਸੇ ਹੋਰ ਨਾਲ ਪਿਆਰ) ਹੀ ਅਸਲ ਵਿਚ ਵੈਰੀ ਹੈ। ਹਉਮੈ (ਮੈਂ-ਮੇਰੀ) ਦਾ (ਦੀਰਘ) ਰੋਗ ਹੀ ਅਸਲ ਵਿਚ ਵਿਛੋੜਾ (ਦੂਰੀ ਦਾ ਮੂਲ-ਕਾਰਨ) ਹੈ। ਸਦਾ ਥਿਰ ਰਹਿਣ ਵਾਲਾ ਪਾਤਸ਼ਾਹ (ਵਾਹਿਗੁਰੂ) ਹੀ (ਜੀਵ ਦਾ) ਅਸਲ ਮਿੱਤਰ ਹੈ, ਜਿਸ ਨਾਲ ਮਿਲ ਕੇ ਆਤਮ-ਭੋਗ (ਆਤਮ-ਪਰਮਾਤਮ ਦੀ ਅਭੇਦਤਾ ਦਾ ਅਨੰਦ) ਕਰਨਾ ਚਾਹੀਦਾ ਹੈ।੩।

## ਪਉੜੀ ॥

**ਤੂ ਅਗਮ ਦਇਆਲੁ ਬੇਅੰਤੁ, ਤੇਰੀ ਕੀਮਤਿ ਕਹੈ ਕਉਣੁ ॥**
**ਤੁਧੁ ਸਿਰਜਿਆ ਸਭੁ ਸੰਸਾਰੁ, ਤੂ ਨਾਇਕੁ ਸਗਲ ਭਉਣ ॥**
**ਤੇਰੀ ਕੁਦਰਤਿ ਕੋਇ ਨ ਜਾਣੈ, ਮੇਰੇ ਠਾਕੁਰ ਸਗਲ ਰਉਣ ॥**

**ਤੁਧੁ ਅਪੜਿ ਕੋਇ ਨ ਸਕੈ, ਤੂ ਅਬਿਨਾਸੀ ਜਗ ਉਧਰਣ ॥**
**ਤੁਧੁ ਥਾਪੇ ਚਾਰੇ ਜੁਗ, ਤੂ ਕਰਤਾ ਸਗਲ ਧਰਣ ॥**
**ਤੁਧੁ ਆਵਣ ਜਾਣਾ ਕੀਆ, ਤੁਧੁ ਲੇਪੁ ਨ ਲਗੈ ਤ੍ਰਿਣ ॥**
**ਜਿਸੁ ਹੋਵਹਿ ਆਪਿ ਦਇਆਲੁ, ਤਿਸੁ ਲਾਵਹਿ ਸਤਿਗੁਰ ਚਰਣ ॥**
**ਤੂ ਹੋਰਤੁ ਉਪਾਇ ਨ ਲਭਹੀ, ਅਬਿਨਾਸੀ ਸ੍ਰਿਸਟਿ ਕਰਣ ॥੨॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਨ ਨਾਸਕੀ ਹੈ :

ਹੋਵਹਿ—ਤੂੰ ਹੋਵੇਂ। ਲਾਵਹਿ—ਤੂੰ ਲਾਉਂਦਾ ਹੈਂ। ਨ ਲਭਹੀ—ਤੂੰ ਨਹੀਂ ਲੱਭ ਸਕਦਾ।

ਉਧਰਣ—ਉਚਾਰਣ ਉਧੱਰਣ ਵਾਂਗ (ਉਧਾਰਨ ਵਾਲਾ)।

***ਪਦ ਅਰਥ :***

ਅਗਮ—ਪਹੁੰਚ ਤੋਂ ਪਰ੍ਹੇ। ਸਿਰਜਿਆ—ਰਚਿਆ। ਨਾਇਕੁ—ਮਾਲਕ। ਸਗਲ ਭਉਣ—ਸਾਰੇ ਭਵਨਾਂ (ਪੁਰੀਆਂ) ਦਾ। ਸਗਲ ਰਉਣ—ਸਾਰਿਆਂ ਵਿਚ ਰਮੇ ਹੋਏ (ਵਿਆਪਕ)। ਅਪੜਿ—ਪਹੁੰਚ। ਅਬਿਨਾਸੀ—ਨਾਸ ਰਹਿਤ। ਜਗ ਉਧਰਣ—ਜਗਤ (ਦੇ ਜੀਵਾਂ) ਦਾ ਪਾਰ-ਉਤਾਰਾ ਕਰਨ ਵਾਲਾ। ਥਾਪੇ—ਰਚੇ। ਧਰਣਿ—ਧਰਤੀ, ਸ੍ਰਿਸ਼ਟੀ। ਆਵਣ ਜਾਣਾ—ਜੰਮਣਾ ਮਰਨਾ। ਲੇਪੁ—ਦਾਗ਼। ਤ੍ਰਿਣ—ਤੀਲੇ (ਰਤਾ) ਜਿੰਨਾ ਵੀ। ਹੋਵਹਿ—ਤੂੰ ਹੁੰਦਾ ਹੈਂ। ਲਾਵਹਿ—ਤੂੰ ਲਾਉਂਦਾ ਹੈਂ। ਉਪਾਇ—ਜਤਨ ਨਾਲ। ਸ੍ਰਿਸਟਿ ਕਰਣ—ਸ੍ਰਿਸ਼ਟੀ ਦੇ ਕਰਨਹਾਰ! ।੨।

***ਅਰਥ :***

(ਹੇ ਪ੍ਰਭੂ!) ਤੂੰ ਇੰਦਰਿਆਂ ਦੀ ਪਹੁੰਚ ਤੋਂ ਪਰ੍ਹੇ ਹੈਂ, ਦਇਆ ਦਾ ਪੁੰਜ ਹੈਂ; ਬੇਅੰਤ ਹੈਂ, ਤੇਰੀ ਕੀਮਤ (ਮੁੱਲ) ਕੌਣ ਦੱਸ ਸਕਦਾ ਹੈ।

ਇਹ ਸਾਰਾ (ਦ੍ਰਿਸ਼ਟਮਾਨ) ਜਗਤ ਤੂੰ ਹੀ ਰਚਿਆ ਹੈ, ਤੂੰ ਹੀ ਸਾਰੇ (ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ) ਭਵਨਾਂ ਦਾ ਮਾਲਕ ਹੈਂ।

ਹੇ ਸਾਰਿਆਂ ਵਿਚ ਰਮੇ ਹੋਏ (ਵਿਆਪਕ) ਮਾਲਕ! ਤੇਰੀ ਕੁਦਰਤਿ (ਕਲਾ) ਨੂੰ ਕੌਣ ਬਿਆਨ ਕਰ ਸਕਦਾ ਹੈ?

ਤੂੰ ਨਾਸ-ਰਹਿਤ ਹੈਂ ਅਤੇ ਸਾਰੇ ਸੰਸਾਰ ਦਾ ਪਾਰ-ਉਤਾਰਾ ਕਰਨ ਵਾਲਾ ਹੈਂ, (ਤੇਰੀ ਮਹਿਮਾ ਨੂੰ) ਕੋਈ ਪਹੁੰਚ ਨਹੀਂ ਸਕਦਾ (ਭਾਵ, ਕੋਈ ਤੇਰੀ ਬਰਾਬਰੀ ਨਹੀਂ ਕਰ ਸਕਦਾ)।

ਚਾਰੇ ਜੁਗ (ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ, ਭਾਵ, ਇਹ ਚਾਰ ਕਾਲ-ਟੋਟੇ) ਤੂੰ ਹੀ ਰਚੇ ਹਨ। ਤੂੰ ਸਾਰੀ ਧਰਤੀ ਦਾ ਕਰਨਹਾਰ ਕਰਤਾਰ ਹੈਂ।

ਸਾਰੇ (ਜੀਵਾਂ-ਜੰਤੂਆਂ ਦਾ) ਆਉਣਾ ਜਾਣਾ (ਜੰਮਣ ਮਰਨਾ) ਤੂੰ ਹੀ ਕੀਤਾ ਹੋਇਆ ਹੈ, ਪਰ ਕਾਲ ਦਾ ਲੇਪ-ਛੇਪ (ਅਸਰ) ਤੈਨੂੰ ਰੰਚਕ ਮਾਤਰ ਵੀ ਨਹੀਂ ਲਗਦਾ।

ਜਿਸ ਉਤੇ ਤੂੰ ਆਪ ਦਇਆਵਾਨ ਹੁੰਦਾ ਹੈਂ ਉਸ ਨੂੰ ਸਤਿਗੁਰੂ ਦੀ ਚਰਨੀਂ ਲਾ ਦਿੰਦਾ ਹੈਂ।

ਹੇ ਸਾਰੀ ਸ੍ਰਿਸ਼ਟੀ ਦੇ ਅਬਿਨਾਸ਼ੀ ਪ੍ਰਭੂ! ਤੂੰ (ਗੁਰੂ ਦੀ ਸ਼ਰਨੀ ਲਗਣ ਤੋਂ ਛੁਟ) ਕਿਸੇ ਵੀ ਹੋਰ ਜਤਨ ਦੁਆਰਾ ਪ੍ਰਾਪਤ ਨਹੀਂ ਹੋ ਸਕਦਾ।੨।

**ਡਖਣੇ ਮ: ੫ ॥**

**ਜੇ ਤੂ ਵਤਹਿ ਅੰਙਣੇ, ਹਭ ਧਰਤਿ ਸੁਹਾਵੀ ਹੋਇ ॥**
**ਹਿਕਸੁ ਕੰਤੇ ਬਾਹਰੀ, ਮੈਡੀ ਵਾਤ ਨ ਪੁਛੈ ਕੋਇ ॥੧॥**

**ਮ: ੫ ॥ ਹਭੇ ਟੋਲ ਸੁਹਾਵਣੇ, ਸਹੁ ਬੈਠਾ ਅੰਙਣੁ ਮਲਿ ॥**
**ਪਹੀ ਨ ਵੰਞੈ ਬਿਰਥੜਾ, ਜੋ ਘਰਿ ਆਵੈ ਚਲਿ ॥੨॥**

**ਮ: ੫ ॥ ਸੇਜ ਵਿਛਾਈ ਕੰਤ ਕੂ, ਕੀਆ ਹਭੁ ਸੀਗਾਰੁ ॥**
**ਇਤੀ ਮੰਝਿ ਨ ਸਮਾਵਈ, ਜੇ ਗਲਿ ਪਹਿਰਾ ਹਾਰੁ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ:
ਵਤਹਿ—ਆ ਵਸੇਂ। ਪਹਿਰਾ—ਮੈਂ ਪਹਿਨ (ਪਾ) ਲਵਾਂ।
ਇਤੀ—'ਤ' ਦੀ ਧੁਨੀ ਦਾ ਉਚਾਰਣ ਦੁੱਤ ਕਰ ਕੇ।

***ਪਦ ਅਰਥ :***

ਵਤਹਿ—ਆ ਜਾਏਂ। ਅੰਙਣੇ—(ਹਿਰਦੇ ਰੂਪੀ) ਵਿਹੜੇ ਵਿਚ। ਹਭ—ਸਾਰੀ।

ਧਰਤਿ—(ਸਰੀਰ-) ਧਰਤੀ। ਸੁਹਾਵੀ—ਸ਼ੋਭਾ ਵਾਲੀ। ਹਿਕਸੁ—ਕੇਵਲ ਇਕ। ਕੰਤੈ ਬਾਹਰੀ—ਪਤੀ ਤੋਂ ਵਿਰਵੀ (ਵਿਛੜੀ ਹੋਈ) ਦੀ। ਮੈਡੀ—ਮੇਰੀ। ਵਾਤ—ਖ਼ਬਰ, ਸੁਰਤ।੧।

ਹਭੇ—ਸਾਰੇ। ਟੋਲ—ਅਡੰਬਰ, ਸ਼ੋਭਾ ਦੇ ਸਾਮਾਨ। ਸਹੁ—ਪ੍ਰਭੂ-ਪਤੀ। ਅੰਙਣੁ—(ਹਿਰਦਾ ਰੂਪ) ਵਿਹੜਾ। ਮਲਿ—ਮਲ ਕੇ। ਪਹੀ—ਰਾਹੀ, ਪਾਂਧੀ, ਅਭਿਆਗਤ। ਨ ਵੰਞੈ—ਨਹੀਂ ਜਾਂਦਾ। ਬਿਰਥੜਾ—ਖ਼ਾਲੀ। ਘਰਿ—(ਹਿਰਦੇ-) ਘਰ ਵਿਚ।੨।

ਕੰਤ ਕੂ—ਪਤੀ ਲਈ। ਹਭੁ—ਸਾਰਾ। ਇਤੀ—ਏਨੀ ਵੀ (ਵਿਥ)। ਮੰਝਿ—ਵਿਚਕਾਰ (ਮੇਰੇ ਅਤੇ ਪਤੀ ਦੇ)। ਨ ਸਮਾਵਈ—ਨਹੀਂ ਸਮਾਅ ਸਕਦੀ (ਗੁੰਜਾਇਸ਼ ਨਹੀਂ)। ਗਲਿ—ਗਲ ਵਿਚ।੩।

***ਅਰਥ :***

(ਪਿਆਰੇ ਕੰਤ!) ਜੇ ਤੂੰ ਮੇਰੇ ਹਿਰਦੇ-ਵਿਹੜੇ ਵਿਚ ਆ ਵਸੇਂ, ਸਾਰੀ ਸਰੀਰ-ਧਰਤੀ ਸ਼ੋਭਨੀਕ ਹੋ ਜਾਏ। ਇਕ ਤੈਂ ਕੰਤ ਤੋਂ ਛੁਟੜ ਹੋਈ ਦੀ ਮੇਰੀ ਵਾਤ (ਸਾਰ ਖ਼ਬਰ) ਹੀ ਕੋਈ ਨਹੀਂ ਪੁਛਦਾ।੧।

ਜਦੋਂ ਪ੍ਰਭੂ-ਪਤੀ ਹਿਰਦਾ-ਵਿਹੜਾ ਮੱਲੀ ਬੈਠਾ ਹੋਵੇ ਤਾਂ ਸਾਰੇ ਅਡੰਬਰ (ਸ਼ੋਭਾ ਦੇ ਸਾਮਾਨ) ਸੁਭਾਇਮਾਨ ਹੋ ਜਾਂਦੇ ਹਨ। ਕੋਈ ਵੀ ਜਗਿਆਸੂ-ਪਾਂਧੀ ਜੋ ਬਾਹਰਲੀ ਝਾਕ ਛਡ ਕੇ ਹਿਰਦੇ-ਘਰ ਚਲ ਆਉਂਦਾ ਹੈ, ਉਹ ਖ਼ਾਲੀ ਨਹੀਂ ਜਾਂਦਾ, (ਭਾਵ, ਵਰੋਸਾਇਆ ਜਾਂਦਾ ਹੈ)।੨।

ਮੈਂ ਆਪਣੇ ਪਤੀ (ਦੇ ਸੰਜੋਗ) ਲਈ (ਹਿਰਦੇ-ਤਖ਼ਤ ਉਤੇ) ਸੇਜਾ ਸਵਾਰੀ ਹੈ, ਆਤਮ ਅਨੰਦ ਦਾ ਸਾਰਾ (ਸਹਜ) ਸ਼ਿੰਗਾਰ ਕੀਤਾ ਹੈ। ਹੁਣ (ਮੇਰੇ ਤੇ ਪਤੀ ਦੇ) ਵਿਚਕਾਰ ਏਨੀ ਵਿਥ ਵੀ ਨਹੀਂ ਸਹਾਰੀ ਜਾਂਦੀ ਕਿ ਗਲ ਵਿਚ ਹਾਰ ਹੀ ਪਹਿਨ ਲਵਾਂ। (ਭਾਵ, ਅਸਲ ਸ਼ਿੰਗਾਰ ਤਾਂ ਉਹ ਹਨ, ਜੋ ਪ੍ਰਭੂ-ਪਤੀ ਦੇ ਮਿਲਾਪ ਵਿਚ ਸਹਾਈ ਹੋਣ; ਪਰ ਜਿਹੜੇ ਸ਼ਿੰਗਾਰ ਪਤੀ-ਮਿਲਾਪ ਵਿਚ ਵਿੱਥ ਪਾਉਣ, ਉਨ੍ਹਾਂ ਨਾਲ ਸਾਂਝ ਕਾਹਦੀ ?)।੩।

## ਪਉੜੀ ॥

**ਤੂ ਪਾਰਬ੍ਰਹਮ ਪਰਮੇਸਰੁ, ਜੋਨਿ ਨ ਆਵਹੀ ॥**
**ਤੂ ਹੁਕਮੀ ਸਾਜਹਿ ਸ੍ਰਿਸਟਿ, ਸਾਜਿ ਸਮਾਵਹੀ ॥**

**ਤੇਰਾ ਰੂਪੁ ਨ ਜਾਈ ਲਖਿਆ, ਕਿਉ ਤੁਝਹਿ ਧਿਆਵਹੀ ॥**
**ਤੂ ਸਭ ਮਹਿ ਵਰਤਹਿ ਆਪਿ, ਕੁਦਰਤਿ ਦੇਖਾਵਹੀ ॥**
**ਤੇਰੀ ਭਗਤਿ ਭਰੇ ਭੰਡਾਰ, ਤੋਟਿ ਨ ਆਵਹੀ ॥**
**ਏਹਿ ਰਤਨ ਜਵੇਹਰ ਲਾਲ, ਕੀਮ ਨ ਪਾਵਹੀ ॥**
**ਜਿਸੁ ਹੋਵਹਿ ਆਪਿ ਦਇਆਲੁ, ਤਿਸੁ ਸਤਿਗੁਰ ਸੇਵਾ ਲਾਵਹੀ ॥**
**ਤਿਸੁ ਕਦੇ ਨ ਆਵੈ ਤੋਟਿ, ਜੋ ਹਰਿ ਗੁਣ ਗਾਵਹੀ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਨ ਆਵਹੀ—ਤੂੰ ਨਹੀਂ ਆਉਂਦਾ। ਸਾਜਹਿ—ਤੂੰ ਸਾਜਦਾ (ਰਚਦਾ) ਹੈਂ। ਸਮਾਵਹੀ—ਤੂੰ ਸਮਾ ਜਾਂਦਾ ਹੈਂ। ਕਿਉਂ—ਕਿਵੇਂ ? ਧਿਆਵਹੀ—(ਜੀਵ) ਧਿਆ ਸਕਦੇ ਹਨ। ਮਹਿ—ਵਿਚ। ਵਰਤਹਿ—ਤੂੰ ਵਰਤਦਾ ਹੈਂ। ਦੇਖਾਵਹੀ—ਤੂੰ ਦਿਖਾਉਂਦਾ ਹੈਂ (ਆਪਣਾ ਅਰੂਪ ਰੂਪ)। ਨ ਆਵਹੀ—ਨਹੀਂ ਆਉਂਦੇ। ਨ ਪਾਵਹੀ—ਨਹੀਂ ਪਾ ਸਕਦੇ। ਹੋਵਹਿ—ਤੂੰ ਹੁੰਦਾ ਹੈਂ। ਲਾਵਹੀ—ਤੂੰ ਲਾਉਂਦਾ ਹੈਂ। ਗਾਵਹੀ—ਗਾਉਂਦੇ ਹਨ।

ਸ੍ਰਿਸਟਿ—ਵਿਚਕਾਰਲਾ 'ਸ' ਉਚਾਰਣ ਵਿਸ਼ੇਸ਼ ਧੁਨੀ।

ਤੁਝਹਿ—ਉਚਾਰਣ ਨਾਸਕਤਾ ਬਿਨਾਂ।

***ਪਦ ਅਰਥ :***

ਜੋਨਿ—ਜੋਨੀ (ਗਰਭ) ਵਿਚ। ਨ ਜਾਈ ਲਖਿਆ—ਨਹੀਂ ਜਾਣਿਆ ਜਾ ਸਕਦਾ। ਤੁਝਹਿ—ਤੈਨੂੰ। ਤੋਟਿ ਨ ਆਵਹੀ—ਮੁਕਣ ਵਿਚ ਨਹੀਂ ਆਉਂਦੇ। ਕੀਮ—ਕੀਮਤ। ਨ ਆਵੈ ਤੋਟਿ—ਘਾਟ ਨਹੀਂ ਵਾਪਰਦੀ।੩।

***ਅਰਥ :***

ਹੇ ਵਾਹਿਗੁਰੂ ! ਤੂੰ ਪਾਰਬ੍ਰਹਮ ਹੈਂ, ਵੱਡਿਆਂ ਤੋਂ ਵੱਡਾ ਈਸ਼ਵਰ ਹੈਂ, ਤੂੰ ਕਦੀ ਜੂਨੀ ਵਿਚ ਨਹੀਂ ਆਉਂਦਾ।

ਤੂੰ ਆਪਣੇ ਹੁਕਮ ਵਿਚ ਸ੍ਰਿਸ਼ਟੀ ਰਚਦਾ ਹੈਂ, ਅਤੇ ਰਚ ਕੇ (ਆਪਣੇ ਹੁਕਮ

ਵਿਚ ਹੀ) ਇਸ ਨੂੰ ਲੈਅ ਕਰ ਲੈਂਦਾ ਹੈਂ।

ਤੇਰਾ (ਸਚ) ਸਰੂਪ ਜਾਣਿਆ ਨਹੀਂ ਜਾ ਸਕਦਾ, ਫਿਰ ਜੀਵ ਤੈਨੂੰ ਕਿਵੇਂ ਧਿਆ ਸਕਦੇ ਹਨ ?

ਤੂੰ ਆਪ ਹੀ (ਗੁਪਤ ਰੂਪ ਵਿਚ) ਸਭਨਾਂ ਜੀਵਾਂ-ਜੰਤੂਆਂ ਵਿਚ ਵਰਤਦਾ ਹੈਂ; (ਆਪਣੀ ਰਚੀ) ਕੁਦਰਤਿ ਰਾਹੀਂ (ਆਪਣਾ ਅਰੂਪ ਰੂਪ) ਪ੍ਰਗਟ ਕਰ ਰਿਹਾ ਹੈਂ।

ਤੇਰੀ ਭਗਤੀ ਦੇ ਭੰਡਾਰੇ ਸਦਾ ਭਰੇ ਰਹਿੰਦੇ ਹਨ, ਕਦੀ ਘਟਣ ਵਿਚ ਨਹੀਂ ਆਉਂਦੇ (ਭਾਵ, ਉਹਨਾਂ ਵਿਚ ਕਦੀ ਘਾਟ ਨਹੀਂ ਵਾਪਰਦੀ)।

ਇਹ (ਮਾਇਕ) ਹੀਰੇ, ਮਾਣਕ, ਰਤਨ ਆਦਿ (ਤੇਰੀ ਭਗਤੀ ਦੀ) ਕੀਮਤ ਨਹੀਂ ਪਾ ਸਕਦੇ।

ਜਿਸ ਜੀਵ ਉਤੇ ਤੂੰ ਦਇਆਵਾਨ ਹੋ ਜਾਵੇਂ ਉਸ ਨੂੰ ਸਤਿਗੁਰੂ ਦੀ ਸੇਵਾ (ਨਾਮ-ਸਿਮਰਨ) ਵਿਚ ਲਾ ਦਿੰਦਾ ਹੈਂ।

ਹੇ ਹਰੀ ! ਜੋ ਜੀਵ ਤੇਰੇ ਗੁਣਾਂ ਦਾ ਗਾਇਨ ਕਰਦੇ ਹਨ, ਉਸ ਉਸ ਨੂੰ ਕਦੀ ਕਿਸੇ ਕਿਸਮ ਦੀ ਥੁੜ ਨਹੀਂ ਆਉਂਦੀ।੩।

**ਡਖਣੇ ਮ: ੫ ॥**

**ਜਾ ਮੂ ਪਸੀ ਹਠ ਮੈ, ਪਿਰੀ ਮਹਿਜੈ ਨਾਲਿ ॥**
**ਹਭੇ ਡੁਖ ਉਲਾਹਿਅਮੁ, ਨਾਨਕ ਨਦਰਿ ਨਿਹਾਲਿ ॥੧॥**

**ਮ: ੫ ॥ ਨਾਨਕ ਬੈਠਾ ਭਖੇ ਵਾਉ, ਲੰਮੇ ਸੇਵਹਿ ਦਰੁ ਖੜਾ ॥**
**ਪਿਰੀਏ ਤੂ ਜਾਣੁ ਮਹਿਜਾ ਸਾਉ, ਜੋਈ ਸਾਈ ਮੁਹੁ ਖੜਾ ॥੨॥**

**ਮ: ੫ ॥ ਕਿਆ ਗਾਲਾਇਓ ਭੂਛ, ਪਰ ਵੇਲਿ ਨ ਜੋਹੇ ਕੰਤ ਤੂ ॥**
**ਨਾਨਕ ਫੁਲਾ ਸੰਦੀ ਵਾੜਿ, ਖਿੜਿਆ ਹਭੁ ਸੰਸਾਰੁ ਜਿਉ ॥੩॥**

***ਉਚਾਰਣ*:**

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :

ਜਾ—ਜਦੋਂ। ਪਸੀ—ਮੈਂ ਪਰਸਦਾ (ਵੇਖਦਾ) ਹਾਂ। ਸੇਵਹਿ—ਸੇਂਵਦੇ ਹਨ।

ਸਾਈ—ਮਾਲਕ। ਜੋਈ—ਵੇਖਦਾ ਰਵ੍ਹਾਂ। ਫੁਲਾ (ਸੰਦੀ)—ਫੁਲਾਂ ਦੀ। ਜਿਉ—ਜਿਵੇਂ (ਵਾਂਗ)।

***ਪਦ ਅਰਥ :***

ਮੂ—ਮੈਂ। ਪਸੀ—ਪਸੀਂ, ਮੈਂ ਪਰਸਦੀ (ਵੇਖਦੀ) ਹਾਂ, ਨੀਝ ਲਾਉਂਦੀ ਹਾਂ। ਹਠ—ਹਿਰਦਾ। ਮੈ—ਵਿਚ। ਮਹਿਜੈ—ਮੇਰੇ। ਹਭੇ—ਸਾਰੇ। ਡੁਖ—ਦੁਖ। ਉਲਾਹਿਅਮੁ—(ਮੇਰੇ ਦੁਖ) ਲਾਹ ਦਿਤੇ ਹਨ ਉਸ (ਪ੍ਰਭੂ) ਨੇ। ਨਦਰਿ ਨਿਹਾਲਿ—ਮਿਹਰ ਦੀ ਨਿਹਾਲਵੀਂ ਦ੍ਰਿਸ਼ਟੀ ਨਾਲ ਵੇਖ ਕੇ।੧।

ਭਖੇ ਵਾਉ—ਹਵਾ-ਖ਼ੋਰੀ (ਟਹਿਲ-ਕਦਮੀ) ਕਰਦਾ ਹੋਵੇ। ਲੰਮੇ—ਲੇਟੇ ਹੋਏ। ਸੇਵਹਿ ਦਰੁ—ਪ੍ਰਭੂ ਦੇ ਦਰ ਨੂੰ ਸੇਂਵਦੇ ਹਨ, (ਨਾਮ ਸਿਮਰਨ ਕਰਦੇ ਹਨ)। ਖੜਾ—ਖੜੋਤਾ ਹੋਵੇ (ਸਰੀਰ)। ਪਿਰੀਏ—ਹੇ ਪਿਰ! ਜਾਣੂ—(ਪ੍ਰਯੋਜਨ) ਸਮਝ। ਮਹਿਜਾ—ਮੇਰਾ। ਸਾਉ—ਸੁਆਉ, ਪ੍ਰਯੋਜਨ। ਜੋਈ—ਤਕਦਾ ਰਵ੍ਹਾਂ।੨।

ਗਾਲਾਇਓ—ਬੋਲਿਆ ਹੈ। ਭੂਛ—ਬੇ-ਸਮਝ। ਪਰ ਵੇਲਿ—ਪਰਾਈ ਇਸਤ੍ਰੀ। ਨ ਜੋਹੇ—ਨਾ ਵੇਖ। ਵਾੜਿ—ਵਾੜੀ, ਬਗ਼ੀਚੀ। ਹਭੁ—ਸਾਰਾ।੩।

***ਅਰਥ :***

ਜਦੋਂ ਮੈਂ ਆਪਣੇ ਹਿਰਦੇ ਵਿਚ ਧਿਆਨ ਲਾ ਕੇ ਦੇਖਦੀ ਹਾਂ ਤਾਂ ਪਿਆਰਾ ਪ੍ਰੀਤਮ ਮੇਰੇ ਨਾਲ ਵਸਦਾ ਅਨੁਭਵ ਹੁੰਦਾ ਹੈ। ਪ੍ਰਭੂ-ਪਤੀ ਨੇ ਆਪਣੀ ਮਿਹਰ ਦੀ ਨਿਹਾਲਵੀਂ ਦ੍ਰਿਸ਼ਟੀ ਨਾਲ ਤਕ ਕੇ ਮੇਰੇ ਸਾਰੇ ਦੁਖ ਦੂਰ ਕਰ ਦਿਤੇ ਹਨ।੧।

ਨਾਨਕ (ਮੁਹਰ-ਛਾਪ ਲਾ ਕੇ ਵਰਣਨ ਕਰਦੇ ਹਨ) (ਪ੍ਰਭੂ-ਦਰ ਦਾ ਦਰਬਾਰੀ ਸੇਵਕ ਭਾਵੇਂ) ਬੈਠਾ ਹੋਵੇ, ਖੜੋਤਾ ਹੋਵੇ, ਹਵਾ-ਖ਼ੋਰੀ (ਟਹਿਲ ਕਦਮੀ) ਕਰਦਾ ਹੋਵੇ ਜਾਂ ਲੰਮੇ ਪਏ ਦੀ ਹਾਲਤ ਵਿਚ ਹੋਵੇ, ਚਿਤੰਨ ਅਤੇ ਸਾਵਧਾਨ ਹੋਇਆ ਹੋਇਆ, ਪ੍ਰਭੂ ਦੇ ਦਰ ਨੂੰ ਹੀ ਸੇਂਵਦਾ ਰਹਿੰਦਾ ਹੈ (ਨਾਮ ਦੇ ਸਿਮਰਨ-ਅਭਿਆਸ ਵਿਚ ਜੁਟਿਆ ਰਹਿੰਦਾ ਹੈ)। (ਅਤੇ ਅਰਦਾਸ ਕਰਦਾ ਹੈ) ਪਿਆਰੇ ਪ੍ਰੀਤਮ! ਮੇਰੇ (ਦਰ ਤੇ ਖੜ੍ਹੇ ਹੋਣ ਦੇ) ਪ੍ਰਯੋਜਨ ਦਾ ਕੇਵਲ ਤੂੰ ਹੀ ਜਾਣੂ ਹੈਂ, (ਮੇਰੀ ਰੀਝ ਹੈ) ਹੇ ਮੇਰੇ ਸਾਈਂ! ਮੈਂ (ਤੇਰੇ ਦਰ ਤੇ) ਖੜੋਤਾ ਹੋਇਆ ਸਦਾ ਤੇਰਾ ਸੁੰਦਰ ਮੁਖਾਰਬਿੰਦ ਤਕਦਾ ਹੀ ਰਵ੍ਹਾਂ।੨।

ਮੂਰਖ! ਤੂੰ ਕੀ ਆਖਿਆ ਹੈ (ਕੀ ਫੋਕੀ ਫੜ ਮਾਰੀ ਹੈ ਕਿ ਮੈਂ ਕੰਤ ਹਾਂ) ਕਦੀ ਵੀ ਪਰਾਈ ਇਸਤ੍ਰੀ ਵਲ ਮੈਲੀ ਦ੍ਰਿਸ਼ਟੀ ਨਾਲ ਨਾ ਵੇਖ, ਤਾਂ ਹੀ ਤੂੰ (ਸਹੀ

ਅਰਥਾਂ ਵਿਚ) ਕੰਤ ਹੈਂ।

'ਨਾਨਕ' (ਮੁਹਰ-ਛਾਪ ਲਾ ਕੇ ਉਪਦੇਸ਼ ਕਰਦੇ ਹਨ) ਸਾਰਾ ਸੰਸਾਰ ਫੁਲਾਂ ਦੀ ਬਗੀਚੀ ਵਾਂਗ (ਰੰਗ-ਬਰੰਗੇ ਫੁਲਾਂ ਨਾਲ) ਖਿੜਿਆ ਪਿਆ ਹੈ, (ਭਾਵ, ਸੰਸਾਰ-ਬਗ਼ੀਚੀ ਦੀ ਸੁੰਦਰਤਾ ਉਤੇ ਮੁਹਤ ਹੋ ਕੇ ਕਬਜ਼ੇ ਦੀ ਹਵਸ ਮੂਰਖਾਂ ਵਾਲੀ ਗੱਲ ਹੈ। ਸੰਸਾਰਕ ਸੁੰਦਰਤਾ ਵਿਚੋਂ ਸੁੰਦਰਾਵਲੇ ਪ੍ਰਭੂ ਦੀ ਹੋਂਦ ਦਾ ਅਨੁਭਵ ਕਰ ਕੇ ਪ੍ਰਸੰਨ ਹੋਣਾ ਹੀ ਮਨੁੱਖੀ ਆਦਰਸ਼ ਹੈ)।3।

## ਪਉੜੀ ॥

**ਸੁਘੜੁ ਸੁਜਾਣੁ ਸਰੂਪੁ ਤੂ, ਸਭ ਮਹਿ ਵਰਤੰਤਾ ॥**
**ਤੂ ਆਪੇ ਠਾਕੁਰੁ ਸੇਵਕੋ, ਆਪੇ ਪੂਜੰਤਾ ॥**
**ਦਾਨਾ ਬੀਨਾ ਆਪਿ ਤੂ, ਆਪੇ ਸਤਵੰਤਾ ॥**
**ਜਤੀ ਸਤੀ ਪ੍ਰਭੁ ਨਿਰਮਲਾ, ਮੇਰੇ ਹਰਿ ਭਗਵੰਤਾ ॥**
**ਸਭ ਬ੍ਰਹਮ ਪਸਾਰੁ ਪਸਾਰਿਓ, ਆਪੇ ਖੇਲੰਤਾ ॥**
**ਇਹੁ ਆਵਾ ਗਵਣੁ ਰਚਾਇਓ, ਕਰਿ ਚੋਜ ਦੇਖੰਤਾ ॥**
**ਤਿਸੁ ਬਾਹੁੜਿ ਗਰਭਿ ਨ ਪਾਵਹੀ, ਜਿਸੁ ਦੇਵਹਿ ਗੁਰ ਮੰਤਾ ॥**
**ਜਿਉ ਆਪਿ ਚਲਾਵਹਿ ਤਿਉ ਚਲਦੇ, ਕਿਛੁ ਵਸਿ ਨ ਜੰਤਾ ॥4॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ:

ਨ ਪਾਵਹੀ—ਤੂੰ ਨਹੀਂ ਪਾਉਂਦਾ। ਦੇਵਹਿ—ਤੂੰ ਦੇ ਦੇਵੇਂ। ਜਿਉ—ਜਿਵੇਂ। ਚਲਾਵਹਿ—ਤੂੰ ਚਲਾਉਂਦਾ ਹੈਂ। ਤਿਉ—ਤਿਵੇਂ।

ਇਹੁ—ਅੰਤਲੇ 'ਹ' ਨੂੰ ਲੱਗਾ ਔਂਕੜ (_) ਜਿਥੇ ਇਸ ਪੜਨਾਵੀਂ ਵਿਸ਼ੇਸ਼ਣ ਦੇ ਇਕ-ਵਚਨ ਹੋਣ ਦਾ ਸੂਚਕ ਹੈ ਓਥੇ ਇਸ ਦੀ ਨਿਸਚਿਤ ਧੁਨੀ ਹੈ, ਜੋ ਉਚਾਰਣ ਦਾ ਭਾਗ ਅਵੱਸ਼ ਬਣਦੀ ਹੈ। ਪਰ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਇਸ ਹਰਸ੍ਵ ਸ੍ਵਰ ਦੀ ਧੁਨੀ ਹਰਸ੍ਵ ਹੀ ਰਵ੍ਹੇ, ਕਿਧਰੇ ਉਲਾਰ ਹੋ ਕੇ ਹੋੜੇ ਵਿਚ ਨਾ ਵਟੀਜ ਜਾਏ।

ਜੰਤਾ—ਉਚਾਰਣ ਨਾਸਕਤਾ ਰਹਿਤ (ਤੁਕਾਂਤ ਕਰਕੇ)

**ਪਦ ਅਰਥ :**

ਸੁਘੜੁ—ਸੁਹਣੀ ਘਾੜਤ (ਸਰੂਪ) ਵਾਲਾ। ਸੁਜਾਣੁ—ਸਭ ਕੁਝ ਜਾਣਨਹਾਰ। ਸਰੂਪੁ—ਸੁਹਣੀ ਸੂਰਤ ਵਾਲਾ। ਵਰਤੰਤਾ—ਵਰਤਣ ਵਾਲਾ। ਠਾਕੁਰੁ—ਮਾਲਕ। ਪੂਜੰਤਾ—ਪੂਜਾ ਕਰਨ ਵਾਲਾ। ਦਾਨਾ—(ਸਭ ਕੁਝ) ਜਾਣਨ ਵਾਲਾ। ਬੀਨਾ—(ਸਭ ਕੁਝ) ਵੇਖਣ ਵਾਲਾ। ਸਤਵੰਤਾ—ਸਤ ਵਾਲਾ। ਜਤੀ—ਜਤ (ਬ੍ਰਹਮਚਰਜ) ਵਾਲਾ। ਸਤੀ—ਸਤ (ਸੁੱਚੇ ਆਚਰਣ) ਵਾਲਾ। ਆਵਾ ਗਵਣੁ—ਆਉਣਾ ਜਾਣਾ, ਜੰਮਣ ਮਰਨ। ਚੋਜ—ਕਉਤਕ। ਬਾਹੁੜਿ—ਫਿਰ, ਮੁੜ ਕੇ। ਗਰਭਿ—ਜੋਨਿ ਵਿਚ। ਪਾਵਹੀ—ਤੂੰ ਨਹੀਂ ਪਾਉਂਦਾ। ਦੇਵਹਿ—ਤੂੰ ਦੇ ਦੇਵੇਂ। ਗੁਰ ਮੰਤਾ—ਗੁਰ-ਮੰਤਰ, ਗੁਰ-ਦੀਖਿਆ। ਚਲਾਵਹਿ—ਤੂੰ ਚਲਾਉਂਦਾ ਹੈਂ। ਜੰਤਾ—(ਇਹ ਜੀਵ ਤੇਰੇ) ਜੰਤਰ ਹਨ। (ਨੋਟ : ਇਸ ਪੰਗਤੀ ਵਿਚ 'ਜੰਤ' ਪਦ ਸਲੇਸ ਅਲੰਕਾਰ ਵਿਚ ਵਰਤਿਆ ਹੋਇਆ ਹੈ।) [ਸਲੇਸ ਅਲੰਕਾਰ—ਇਕ ਸ਼ਬਦ ਤੋਂ ਅਨੇਕ ਅਰਥ ਪ੍ਰਗਟ ਹੋਣਾ)]

**ਅਰਥ :**

(ਹੇ ਵਾਹਿਗੁਰੂ !) ਤੂੰ ਸਿਆਣਪ ਦਾ ਪੁੰਜ ਹੈਂ, ਸੁਜਾਨ (ਘਟ ਘਟ ਦੇ ਅੰਦਰ ਦੀ ਜਾਣਨ ਵਾਲਾ) ਅਤੇ ਸੁੰਦਰ ਸਰੂਪ ਵਾਲਾ ਹੈਂ ਅਤੇ ਸਾਰੇ ਜੀਵ-ਜੰਤੂਆਂ ਵਿਚ (ਸਮਾਨ) ਵਰਤਦਾ ਹੈਂ।

ਤੂੰ ਆਪ ਹੀ (ਵਿਆਪਕ ਰੂਪ ਵਿਚ ਕਿਧਰੇ) ਸੁਆਮੀ (ਬਣਿਆ ਬੈਠਾ) ਹੈਂ, ਕਿਧਰੇ ਸੇਵਕ ਹੈਂ, ਤੇ ਸੇਵਕ ਰੂਪ ਵਿਚ ਆਪ ਹੀ ਆਪਣੀ ਪੂਜਾ ਕਰਦਾ ਹੈਂ।

ਸਭ ਕੁਝ ਜਾਨਣ ਵਾਲਾ, ਸਭ ਕੁਝ ਵੇਖਣ ਵਾਲਾ ਤੂੰ ਆਪ ਹੀ ਹੈਂ, ਆਪ ਹੀ ਸਤਵੰਤਾ (ਸਤਵਾਦੀ) ਹੈਂ।

ਹੇ ਮੇਰੇ ਹਰੀ ਭਗਵਾਨ ! ਤੂੰ (ਤ੍ਰਿਗੁਣੀ ਮਾਇਆ ਦੇ ਲੇਪ ਛੇਪ ਤੋਂ ਨਿਰਲੇਪ) ਨਿਰਮਲ ਪ੍ਰਭੂ ਹੈਂ; (ਵਿਆਪਕ ਰੂਪ ਵਿਚ ਕਿਧਰੇ) ਜਤੀ (ਬ੍ਰਹਮਚਾਰੀ), ਕਿਧਰੇ ਸਤੀ (ਸੁੱਚੇ ਆਚਰਣ ਵਾਲਾ) ਹੈਂ।

ਹੇ ਪਾਰਬ੍ਰਹਮ (ਕਰਤਾਰ)! ਸਾਰਾ ਜਗਤ-ਪਸਾਰਾ ਤੇਰਾ ਹੀ ਪਸਾਰਿਆ ਹੋਇਆ ਹੈ, (ਜੀਵਾਂ ਵਿਚ ਵਰਤ ਕੇ) ਤੂੰ ਆਪ ਹੀ ਜਗਤ-ਖੇਡ ਖੇਡ ਰਿਹਾ ਹੈਂ।

ਜੀਵਾਂ ਦਾ ਆਉਣਾ ਜਾਣਾ (ਜੰਮਣ ਮਰਨ ਦਾ ਖੇਡ-ਤਮਾਸ਼ਾ) ਤੂੰ ਆਪ ਹੀ ਬਣਾਇਆ ਹੋਇਆ ਹੈ, ਆਪ ਹੀ ਇਹ (ਵਿਸਮਾਦ ਜਨਕ) ਚੋਜ-ਤਮਾਸ਼ੇ ਕਰ ਕਰ ਕੇ ਵੇਖ ਰਿਹਾ ਹੈਂ।

ਜਿਸ ਨੂੰ (ਮਿਹਰ ਕਰ ਕੇ ਗੁਰੂ ਦੁਆਰਾ) ਗੁਰ-ਮੰਤਰ (ਗੁਰ-ਦੀਖਿਆ) ਦੇ ਦੇਵੇਂ, ਫਿਰ ਉਸ ਨੂੰ ਤੂੰ ਗਰਭ-ਜੋਨਿ (ਦੇ ਚੱਕਰ) ਵਿਚ ਨਹੀਂ ਪਾਉਂਦਾ।

ਇਹ ਜੀਵ ਤੇਰੇ ਜੰਤ੍ਰ (ਵਾਜੇ) ਹਨ, ਇਹਨਾਂ ਜੰਤਾਂ ਦੇ ਕੁਝ ਹੱਥ ਵਸ ਨਹੀਂ, ਇਹਨਾਂ ਨੂੰ ਜਿਵੇਂ ਤੂੰ ਚਲਾਉਂਦਾ ਹੈਂ ਤਿਵੇਂ ਹੀ ਇਹ ਚਲਦੇ ਹਨ।੪।

**ਡਖਣੇ ਮ: ੫ ॥**

**ਕੁਰੀਏ ਕੁਰੀਏ ਵੈਦਿਆ, ਤਲਿ ਗਾੜ੍ਹਾ ਮਹਰੇਰੁ ॥**
**ਵੇਖੇ ਛਿਟੜਿ ਥੀਵਦੋ, ਜਾਮਿ ਖਿਸੰਦੋ ਪੇਰੁ ॥੧॥**

**ਮ: ੫ ॥ ਸਚੁ ਜਾਣੈ ਕਚੁ ਵੈਦਿਓ, ਤੂ ਆਘੂ ਆਘੇ ਸਲਵੇ ॥**
**ਨਾਨਕ ਆਤਸੜੀ ਮੰਝਿ ਨੈਣੂ, ਬਿਆ ਢਲਿ ਪਬਣਿ ਜਿਉ ਜੁੰਮਿਓ ॥੨॥**

**ਮ: ੫ ॥ ਭੋਰੇ ਭੋਰੇ ਰੂਹੜੇ, ਸੇਵੇਂਦੇ ਆਲਕੁ ॥**
**ਮੁਦਤਿ ਪਈ ਚਿਰਾਣੀਆ, ਫਿਰਿ ਕਡੂ ਆਵੈ ਰੁਤਿ ॥੩॥**

***ਉਚਾਰਣ :***

ਵੈਦਿਆ, ਵੈਦਿਓ—'ਵੈ' ਉਚਾਰਣ ਨਾਸਕੀ।
ਗਾੜ੍ਹਾ—'ੜ' ਉਚਾਰਣ ਭਾਰ ਸਹਿਤ।
ਵੇਖੇ—ਉਚਾਰਣ ਨਾਸਕਤਾ ਬਿਨਾਂ [ਵੇਖੇ—ਵੇਖਿ, ਸਾਵਧਾਨ ਹੋ]।
ਥੀਵਦੋ—'ਥੀ' ਉਚਾਰਣ ਨਾਸਕੀ।
ਜਿਉ, ਕਡੂ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।
ਸੇਵੇਂਦੇ—'ਵੇ' ਉਚਾਰਣ ਨਾਸਕੀ।
ਚਿਰਾਣੀਆ—ਅੰਤਲਾ 'ਆ' ਉਚਾਰਣ ਨਾਸਕਤਾ ਰਹਿਤ।
ਕਡੂ—'ਡੂ' ਉਚਾਰਣ ਨਾਸਕੀ।

***ਪਦ ਅਰਥ :***

ਕੁਰੀਏ ਕੁਰੀਏ—ਡੰਡੀ ਡੰਡੀ। ਵੈਦਿਆ—ਚਲਣ ਵਾਲਿਆ ! ਤਲਿ—ਹੇਠਲੇ ਪਾਸਿਓਂ। ਗਾੜ੍ਹਾ—ਭਾਰੀ। ਮਹਰੇਰੁ—ਢਾਹ ਦਾ ਮਲਬਾ, ਦਲਦਲ। ਵੇਖੇ—ਵੇਖਿ, ਸਾਵਧਾਨ ਹੋ। ਛਿਟੜਿ ਥੀਵਦੋ—ਚਿੱਕੜ ਦੀਆਂ ਛਿੱਟਾਂ ਨਾਲ ਦਾਗ਼ੀ ਹੋ ਜਾਂਦਾ ਹੈ। ਜਾਮਿ—ਜਦੋਂ। ਖਿਸੰਦੋ—ਖਿਸਕ ਜਾਂਦਾ ਹੈ। ਪੇਰੁ—ਪੈਰ।੧।

ਵੈਦਿਓ—ਚਲੇ ਜਾਣ ਵਾਲਾ, ਨਾਸ਼ਮਾਨ। ਆਘੂ ਆਘੇ—ਅਗੇ ਹੀ ਅਗੇ। ਸਲਵੇ—ਗਮਨ ਕਰਦਾ (ਜਾਂਦਾ)। ਆਤਸੜੀ—ਅਗਨੀ। ਮੰਝਿ—ਵਿਚ। ਨੈਣੂ—ਮੱਖਣ। ਬਿਆ—ਦੂਜਾ, ਹੋਰ, ਅਤੇ। ਢਲਿ—ਮੁਰਝਾਅ ਕੇ। ਪਬਣਿ—ਚੁਪੱਤੀ (ਇਕ ਬੂਟਾ)। ਜੁੰਮਿਓ—ਨਾਸ਼ ਹੋ ਜਾਂਦਾ ਹੈ।੨।

ਭੋਰੇ ਭੋਰੇ—ਭੁਲੜ ਅਤੇ ਭੋਲੇ। ਰੂਹੜੇ—ਹੇ ਜੀਉੜੇ! ਸੇਵੇਦੇ—ਸੇਂਵਦਿਆਂ, ਸਿਮਰਦਿਆਂ। ਆਲਕੁ—ਆਲਸ। ਮੁਦਤਿ ਪਈ ਚਿਰਾਣੀਆ—ਢੇਰ ਚਿਰ (ਬਹੁਤ ਸਮਾਂ) ਹੋ ਗਿਐ। ਕਡੂ—ਕਦੋਂ ?।੩।

***ਅਰਥ :***

(ਸਿਧਾ ਪਧਰਾ ਜੀਵਨ-ਰਾਹ ਛੱਡ ਕੇ) ਡੰਡੀ ਡੰਡੀ ਜਾਂਦੇ (ਮੁਸਾਫ਼ਿਰ)! ਇਸ (ਰਸਤੇ ਨੂੰ) ਥਲੜੇ ਪਾਸਿਓਂ ਲੱਗੀ ਢਾਹ ਦੇ ਕਾਰਨ ਗਾੜ੍ਹਾ ਚਿੱਕੜ (ਜਿਲ੍ਹਣ) ਹੋਇਆ ਪਿਆ ਹੈ। ਸਾਵਧਾਨ ਹੋ! ਜਦੋਂ ਵੀ (ਕਿਸੇ ਦਾ) ਰਾਹ ਤੋਂ ਪੈਰ ਤਿਲ੍ਹਕ ਜਾਏ ਤਾਂ ਉਹ ਚਿੱਕੜ ਦੀਆਂ ਛਿੱਟਾਂ ਨਾਲ ਦਾਗ਼ੀ ਹੋ ਜਾਂਦਾ ਹੈ।੧।

(ਹੇ ਭੁਲੜ ਜੀਵ !) ਤੂੰ ਨਾਸ਼ਮਾਨ ਕੱਚ (ਮਾਇਕੀ ਧਨ ਪਦਾਰਥ) ਨੂੰ ਸੱਚ ਜਾਣਦਾ ਹੈਂ, (ਇਸ ਨੂੰ ਇਕੱਤਰ ਕਰਨ ਲਈ) ਅਗੇ ਹੀ ਅਗੇ ਵਧਦਾ ਜਾਂਦਾ ਹੈਂ। ਕੱਚ (ਦੀ ਪਾਇਆਂ) ਇਵੇਂ ਹੀ ਹੈ, ਜਿਵੇਂ ਅੱਗ ਵਿਚ (ਪਾਇਆ) ਮੱਖਣ (ਸੜ ਬਲ ਜਾਂਦਾ ਹੈ) ਅਤੇ ਜਿਵੇਂ ਚੁਪੱਤੀ ਦਾ ਬੂਟਾ ਕੁਮਲਾਅ ਕੇ ਭੁਰ ਭਰ ਜਾਂਦਾ ਹੈ।੨।

ਹੇ ਭੋਲੇ ਤੇ ਭੁਲੜ ਜੀਊੜੇ! (ਪ੍ਰਭੂ-ਪ੍ਰੀਤਮ ਨੂੰ) ਸੇਂਵਦਿਆਂ (ਸਿਮਰਦਿਆਂ) ਤੂੰ ਆਲਸ ਕਰਦਾ ਹੈਂ। ਢੇਰ ਚਿਰ (ਬਹੁਤ ਸਮਾਂ) ਹੋ ਗਿਐ (ਬਹੁਤ ਜੂਨਾਂ ਭੋਗਣ ਮਗਰੋਂ ਮਨੁੱਖਾ ਜਨਮ ਮਿਲਿਐ, ਜੇ ਇਹ ਸਿਮਰਨ ਵਲੋਂ ਆਲਸ ਕਰਦਿਆਂ ਅਜਾਈਂ ਹੀ ਬੀਤ ਹੋ ਗਿਆ) ਫਿਰ ਪਤਾ ਨਹੀਂ ਕਦੋਂ (ਮਨੁੱਖਾ ਜਨਮ ਦੀ ਭਲੀ) ਰੁਤ ਆਵੇ ! ੩।

## ਪਉੜੀ ॥

**ਤੁਧੁ ਰੂਪੁ ਨ ਰੇਖਿਆ ਜਾਤਿ, ਤੂ ਵਰਨਾ ਬਾਹਰਾ ॥**
**ਏ ਮਾਣਸ ਜਾਣਹਿ ਦੂਰਿ, ਤੂ ਵਰਤਹਿ ਜਾਹਰਾ ॥**
**ਤੂ ਸਭਿ ਘਟ ਭੋਗਹਿ ਆਪਿ, ਤੁਧੁ ਲੇਪੁ ਨ ਲਾਹਰਾ ॥**
**ਤੂ ਪੁਰਖੁ ਅਨੰਦੀ ਅਨੰਤ, ਸਭ ਜੋਤਿ ਸਮਾਹਰਾ ॥**
**ਤੂ ਸਭ ਦੇਵਾ ਮਹਿ ਦੇਵ, ਬਿਧਾਤੇ ਨਰਹਰਾ ॥**

**ਕਿਆ ਆਰਾਧੇ ਜਿਹਵਾ ਇਕ, ਤੂ ਅਬਿਨਾਸੀ ਅਪਰਪਰਾ ॥**
**ਜਿਸੁ ਮੇਲਹਿ ਸਤਿਗੁਰੁ ਆਪਿ, ਤਿਸ ਕੇ ਸਭਿ ਕੁਲ ਤਰਾ ॥**
**ਸੇਵਕ ਸਭਿ ਕਰਦੇ ਸੇਵ, ਦਰਿ ਨਾਨਕੁ ਜਨੁ ਤੇਰਾ ॥੫॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :

ਵਰਨਾ—ਚਹੁੰਆਂ ਆਸ਼ਰਮਾਂ। ਜਾਣਹਿ—ਜਾਣਦੇ ਹਨ। ਵਰਤਹਿ—ਤੂੰ ਵਰਤਦਾ ਹੈਂ। ਭੋਗਹਿ—ਤੂੰ ਭੋਗਦਾ ਹੈਂ। ਦੇਵਾ—ਦੇਵਤਿਆਂ। ਮਹਿ—ਵਿਚ। ਮੇਲਹਿ—ਤੂੰ ਮੇਲਦਾ ਹੈਂ।

***ਪਦ ਅਰਥ :***

ਰੇਖਿਆ—ਰੇਖਾ, ਨਿਸ਼ਾਨੀ, ਚਿਹਨ ਚੱਕਰ। ਵਰਨਾ ਬਾਹਰਾ—ਚਹੁੰਆਂ ਆਸ਼ਰਮਾਂ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦ) ਤੋਂ ਅਲੱਗ। ਜਾਣਹਿ—ਜਾਣਦੇ ਹਨ। ਜਾਹਰਾ—ਪਰਤੱਖ। ਭੋਗਹਿ—ਤੂੰ ਭੋਗਦਾ ਹੈਂ। ਤੁਧੁ ਲੇਪੁ ਨ ਲਾਹਰਾ—ਤੈਨੂੰ ਰਤਾ ਵੀ ਦਾਗ਼ ਨਹੀਂ ਲਗਦਾ। ਅਨੰਦੀ—ਅਨੰਦ-ਸਰੂਪ। ਅਨੰਤ—ਅੰਤ ਰਹਿਤ, ਬੇਅੰਤ। ਸਮਾਹਰਾ—ਸਮਾਇਆ ਹੋਇਆ। ਬਿਧਾਤੇ ਨਰਹਰਾ—ਹੇ ਰਚਣਹਾਰ ਕਰਤਾਰ! ਅਪਰਪਰਾ—ਪਰੇ ਤੋਂ ਪਰੇ। ਦਰਿ—ਦਰ ਉਤੇ। ਜਨੁ—ਸੇਵਕ।

***ਅਰਥ :***

(ਹੇ ਵਾਹਿਗੁਰੂ !) ਤੇਰਾ ਕੋਈ ਵਿਸ਼ੇਸ਼ ਰੂਪ ਨਹੀਂ, ਕੋਈ ਚਿਹਨ ਚੱਕਰ ਨਹੀਂ, ਕੋਈ ਵਿਸ਼ੇਸ਼ ਜਾਤੀ ਨਹੀਂ, ਤੂੰ ਵਰਨਾਂ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦ ਦੀ ਵਰਣ-ਵੰਡ) ਤੋਂ ਬਾਹਰ ਹੈਂ।

ਇਹ (ਮੋਹ ਮਾਇਆ ਵਿਚ ਫਸੇ) ਜੀਵ ਤੈਨੂੰ ਦੂਰ ਜਾਣਦੇ ਹਨ, ਪਰ ਤੂੰ ਪ੍ਰਗਟ-ਪਹਾਰੇ ਵਰਤਦਾ ਹੈਂ।

ਤੂੰ ਆਪ ਹੀ ਸਾਰੇ ਜੀਵਾਂ ਵਿਚ ਪਰਵਿਰਤ ਹੋ ਕੇ ਰਸ ਮਾਣ ਰਿਹਾ ਹੈਂ, ਪਰ ਤੈਨੂੰ ਰਸ-ਭੋਗਾਂ ਦਾ ਕੋਈ ਲੇਪ-ਛੇਪ ਨਹੀਂ ਲਗਦਾ।

ਤੂੰ ਅਨੰਦ-ਮਈ ਅਤੇ ਹਦ-ਬੰਨੇ ਤੋਂ ਪਾਰਲਾ ਪੁਰਖ (ਪਰਮ-ਹੋਂਦ) ਹੈਂ, ਸਭਨਾਂ ਵਿਚ ਜੋਤਿ-ਸਰੂਪ ਹੋ ਕੇ ਸਮਾਇਆ ਪਿਆ ਹੈਂ।

ਹੇ ਰਚਨਹਾਰ ਕਰਤਾਰ ! ਤੂੰ ਸਾਰੇ ਦੇਵਤਿਆਂ ਵਿਚੋਂ ਸਿਰਮੌਰ ਪਰਮ-ਦੇਵ

(ਮਹਾਨ ਪ੍ਰਕਾਸ਼-ਸਰੂਪ ਹਸਤੀ) ਹੈਂ।

ਹੇ ਨਾਸ-ਰਹਿਤ ਅਤੇ ਪਰੇ ਤੋਂ ਪਰੇ ਗਿਆਨ ਵਾਲੇ ਵਾਹਿਗੁਰੂ! ਇਕ ਜੀਭ ਨਾਲ ਕੋਈ ਤੇਰੀ ਅਰਾਧਨਾ ਕੀ ਕਰ ਸਕਦਾ ਹੈ!

ਜਿਸ ਨੂੰ ਤੂੰ ਆਪ (ਮਿਹਰ ਕਰ ਕੇ) ਸਤਿਗੁਰੂ ਮੇਲ ਦੇਵੇਂ, ਉਸ ਦੇ ਸਾਰੇ ਕੁਲ (ਸੰਸਾਰ-ਸਾਗਰ ਤੋਂ) ਤਰ ਜਾਂਦੇ ਹਨ।

ਸਾਰੇ ਸੇਵਕ ਤੇਰੀ ਸੇਵਾ ਕਰਦੇ ਹਨ। ਨਾਨਕ ਵੀ ਤੇਰਾ ਸੇਵਕ ਹੈ ਅਤੇ ਤੇਰੇ ਦਰ ਉਤੇ ਆਇਆ ਹੈ (ਸੇਵਕਾਂ ਵਿਚ ਸ਼ਾਮਲ ਕਰ ਕੇ ਸੇਵਾ ਵਿਚ ਲਾ ਲਓ ਜੀ!)।੫।

## ਡਖਣੇ ਮ: ੫ ॥

**ਗਹਡੜੜਾ ਤ੍ਰਿਣਿ ਛਾਇਆ, ਗਾਫਲ ਜਲਿਓਹੁ ਭਾਹਿ ॥**
**ਜਿਨਾ ਭਾਗ ਮਥਾਹੜੈ, ਤਿਨ ਉਸਤਾਦ ਪਨਾਹਿ ॥੧॥**

**ਮ :੫ ॥ ਨਾਨਕ ਪੀਠਾ ਪਕਾ ਸਾਜਿਆ, ਧਰਿਆ ਆਣਿ ਮਉਜੂਦੁ ॥**
**ਬਾਝਹੁ ਸਤਿਗੁਰ ਆਪਣੇ, ਬੈਠਾ ਝਾਕੁ ਦਰੂਦ ॥੨॥**

**ਮ : ੫ ॥ ਨਾਨਕ ਭੁਸਰੀਆ ਪਕਾਈਆ, ਪਾਈਆ ਥਾਲੈ ਮਾਹਿ ॥**
**ਜਿਨੀ ਗੁਰੂ ਮਨਾਇਆ, ਰਜਿ ਰਜਿ ਸੇਈ ਖਾਹਿ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ:

ਜਲਿਓਹਿ—ਤੂੰ ਸੜ ਗਿਆ ਹੈਂ। ਜਿਨਾ—ਜਿਨ੍ਹਾਂ ਨੇ। ਬਾਝਹੁ—ਬਗ਼ੈਰ। ਭੁਸਰੀਆ—ਘਿਓ ਅਤੇ ਗੁੜ ਵਾਲੀਆਂ ਮਿੱਠੀਆਂ ਰੋਟੀਆਂ (ਮੰਨ, ਰੋਟ)। ਪਕਾਈਆ—ਅੱਗ ਨਾਲ ਪਕਾਣੀਆਂ ਕੀਤੀਆਂ। ਪਾਈਆ—ਪਰੋਸੀਆਂ! ਜਿਨਾ, ਜਿਨੀ—ਜਿਨ੍ਹਾਂ ਨੇ। ਖਾਹਿ—ਖਾਂਦੇ ਹਨ।

ਜਿਨਾ, ਜਿਨੀ— 'ਨ' ਉਚਾਰਣ ਭਾਰਾ।

***ਪਦ ਅਰਥ :***

ਗਹਡੜੜਾ—ਛੱਪਰ। ਤ੍ਰਿਣਿ—ਇਕ ਇਕ ਤੀਲੇ ਨਾਲ। ਛਾਇਆ—

ਬ਼ਣਿਆ ਹੋਇਆ ਹੈ। ਗਾਫਲ—ਹੇ ਗ਼ਫ਼ਲਤ (ਅਣਗਹਿਲੀ) ਵਿਚ ਗ੍ਰਸੇ! ਜਲਿਓਹਿ—ਤੂੰ ਸੜ ਗਿਆ ਹੈਂ। ਭਾਹਿ—ਅੱਗ ਵਿਚ। ਮਥਾਹੜੈ—ਮੱਥੇ ਉਤੇ। ਉਸਤਾਦ ਪਨਾਹਿ—ਮੁਰਸ਼ਦ (ਗੁਰੂ) ਦੀ ਸ਼ਰਨ (ਓਟ)।੧।

ਪੀਠਾ—ਪੀਸਿਆ। ਸਾਜਿਆ—ਪਰੋਸਿਆ। ਆਣਿ—ਲਿਆ ਕੇ। ਮਉਜੂਦੁ—ਸਾਹਮਣੇ। ਬੈਠਾ ਝਾਕੁ ਦਾਰੂਦ—ਰਹਿਮਤ ਦੀ ਝਾਕ (ਤਕ, ਉਡੀਕ) ਵਿਚ ਬੈਠਾ ਬਿਟ ਬਿਟ ਤਕ। ਦਾਰੂਦ—ਰੱਬੀ ਰਹਿਮਤ ਲਈ ਬੇਨਤੀ।੨।

***ਅਰਥ :***

(ਪੰਜ-ਭੂਤਕੀ ਸਰੀਰ ਮਾਨੋ) ਕੱਖਾਂ ਕਾਨਿਆਂ ਦਾ ਬਣਾਇਆ ਹੋਇਆ ਇਕ ਛੱਪਰ ਹੈ। ਹੇ ਗ਼ਾਫ਼ਲ! ਤੂੰ (ਇਸ ਵਿਚ ਵਿਕਾਰਾਂ ਦੀ ਅੱਗ ਬਾਲ ਕੇ) ਆਪ ਹੀ ਅੱਗ ਵਿਚ ਸੜ ਮੋਇਆ ਹੈਂ। ਜਿਨ੍ਹਾਂ ਦੇ ਮੱਥੇ ਉਤੇ ਚੰਗੇ ਭਾਗ (ਲਿਖੇ ਹੋਏ) ਹੋਣ, ਉਨ੍ਹਾਂ ਨੂੰ ਮੁਰਸ਼ਦ (ਗੁਰੂ-ਪੀਰ) ਦੀ ਓਟ ਮਿਲ ਜਾਂਦੀ ਹੈ। (ਅਤੇ ਉਹ ਵਿਕਾਰ-ਅਗਨਿ ਵਿਚ ਸੜਦੇ ਨਹੀ)।੧।

ਨਾਨਕ! (ਅੰਨ) ਪੀਸਿਆ, ਪਕਾਇਆ, ਪਰੋਸਿਆ ਤੇ ਫਿਰ ਸਾਹਮਣੇ ਲਿਆ ਰਖਿਆ। ਪਰ ਆਪਣੇ (ਮੁਰਸ਼ਦ) ਸਤਿਗੁਰੂ (ਨੂੰ ਮਨਾਏ) ਬਗ਼ੈਰ (ਖਾਣਾ ਨਸੀਬ ਨਹੀਂ), ਹੁਣ ਦਾਰੂਦ (ਰੱਬੀ ਰਹਿਮਤ) ਦੀ ਝਾਕ ਵਿਚ ਬੈਠਾ ਬਿਟ ਬਿਟ ਤੱਕੀ ਜਾਹ। (ਖਾਣਾ ਤਾਂ ਹੀ ਨਸੀਬ ਹੋਵੇਗਾ ਜੇ ਮੁਰਸ਼ਦ ਦੁਆਰਾ ਰੱਬੀ ਰਹਿਮਤ ਪ੍ਰਾਪਤ ਹੋਈ)।੨।

ਨਾਨਕ! ਭੁਸਰੀਆਂ (ਘਿਉ ਤੇ ਗੁੜ ਵਾਲੀਆਂ ਮਿੱਠੀਆਂ ਰੋਟੀਆਂ) ਪਕਾਈਆਂ ਤੇ ਥਾਲ ਵਿਚ ਲਿਆ ਪਰੋਸੀਆਂ। ਜਿਨ੍ਹਾਂ (ਭਾਗਾਂ ਵਾਲਿਆਂ ਨੇ) ਗੁਰੂ ਨੂੰ ਮਨਾ ਲਿਆ (ਪ੍ਰਸੰਨ ਕਰ ਲਿਆ) ਉਹ ਰਜ ਰਜ ਕੇ (ਇਹ ਸਵਾਦਲਾ ਭੋਜਨ) ਖਾਂਦੇ ਹਨ।੩।

## ਪਉੜੀ ॥

**ਤੁਧੁ ਜਗ ਮਹਿ ਖੇਲੁ ਰਚਾਇਆ, ਵਿਚਿ ਹਉਮੈ ਪਾਈਆ ॥**
**ਏਕੁ ਮੰਦਰੁ ਪੰਚ ਚੋਰ ਹਹਿ, ਨਿਤ ਕਰਹਿ ਬੁਰਿਆਈਆ ॥**
**ਦਸ ਨਾਰੀ ਇਕੁ ਪੁਰਖੁ ਕਰਿ, ਦਸੇ ਸਾਦਿ ਲੋਭਾਈਆ ॥**
**ਏਨਿ ਮਾਇਆ ਮੋਹਣੀ ਮੋਹੀਆ, ਨਿਤ ਫਿਰਹਿ ਭਰਮਾਈਆ ॥**
**ਹਾਠਾ ਦੋਵੈ ਕੀਤੀਓ, ਸਿਵ ਸਕਤਿ ਵਰਤਾਈਆ ॥**

**ਸਿਵ, ਅਗੈ ਸਕਤੀ ਹਾਰਿਆ, ਏਵੈ ਹਰਿ ਭਾਈਆ॥**
**ਇਕਿ ਵਿਚਹੁ ਹੀ ਤੁਧੁ ਰਖਿਆ, ਜੋ ਸਤਸੰਗਿ ਮਿਲਾਈਆ॥**
**ਜਲ ਵਿਚਹੁ ਬਿੰਬੁ ਉਠਾਲਿਓ, ਜਲ ਮਾਹਿ ਸਮਾਈਆ॥੬॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਹਹਿ—ਹਨ। ਕਰਹਿ—ਕਰਦੇ ਹਨ। ਬੁਰਿਆਈਆ—ਭੈੜੀਆਂ ਕਰਤੂਤਾਂ। ਲੋਭਾਈਆ—ਲੁਭਾਇਮਾਨ ਹੋਈਆਂ। ਮੋਹੀਆ—ਮੋਹ (ਠਗ) ਲਈਆਂ। ਫਿਰਹਿ—ਫਿਰਦੀਆਂ ਹਨ। ਭਰਮਾਈਆ—ਭਟਕਾਈਆਂ ਹੋਈਆਂ। ਹਾਠਾ—ਤਰਫ਼ਾਂ। ਏਵੈ—ਇਸ ਤਰ੍ਹਾਂ। ਵਿਚਹੁ—ਅੰਦਰੋਂ।

ਹੇਠ ਲਿਖੇ ਸ਼ਬਦਾਂ ਦਾ ਅੰਤਲਾ ਸੁਰ ਨਾਸਕਤਾ ਰਹਿਤ ਹੈ:

ਪਾਈਆ, ਵਰਤਾਈਆ, ਭਾਈਆ, ਸਮਾਈਆ, ਮਿਲਾਈਆ।

ਸਿਵ, ਸਕਤਿ—'ਸ' ਉਚਾਰਣ ਵਿਸ਼ੇਸ਼ ਧੁਨੀ।

*ਬਿਸ੍ਰਾਮ-ਸੇਧ—*

ਸਿਵ, ਅਗੈ ਸਕਤੀ ਹਾਰਿਆ, ਏਵੈ ਹਰਿ ਭਾਈਆ।

***ਪਦ ਅਰਥ :***

ਵਿਚਿ—(ਜੀਵਾਂ) ਵਿਚ। ਹਉਮੈ—ਮੈਂ-ਮੇਰੀ। ਮੰਦਰੁ—ਸਰੀਰ-ਕੋਠਾ। ਪੰਚ ਚੋਰ—ਕਾਮ-ਕ੍ਰੋਧ-ਲੋਭ-ਮੋਹ-ਅਹੰਕਾਰ ਪੰਜੇ ਚੋਰ। ਦਸ ਨਾਰੀ—ਦਸ ਇਸਤ੍ਰੀਆਂ (ਇੰਦ੍ਰੀਆਂ)। ਪੁਰਖੁ—ਮਨ। ਸਾਦਿ—ਸੁਆਦ (ਚਸਕੇ) ਵਿਚ। ਸਿਵ—ਜੀਵਾਤਮਾ। ਸਕਤਿ—ਮਾਇਆ। ਇਕਿ—ਕਈ ਜੀਵ। ਬਿੰਬੁ—ਬੁਲਬੁਲਾ।

***ਅਰਥ :***

(ਹੇ ਰਚਣਹਾਰ ਕਰਤਾਰ !) ਤੂੰ ਸੰਸਾਰ ਵਿਚ (ਮਾਇਆ ਦਾ) ਤਮਾਸ਼ਾ ਰਚਿਆ ਹੋਇਆ ਹੈ, (ਜੀਵਾਂ) ਅੰਦਰ ਹਉਮੈ (ਮੈਂ-ਮੇਰੀ) ਪਾ ਛਡੀ ਹੈ।

ਸਰੀਰ ਮਾਨੋ ਇਕ ਕੋਠਾ ਹੈ, ਜਿਸ ਵਿਚ ਕਾਮ ਆਦਿਕ ਪੰਜ ਚੋਰ (ਵਸਦੇ) ਹਨ, ਜੋ ਨਿਤ ਮੰਦੀਆਂ ਕਰਤੂਤਾਂ ਕਰਦੇ ਰਹਿੰਦੇ ਹਨ।

(ਸਰੀਰ ਕੋਠੇ ਵਿਚ) ਇਕ ਪੁਰਸ਼ (ਮਨ) ਤੇ ਦਸ ਇਸਤ੍ਰੀਆਂ (ਇੰਦ੍ਰੀਆਂ) ਬਣਾਈਆਂ ਹੋਈਆਂ ਹਨ, ਦਸੇ ਦੀਆਂ ਦਸੇ ਮਾਇਕੀ ਚਸਕੇ ਵਿਚ ਲੰਪਟ ਹਨ।

ਇਸ ਮੋਹ ਲੈਣ ਵਾਲੀ ਮਾਇਆ ਨੇ (ਇਹ ਦਸੇ ਇੰਦ੍ਰੀਆਂ) ਆਪਣੇ ਰੂਪ ਉਤੇ ਮੁਹਤ ਕੀਤੀਆਂ ਹੋਈਆਂ ਹਨ, ਨਿਤ (ਮਾਇਆ-ਮੋਹ ਵਿਚ ਗ੍ਰਸੀਆਂ) ਭਟਕਦੀਆਂ ਫਿਰਦੀਆਂ ਹਨ।

(ਹੇ ਕਰਤਾਰ! ਸੰਸਾਰ ਵਿਚ) ਦੋਵੇਂ ਤਰਫ਼ਾਂ (ਲਿਵ ਅਤੇ ਧਾਤ) ਤੂੰ ਆਪ ਹੀ ਕੀਤੀਆਂ ਹੋਈਆਂ ਹਨ। (ਇਉਂ) ਸ਼ਿਵ (ਜੀਵ-ਆਤਮਾ) ਅਤੇ ਸ਼ਕਤੀ (ਮਾਇਆ) ਦੀ ਲੀਲ੍ਹਾ ਵਰਤਾ ਰਖੀ ਹੈ।

(ਅਚੰਭੇ ਵਾਲੀ ਗੱਲ ਹੈ) ਸ਼ਿਵ (ਜੀਵਾਤਮਾ) ਸ਼ਕਤੀ (ਮਾਇਆ) ਅਗੇ ਹਾਰਿਆ ਫਿਰਦਾ ਹੈ। ਹਰੀ! ਏਵੇਂ ਹੀ ਤੇਰੀ ਭਾਵੀ (ਰਜ਼ਾਅ) ਹੈ।

ਕਈ (ਵਡਭਾਗੇ ਜੀਵ) ਜਿਹੜੇ ਤੂੰ ਸਤਸੰਗ ਨਾਲ ਲਿਆ ਜੋੜੇ, ਉਹ ਤੂੰ ਆਪ ਹੀ (ਮਾਇਆ ਦੇ) ਫੰਧੇ ਵਿਚੋਂ ਬਚਾਅ ਲਏ।

(ਸਤਸੰਗ ਨਾਲ ਮਿਲੇ ਗੁਰਮੁਖਾਂ ਨੂੰ ਤੂੰ ਆਪਣੇ ਵਿਚ ਲੀਨ ਕਰ ਕੇ ਅਭੇਦ ਕਰ ਲੈਂਦਾ ਹੈਂ, ਜਿਵੇਂ) ਪਾਣੀ ਵਿਚੋਂ ਹਵਾ ਵਲੋਂ ਉਠਾਇਆ ਬੁਲਬੁਲਾ ਫਿਰ ਪਾਣੀ ਵਿਚ ਸਮਾ ਜਾਂਦਾ ਹੈ।੬।

**ਡਖਣੇ ਮ: ੫ ॥**

**ਆਗਾਹਾ ਕੂ ਤ੍ਰਾਘਿ, ਪਿਛਾ ਫੇਰਿ ਨ ਮੁਹਡੜਾ ॥**
**ਨਾਨਕ ਸਿਝਿ ਇਵੇਹਾ ਵਾਰ, ਬਹੁੜਿ ਨ ਹੋਵੀ ਜਨਮੜਾ ॥੧॥**

**ਮ: ੫ ॥ ਸਜਣੁ ਮੈਡਾ ਚਾਈਆ, ਹਭ ਕਹੀ ਦਾ ਮਿਤੁ ॥**
**ਹਭੇ ਜਾਣਨਿ ਆਪਣਾ, ਕਹੀ ਨ ਠਾਹੇ ਚਿਤੁ ॥੨॥**

**ਮ: ੫ ॥ ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ ॥**
**ਸੋਈ ਸੁਹਾਵਾ ਥਾਨੁ, ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ ॥੩॥**

***ਉਚਾਰਣ :***

ਤ੍ਰਾਘਿ—'ਾ' ਉਚਾਰਣ ਨਾਸਕੀ। ਮੈਡਾ—'ਮੈ' ਉਚਾਰਣ ਨਾਸਕੀ।

***ਪਦ ਅਰਥ :***

ਆਗਾਹਾ—ਅਗੇ ਹੀ ਅਗੇ। ਕੂ—ਵਾਸਤੇ, ਵਲ। ਤ੍ਰਾਘਿ—ਇਛਾ ਕਰ।

ਪਿਛਾ—ਪਿਛੇ ਵਲ। ਮੁਹਡੜਾ—ਮੋਢਾ। ਸਿਝਿ—ਨਿਬੇੜਾ ਕਰ, ਸਫ਼ਲਤਾ ਪ੍ਰਾਪਤ ਕਰ ਲੈ। ਇਵੇਹਾ ਵਾਰ—ਇਹੋ ਜਹੀ ਉਤਮ ਵਾਰੀ ਹੀ, ਇਸੇ ਉਤਮ ਮਨੁੱਖਾ ਜਨਮ ਵਿਚ ਹੀ। ਬਹੁੜਿ—ਫਿਰ।੧।

ਮੈਡਾ—ਮੇਰਾ। ਚਾਈਆ—ਚਾਉ ਵਾਲਾ। ਹਭ ਕਹੀ ਦਾ—ਹਰ ਕਿਸੇ ਦਾ। ਹਭੇ—ਸਾਰੇ ਹੀ। ਕਹੀ—ਕਿਸੇ ਦਾ ਵੀ। ਨ ਠਾਹੇ—ਨਹੀਂ ਢਾਹੁੰਦਾ, ਨਹੀਂ ਤੋੜਦਾ।੨।

ਗੁਝੜਾ—ਧੁਰ ਅੰਦਰ ਗੁਪਤ ਰਖਿਆ ਹੋਇਆ। ਲਧਮੁ—ਮੈਨੂੰ ਲੱਭ ਪਿਆ ਹੈ। ਮਥੈ ਹੀ—ਮੱਥੇ ਤੇ ਹੀ। ਥਿਆ—ਹੋ ਗਿਆ ਹੈ। ਸੁਹਾਵਾ—ਸੁਹਾਵਣਾ, ਸੁੰਦਰ। ਪਿਰੀਏ ਨਾਨਕ ਜੀ—ਹੇ ਨਾਨਕ ਦੇ ਪ੍ਰੀਤਮ ਜੀ ! ਤੂ ਵੁਠਿਆ—ਤੂੰ ਆ ਵਸਿਆ ਹੈਂ।੩।

***ਅਰਥ :***

(ਜੀਵਨ ਪ੍ਰਯੰਤ ਚੜ੍ਹਦੀ ਕਲਾ ਵਿਚ ਰਹੁ) ਸਦਾ ਅਗੇ ਹੀ ਅਗੇ (ਵਧਣ) ਲਈ ਲੋਚਾ ਕਰ, (ਕਦੀ ਵੀ) ਪਿਛਲੇ ਪਾਸੇ ਮੋਢਾ ਨਾ ਮੋੜ (ਢਹਿੰਦੀ ਕਲਾ ਵਿਚ ਨਾ ਆ)।

ਨਾਨਕ ! (ਮਨੁੱਖਾ ਜਨਮ ਹੀ ਪ੍ਰਭੂ ਨੂੰ ਮਿਲਣ ਦੀ ਵਾਰੀ ਹੈ) ਏਸੇ ਵਾਰ (ਮਨੁੱਖਾ ਜਨਮ ਵਿਚ) ਹੀ (ਆਪਣੀ ਮੰਤਵ-ਪੂਰਤੀ ਵਿਚ) ਸਫ਼ਲਤਾ ਪ੍ਰਾਪਤ ਕਰ ਲੈ, ਤਾਂ ਜੁ ਤੇਰਾ ਜਨਮ (ਹੋਰ ਜੂਨਾਂ ਵਿਚ) ਫਿਰ ਫਿਰ ਨਾ ਹੋਵੇ।੧।

ਮੇਰਾ ਪ੍ਰਭੂ-ਮਿੱਤਰ ਅਨੰਤ ਚਾਉ ਵਾਲਾ ਹੈ (ਜੋ ਸਭ ਕਿਸੇ ਨੂੰ ਖੇੜਾ ਬਖ਼ਸ਼ਦਾ ਹੈ), ਉਹ ਹਰ ਕਿਸੇ ਦਾ ਸੱਜਣ ਹੈ। ਸਾਰੇ ਜੀਵ ਉਸ ਨੂੰ ਆਪਣਾ ਸਮਝਦੇ ਹਨ (ਅਤੇ ਉਹ ਹਰ ਕਿਸੇ ਦੀ ਅਪਣੱਤ ਨੂੰ ਸਵੀਕਾਰਦਾ ਹੈ), ਉਹ ਕਿਸੇ ਦਾ ਵੀ ਦਿਲ ਨਹੀਂ ਤੋੜਦਾ।੨।

ਮੈਨੂੰ (ਹਿਰਦੇ ਵਿਚੋਂ ਹੀ) ਗੁਪਤ ਨਾਮ-ਲਾਲ ਲੱਭ ਪਿਆ ਹੈ, ਅਤੇ ਇਹ ਚਿਹਰੇ ਤੇ ਆ ਪ੍ਰਗਟਿਆ ਹੈ (ਭਾਵ, ਮੱਥਾ ਇਸ ਅਮੁੱਲੀ ਲਭਤ ਕਾਰਨ ਨੂਰੋ-ਨੂਰ ਹੋ ਗਿਆ ਹੈ)। ਉਹ ਹਿਰਦਾ-ਥਾਨ ਸੁਹਾਵਣਾ ਹੈ ਜਿਥੇ ਹੇ ਨਾਨਕ ਦੇ ਪਿਆਰੇ ਪ੍ਰੀਤਮ ਜੀ ! ਤੂੰ ਆ ਵਸਿਆ ਹੈਂ।੩।

**ਪਉੜੀ ॥**

**ਜਾ ਤੂ ਮੇਰੈ ਵਲਿ ਹੈ, ਤਾ ਕਿਆ ਮੁਹਛੰਦਾ ॥**

**ਤੁਧੁ ਸਭੁ ਕਿਛੁ ਮੈਨੋ ਸਉਪਿਆ, ਜਾ ਤੇਰਾ ਬੰਦਾ॥**
**ਲਖਮੀ ਤੋਟਿ ਨ ਆਵਈ, ਖਾਇ ਖਰਚਿ ਰਹੰਦਾ॥**
**ਲਖ ਚਉਰਾਸੀਹ ਮੇਦਨੀ, ਸਭ ਸੇਵ ਕਰੰਦਾ॥**
**ਏਹ ਵੈਰੀ ਮਿਤ੍ਰ ਸਭਿ ਕੀਤਿਆ, ਨਹ ਮੰਗਹਿ ਮੰਦਾ॥**
**ਲੇਖਾ ਕੋਇ ਨ ਪੁਛਈ, ਜਾ ਹਰਿ ਬਖਸੰਦਾ॥**
**ਅਨੰਦੁ ਭਇਆ ਸੁਖੁ ਪਾਇਆ, ਮਿਲਿ ਗੁਰ ਗੋਵਿੰਦਾ॥**
**ਸਭੇ ਕਾਜ ਸਵਾਰਿਐ, ਜਾ ਤੁਧੁ ਭਾਵੰਦਾ॥੭॥**

***ਉਚਾਰਣ :***

ਹੇਠ ਲਿਖੇ ਪਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਜਾ—ਜਦ। ਤਾ—ਤਦ। ਨ ਮੰਗਹਿ—ਨਹੀਂ ਮੰਗਦੇ।
ਸਉਪਿਆ—'ਉ' ਉਚਾਰਣ ਨਾਸਕੀ।
ਕੀਤਿਆ—ਉਚਾਰਣ ਨਾਸਕਤਾ ਰਹਿਤ।
ਨਹ—'ਹ' ਉਚਾਰਣ 'ਹਿ' ਵਾਂਗ ਨਹੀਂ।

***ਪਦ ਅਰਥ :***

ਮੁਹਛੰਦਾ—ਮੁਥਾਜੀ। ਬੰਦਾ—ਸੇਵਕ, ਗ਼ੁਲਾਮ। ਲਖਮੀ—ਮਾਇਆ। ਤੋਟਿ—ਘਾਟ। ਮੇਦਨੀ—ਪ੍ਰਿਥਵੀ। ਕੀਤਿਆ—ਕਰ ਦਿਤੇ ਹਨ। ਨਹ ਮੰਗਹਿ—ਨਹੀਂ ਮੰਗਦੇ। ਬਖਸੰਦਾ—ਬਖ਼ਸ਼ਣ ਵਾਲਾ। ਸਵਾਰਿਐ—ਸਵਾਰ ਦਿਤੇ ਹਨ। ਭਾਵੰਦਾ—ਚੰਗਾ ਲਗਣ ਵਾਲਾ।

***ਅਰਥ :***

(ਹੇ ਸਰਬ-ਕਲਾ-ਸਮਰੱਥ ਪ੍ਰਭੂ !) ਜਦੋਂ ਤੂੰ ਮੇਰੇ ਪੱਖ ਵਿਚ ਹੈਂ ਤਾਂ ਮੈਨੂੰ ਕਾਹਦੀ ਮੁਥਾਜੀ ?

ਹੁਣ ਜਦ ਮੈਂ ਤੇਰਾ ਸੇਵਕ ਹੋ ਗਿਆ, ਤਾਂ ਤੂੰ (ਲੋੜੀਂਦਾ) ਸਾਰਾ ਕੁਝ ਮੈਨੂੰ ਬਖ਼ਸ਼ ਦਿਤਾ ਹੈ।

ਹੁਣ ਮੈਨੂੰ ਮਾਇਆ (ਮਾਇਕ ਪਦਾਰਥਾਂ) ਦੀ ਘਾਟ ਕਦੀ ਨਹੀਂ ਆਉਂਦੀ, ਮੈਂ (ਮੌਜ ਨਾਲ) ਖਾਂਦਾ ਖਰਚਦਾ ਰਹਿੰਦਾ ਹਾਂ।

ਪ੍ਰਿਥਵੀ ਦੇ ਚੌਰਾਸੀ ਲੱਖ (ਜੂਨਾਂ ਦੇ ਜੀਵ-ਜੰਤੂ) ਸਾਰੇ ਮੇਰੀ ਸੇਵਾ ਕਰਦੇ ਹਨ।

ਇਹ (ਕਾਮਾਦਿਕ ਪੰਜੇ ਦੂਤ ਮਨੁੱਖ ਮਾਤਰ ਦੇ) ਵੈਰੀ ਤੂੰ ਮੇਰੇ ਮਿੱਤਰ ਬਣਾ ਦਿਤੇ ਹਨ, ਹੁਣ ਉਹ ਮੇਰਾ ਬੁਰਾ ਨਹੀਂ ਲੋਚਦੇ।

ਹਰੀ ! ਜਦ ਤੂੰ ਬਖ਼ਸ਼ਣਹਾਰ (ਮੇਰੇ ਸਿਰ ਤੇ) ਹੈਂ ਤਾਂ ਕੋਈ (ਜਮ ਆਦਿਕ ਮੈਥੋਂ ਕਰਮਾਂ ਦਾ) ਲੇਖਾ ਨਹੀਂ ਪੁਛ ਸਕਦਾ।

ਗੋਬਿੰਦ ਰੂਪ ਗੁਰੂ ਨੂੰ ਮਿਲ ਕੇ (ਮੇਰੇ ਮਨ ਵਿਚ) ਖੇੜਾ ਖਿੜ ਪਿਆ ਹੈ, ਸੁਖ ਪ੍ਰਾਪਤ ਹੋਇਆ ਹੈ।

ਹੁਣ ਜਦ ਮੈਂ ਤੈਨੂੰ ਭਾ. ਗਿਆ ਹਾਂ (ਚੰਗਾ ਲਗ ਗਿਆ ਹਾਂ) ਤਾਂ ਤੂੰ (ਕਿਰਪਾ ਕਰ ਕੇ) ਮੇਰੇ ਸਾਰੇ ਕਾਰਜ ਸਵਾਰ ਦਿਤੇ ਹਨ।੭।

**ਡਖਣੇ ਮ: ੫ ॥**

**ਡੇਖਣ ਕੂ ਮੁਸਤਾਕੁ, ਮੁਖੁ ਕਿਜੇਹਾ ਤਉ ਧਣੀ ॥**
**ਫਿਰਦਾ ਕਿਤੈ ਹਾਲਿ, ਜਾ ਡਿਠਮੁ ਤਾ ਮਨੁ ਧ੍ਰਾਪਿਆ ॥੧॥**

**ਮ: ੫ ॥ ਦੁਖੀਆ ਦਰਦ ਘਣੇ, ਵੇਦਨ ਜਾਣੈ ਤੂ ਧਣੀ ॥**
**ਜਾਣਾ ਲਖ ਭਵੇ, ਪਿਰੀ ਡਿਖੰਦੋ ਤਾ ਜੀਵਸਾ ॥੨॥**

**ਮ: ੫ ॥ ਢਹਦੀ ਜਾਇ ਕਰਾਰਿ, ਵਹਣਿ ਵਹੰਦੇ ਮੈ ਡਿਠਿਆ ॥**
**ਸੇਈ ਰਹੇ ਅਮਾਣ, ਜਿਨਾ ਸਤਿਗੁਰੁ ਭੇਟਿਆ ॥੩॥**

***ਉਚਾਰਣ :***

ਮੁਸਤਾਕੁ—'ਸ' ਉਚਾਰਣ ਵਿਸ਼ੇਸ਼ ਧੁਨੀ।
ਢਹਦੀ—(੧) 'ਹ' ਉਚਾਰਣ 'ਹਿ' ਵਾਂਗ ਨਹੀਂ।
(੨) 'ਹ' ਦਾ ਉਚਾਰਣ ਨਾਸਕੀ।
ਜਿਨਾ—'ਨ' ਉਚਾਰਣ ਭਾਰਾ।
ਹੇਠ ਲਿਖੇ ਪਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ :
ਜਾ—ਜਦੋਂ। ਤਾ—ਤਦੋਂ। ਜਾਣਾ—ਮੈਂ ਜਾਣਦਾ ਹਾਂ। ਜੀਵਸਾ—ਜੀਊ ਸਕਾਂਗਾ (ਸਕਦਾ ਹਾਂ)। ਜਿਨਾ—ਜਿਨ੍ਹਾਂ ਨੂੰ।

***ਪਦ ਅਰਥ :***

ਡੇਖਣ ਕੂ—ਵੇਖਣ ਲਈ। ਮੁਸਤਾਕੁ—ਚਾਹਵਾਨ। ਕਿਜੇਹਾ—ਕਿਹੋ ਜਿਹਾ ? ਤਉ—ਤੇਰਾ। ਧਣੀ—ਹੇ ਪ੍ਰਭੂ ! ਕਿਤੈ ਹਾਲਿ—ਕਿਸੇ ਵੀ ਹਾਲਤ ਵਿਚ। ਜਾ—ਜਦੋਂ। ਡਿਠਮੁ—ਮੈਂ ਵੇਖਿਆ। ਤਾ—ਤਦੋਂ। ਧ੍ਰਾਪਿਆ—ਤ੍ਰਿਪਤ ਹੋ ਗਿਆ।੧।

ਘਣੇ—ਬਹੁਤੇ। ਵੇਦਨ—ਪੀੜਾ। ਧਣੀ—ਹੇ ਮਾਲਿਕ ! ਜਾਣਾ ਲਖ ਭਵੇ—ਮੈਂ ਜਾਣਦਾ ਹਾਂ ਲੱਖ (ਜਤਨ) ਹੋ ਗਏ। ਪਿਰੀ ਡਿਖੰਦੋ—ਪਿਆਰਾ ਦਿਸ ਪਵੇ। ਜੀਵਸਾ—ਮੈਂ ਜੀਊ ਸਕਾਂਗਾ।੨।

ਕਰਾਰਿ—ਨਦੀ ਦੀ ਕੰਧੀ (ਕੰਢਾ)। ਵਹਣਿ—ਹੜ੍ਹ ਵਿਚ, ਰੋੜ੍ਹ ਵਿਚ। ਮੈ ਡਿਠਿਆ—ਮੈਂ ਵੇਖੇ ਹਨ। ਸੇਈ—ਉਹ ਹੀ ਮਨੁੱਖ (ਬਹੁ-ਵਚਨ)। ਅਮਾਣ—ਸਹੀ-ਸਲਾਮਤ, ਸੁਰੱਖਿਅਤ। ਭੇਟਿਆ—ਮਿਲ ਪਿਆ।੩।

***ਅਰਥ :***

ਹੇ (ਲੋਕ ਪਰਲੋਕ ਦੇ) ਮਾਲਿਕ ! ਮੈਂ ਵੇਖਣ ਦਾ ਚਾਹਵਾਨ ਹਾਂ ਕਿ ਤੇਰਾ ਮੁਖਾਰਬਿੰਦ ਕਿਹੋ ਜਿਹਾ ਸੁੰਦਰ ਹੈ।

(ਦੀਦਾਰੋਂ ਸਖਣਾ) ਮੈਂ ਕਿਸੇ (ਤਰਸਯੋਗ) ਹਾਲਤ ਵਿਚ ਭਟਕਦਾ ਫਿਰਦਾ ਸਾਂ, ਹੁਣ ਜਦੋਂ ਮੈਂ ਤੇਰਾ ਦੀਦਾਰ ਕਰ ਲਿਆ ਹੈ ਤਾਂ ਮੇਰਾ ਮਨ ਤ੍ਰਿਪਤ ਹੋ ਗਿਆ ਹੈ।੧।

ਮੈਂ ਦੁਖੀਆ ਹਾਂ, ਮੈਨੂੰ ਬੇਅੰਤ ਦੁਖ-ਦਰਦ ਹਨ। ਹੇ ਪ੍ਰਭੂ ! ਮੇਰੀ ਅੰਦਰਲੀ ਪੀੜਾ ਕੇਵਲ ਤੂੰ ਹੀ ਜਾਣਦਾ ਹੈਂ।

ਜੇ ਮੈਨੂੰ ਪਿਆਰਾ ਪ੍ਰੀਤਮ ਦਿਸ ਪਵੇ ਤਾਂ ਮੈਂ ਜੀ ਉਠਦਾ ਹਾਂ। ਮੈਂ ਇਉਂ ਸਮਝ ਲੈਂਦਾ ਹਾਂ ਕਿ (ਮੇਰੀ ਵੇਦਨਾ ਦੂਰ ਕਰਨ ਦੇ) ਲੱਖਾਂ ਉਪਾਵ (ਸੁਤੇ ਹੀ) ਹੋ ਗਏ।੨।

ਮੈਂ (ਹੜ੍ਹ ਚੜ੍ਹਦੇ ਅਤੇ ਉਹਨਾਂ ਦੇ) ਰੋੜ੍ਹ ਵਿਚ ਕਈ (ਮਨੁੱਖ) ਰੁੜ੍ਹਦੇ ਵੇਖੇ ਹਨ, ਓਦੋਂ ਨਦੀ ਦੀ ਕੰਧੀ (ਕੰਢਾ) ਵੀ ਢਹਿ ਢਹਿ ਪੈਂਦੀ ਹੈ। (ਭਾਵ, ਜੀਵਨ ਵਿਚ ਜਦੋਂ ਕੋਈ ਹੋਣੀ ਵਰਤਦੀ ਹੈ ਤਾਂ ਮਨੁੱਖੀ ਭਰੋਸਾ ਭੁਰ ਭੁਰ ਪੈਂਦਾ ਹੈ)।

ਕੇਵਲ ਓਹ ਮਨੁੱਖ ਹੀ ਸਹੀ-ਸਲਾਮਤ ਰਹਿੰਦੇ ਹਨ ਜਿਨ੍ਹਾਂ ਨੂੰ ਸਤਿਗੁਰੂ ਮਿਲ ਪਿਆ ਹੋਵੇ।੩।

## ਪਉੜੀ॥

**ਜਿਸੁ ਜਨ ਤੇਰੀ ਭੁਖ ਹੈ, ਤਿਸੁ ਦੁਖੁ ਨ ਵਿਆਪੈ॥**
**ਜਿਨਿ ਜਨਿ ਗੁਰਮੁਖਿ ਬੁਝਿਆ, ਸੁ ਚਹੁ ਕੁੰਡੀ ਜਾਪੈ॥**
**ਜੋ ਨਰੁ ਉਸ ਕੀ ਸਰਣੀ ਪਰੈ, ਤਿਸੁ ਕੰਬਹਿ ਪਾਪੈ॥**
**ਜਨਮ ਜਨਮ ਕੀ ਮਲੁ ਉਤਰੈ, ਗੁਰ ਧੂੜੀ ਨਾਪੈ॥**
**ਜਿਨਿ ਹਰਿ ਭਾਣਾ ਮੰਨਿਆ, ਤਿਸੁ ਸੋਗੁ ਨ ਸੰਤਾਪੈ॥**
**ਹਰਿ ਜੀਉ ਤੂ ਸਭਨਾ ਕਾ ਮਿਤੁ ਹੈ, ਸਭਿ ਜਾਣਹਿ ਆਪੈ॥**
**ਐਸੀ ਸੋਭਾ ਜਨੈ ਕੀ, ਜੇਵਡੁ ਹਰਿ ਪਰਤਾਪੈ॥**
**ਸਭ ਅੰਤਰਿ ਜਨ ਵਰਤਾਇਆ, ਹਰਿ, ਜਨ ਤੇ ਜਾਪੈ॥੮॥**

***ਉਚਾਰਣ :***

ਹੇਠ ਲਿਖੇ ਪਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ:

ਚਹੁ ਕੁੰਡੀ—ਚਹੁਆਂ ਕੂੰਟਾਂ (ਦਿਸ਼ਾਂ) ਵਿਚ। ਕੰਬਹਿ—ਕੰਬਦੇ ਹਨ। ਸਭਨਾ—ਸਾਰਿਆਂ। ਹੈ—ਹੈਂ। ਜਾਣਹਿ—ਜਾਣਦੇ ਹਨ।

ਨਾਪੈ—'ਨ' ਉਚਾਰਣ ਭਾਰਾ।

***ਪਦ ਅਰਥ :***

ਨ ਵਿਆਪੈ—ਨਹੀਂ ਪੁੰਹਦਾ। ਜਿਨਿ ਜਨਿ—ਜਿਸ ਜਨ ਨੇ। ਗੁਰਮੁਖਿ—ਗੁਰੂ ਦੁਆਰਾ। ਜਾਪੈ—ਉਘਾ ਹੋ ਜਾਂਦਾ ਹੈ। ਤਿਸੁ ਕੰਬਹਿ ਪਾਪੈ—ਉਸ ਪਾਸੋਂ ਪਾਪ ਕੰਬਦੇ ਹਨ। ਮਲੁ—(ਪਾਪਾਂ ਦੀ) ਮੈਲ। ਨਾਪੈ—ਨ੍ਹਾਉਂਦਾ ਹੈ। ਸੋਗੁ ਨ ਸੰਤਾਪੈ—ਨਾ ਕੋਈ ਝੋਰਾ ਹੈ ਨਾ ਦੁਖ। ਸਭਿ ਜਾਣਹਿ ਆਪੈ—ਸਾਰੇ ਜੀਵ ਤੈਨੂੰ ਆਪਣਾ ਹੀ ਜਾਣਦੇ ਹਨ। ਜੇਵਡੁ—ਜਿਡਾ ਵੱਡਾ। ਹਰਿ ਪਰਤਾਪੈ—ਹਰੀ ਦਾ ਤੇਜ ਪਰਤਾਪ। ਜਾਪੈ—ਜਾਪਦਾ ਹੈ, ਜਾਣਿਆ ਜਾਂਦਾ ਹੈ।੮।

***ਅਰਥ :***

(ਹੇ ਪ੍ਰਭੂ!) ਜਿਸ ਮਨੁੱਖ ਨੂੰ ਤੇਰੀ (ਤੇਰੇ ਦਰਸ-ਮਿਲਾਪ ਦੀ) ਭੁਖ (ਤਾਂਘ) ਹੈ, ਉਸ ਨੂੰ ਕੋਈ ਦੁਖ ਨਹੀਂ ਪੁਹ ਸਕਦਾ।

ਜਿਸ ਸੇਵਕ ਨੇ ਗੁਰੂ (ਦੀ ਦੀਖਿਆ) ਦੁਆਰਾ ਤੈਨੂੰ ਬੁਝ (ਜਾਣ) ਲਿਆ

ਹੈ, ਉਹ ਚਹੁੰਆਂ ਦਿਸ਼ਾਂ ਵਿਚ (ਭਾਵ, ਸਾਰੇ ਸੰਸਾਰ ਵਿਚ) ਜਾਣਿਆ ਜਾਂਦਾ (ਭਾਵ, ਉੱਘਾ ਹੋ ਜਾਂਦਾ) ਹੈ।

ਜਿਹੜਾ ਮਨੁੱਖ ਉਸ (ਸ਼ਰਨ-ਜੋਗ ਗੁਰੂ) ਦੀ ਸ਼ਰਨੀ ਪੈ ਜਾਵੇ, ਉਸ ਪਾਸੋਂ ਪਾਪ ਥਰ ਥਰ ਕੰਬਦੇ ਹਨ (ਭਾਵ, ਪਾਪ ਉਸ ਦੇ ਨੇੜੇ ਨਹੀਂ ਫਟਕ ਸਕਦੇ)।

ਜਿਸ ਵਡਭਾਗੀ ਮਨੁੱਖ ਦਾ ਗੁਰੂ-ਚਰਨਾਂ ਦੀ ਧੂੜੀ ਵਿਚ ਇਸ਼ਨਾਨ ਹੋ ਜਾਏ, ਉਸ ਦੀ ਜਨਮ-ਜਨਮਾਂਤਰਾਂ ਦੀ (ਪਾਪਾਂ ਦੀ) ਮੈਲ ਕਟੀ ਜਾਂਦੀ ਹੈ।

ਜਿਸ ਜੀਵ ਨੇ ਵਾਹਿਗੁਰੂ ਦਾ ਭਾਣਾ (ਰਜ਼ਾਅ) (ਮਨ ਬਚਨ ਕਰਮ ਕਰਕੇ) ਮੰਨ ਲਿਆ, ਉਸ ਨੂੰ ਕੋਈ ਸੋਗ ਸੰਤਾਪ (ਚਿੰਤਾ ਝੋਰਾ) ਵਿਆਪਦਾ ਨਹੀਂ।

ਹਰੀ ਪ੍ਰਭੂ ਜੀਉ ! ਤੂੰ ਸਾਰੇ ਜੀਵਾਂ ਦਾ ਸੱਜਣ ਹੈਂ, ਇਸੇ ਕਰਕੇ ਸਾਰੇ ਤੈਨੂੰ ਆਪਣਾ ਜਾਣਦੇ ਹਨ।

ਜਿਡਾ ਵੱਡਾ ਹਰੀ-ਪ੍ਰਭੂ ਦਾ ਤੇਜ-ਪਰਤਾਪ ਹੈ, ਅਜਿਹੀ (ਓਡੀ ਵੱਡੀ ਹੀ) ਸੇਵਕ ਦੀ ਮਹਿਮਾ ਹੋ ਜਾਂਦੀ ਹੈ।

(ਹਰੀ-ਪ੍ਰਭੂ ਵਲੋਂ) ਸੇਵਕ ਅੰਦਰ ਸਾਰੀ ਸਤਿਆ ਟਿਕਾ ਕੇ ਅਜਿਹਾ ਵਰਤਾਰਾ ਵਰਤਾਇਆ ਜਾਂਦਾ ਹੈ ਕਿ ਉਹ (ਪ੍ਰਭੂ) ਸੇਵਕ (ਦੀ ਨਿਰਮਲ ਕਰਣੀ) ਤੋਂ ਸਾਮਰਤੱਖ ਹੁੰਦਾ ਹੈ।੮।

**ਡਖਣੇ ਮਃ ੫ ॥**

**ਜਿਨਾ ਪਿਛੈ ਹਉ ਗਈ, ਸੇ ਮੈ ਪਿਛੈ ਭੀ ਰਵਿਆਸੁ ॥**
**ਜਿਨਾ ਕੀ ਮੈ ਆਸੜੀ, ਤਿਨਾ ਮਹਿਜੀ ਆਸ ॥੧॥**

**ਮਃ ੫ ॥ ਗਿਲੀ ਗਿਲੀ ਰੋਡੜੀ, ਭਉਦੀ ਭਵਿ ਭਵਿ ਆਇ ॥**
**ਜੋ ਬੈਠੇ ਸੇ ਫਾਥਿਆ, ਉਬਰੇ ਭਾਗ ਮਥਾਇ ॥੨॥**

**ਮਃ ੫ ॥ ਡਿਠਾ ਹਭ ਮਝਾਹਿ, ਖਾਲੀ ਕੋਇ ਨ ਜਾਣੀਐ ॥**
**ਤੈ ਸਖੀ ਭਾਗ ਮਥਾਹਿ, ਜਿਨੀ ਮੇਰਾ ਸਜਣੁ ਰਾਵਿਆ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ

ਦਾ ਉਚਾਰਣ ਨਾਸਕੀ ਹੈ:

ਹਉ—ਮੈਂ। ਜਿਨਾ—ਜਿਹੜਿਆਂ। ਤਿਨਾ—ਉਨ੍ਹਾਂ।

ਜਿਨਾ, ਤਿਨਾ—'ਨ' ਉਚਾਰਣ ਭਾਰਾ।

ਭਉਦੀ—'ਉ' ਉਚਾਰਨ ਨਾਸਕੀ। ਤੈ—ਉਚਾਰਣ ਨਾਸਕਤਾ ਬਿਨਾਂ।

***ਪਦ ਅਰਥ :***

ਸੇ—ਉਹ (ਬਹੁ-ਵਚਨ)। ਰਵਿਆਸੁ—ਟੁਰੇ ਫਿਰਦੇ ਹਨ। ਆਸੜੀ—ਆਸ। ਮਹਿਜੀ—ਮੇਰੀ।੧।

ਗਿਲੀ ਗਿਲੀ—ਸਿਲ੍ਹ ਕਾਰਨ ਚਿਪ ਚਿਪ ਕਰਦੀ। ਰੋਡੜੀ—ਰੋੜੀ (ਗੁੜ ਦੀ)। ਭਉਦੀ—ਭਉਣ ਵਾਲੀ (ਮੱਖੀ)। ਭਵਿ ਭਵਿ—ਭਉਂ ਭਉਂ ਕੇ। ਸੇ ਫਾਥਿਆ—ਉਹ ਫਸ ਗਏ। ਉਬਰੇ—ਬਚ ਗਏ। ਭਾਗ ਮਥਾਇ—ਮੱਥੇ ਉਤੇ ਚੰਗੇ ਭਾਗ।੨।

ਹਭ ਮਝਾਹਿ—ਸਭਨਾਂ ਵਿਚ। ਤੈ ਸਖੀ—ਤਿਨ੍ਹਾਂ ਸਖੀਆਂ ਦੇ। ਭਾਗ ਮਥਾਹਿ—ਮੱਥੇ ਉਤੇ ਚੰਗੇ ਭਾਗ ਹਨ। ਰਾਵਿਆ—ਭੋਗਿਆ, ਮਾਣਿਆ।੩।

ਅਰਥ :

ਜਿਨ੍ਹਾਂ ਮਨੁੱਖਾਂ ਦੇ ਮਗਰ ਮੈਂ (ਆਪਣੀ ਗ਼ਰਜ਼-ਪੂਰਤੀ ਲਈ) ਗਈ, (ਮੈਨੂੰ ਹੈਰਾਨੀ ਹੋਈ ਕਿ) ਉਹ (ਆਪਣੀ ਗ਼ਰਜ਼-ਪੂਰਤੀ ਲਈ) ਸਗੋਂ ਮੇਰੇ ਪਿਛੇ ਫਿਰਦੇ ਹਨ।

ਜਿਨ੍ਹਾਂ ਦੀ ਮੈਂ (ਔਖੇ ਵੇਲੇ ਸਹਾਇਤਾ ਦੀ) ਆਸ ਰਖੀ ਹੋਈ ਸੀ (ਮੈਂ ਵੇਖਿਆ) ਉਨ੍ਹਾਂ ਨੂੰ ਸਗੋਂ ਮੇਰੀ ਆਸ ਲਗੀ ਹੋਈ ਹੈ।੧।

ਭਾਵ—ਮਾਨੁਖ ਕੀ ਟੇਕ ਬਿਰਥੀ ਸਭ ਜਾਨੁ ॥੧॥੧੪॥ *(ਸੁਖਮਨੀ ਸਾਹਿਬ)*

ਚਿਪ ਚਿਪ ਕਰਦੀ (ਸਿਲ੍ਹ ਕਾਰਨ) ਰੋੜੀ ਉਤੇ (ਮਿਠਾਸ ਦੀ ਚਸਕਾਲੂ) ਮੱਖੀ ਉਡ ਉਡ ਆਉਂਦੀ ਹੈ। (ਗੁੜ ਦੀ ਗਿੱਲੀ ਰੋੜੀ ਵਾਂਗ ਹੀ ਮਾਇਆ ਹੈ, ਜਿਸ ਉਤੇ ਮਨੁੱਖ ਦੀ ਲੋਭੀ ਬਿਰਤੀ ਫਿਰ ਫਿਰ ਲਪਟਾਇਮਾਨ ਹੁੰਦੀ ਹੈ)।

ਜੋ ਜੋ ਜੀਵ (ਇਸ ਫਾਂਧਕ-ਮਾਇਆ ਦੇ ਚਸਕਿਆਂ ਤੇ) ਆ ਕੇ ਟਿਕਦੇ ਹਨ, ਉਹ ਫਸ ਜਾਂਦੇ ਹਨ। ਬਚਦੇ ਕੇਵਲ ਉਹ ਹਨ ਜਿਨ੍ਹਾਂ ਦੇ ਮੱਥੇ ਤੇ ਚੰਗੇ ਭਾਗ (ਧੁਰੋਂ ਲਿਖੇ) ਹੁੰਦੇ ਹਨ।੨।

ਵੇਖਿਆ ਹੈ ਕਿ (ਪ੍ਰਭੂ) ਸਭਨਾਂ ਵਿਚ (ਵਿਆਪਕ) ਹੈ, (ਉਸ ਦੀ ਵਿਆਪਕ ਹੋਂਦ ਤੋਂ) ਸਖਣਾ ਕੋਈ ਨਹੀਂ ਜਾਣੀਦਾ। ਤਿਸ ਤਿਸ ਸਖੀ ਦੇ ਮੱਥੇ ਉਤੇ ਚੰਗੇ ਭਾਗ (ਪ੍ਰਗਟ ਹੁੰਦੇ) ਹਨ, ਜਿਸ ਜਿਸ ਨੇ (ਅੰਦਰ ਵਸਦਾ) ਸੱਜਣ-ਪ੍ਰਭੂ ਆਪਣਾ ਜਾਣ ਕੇ (ਅੰਤਰ-ਆਤਮੇ) ਮਾਣਿਆ (ਭੋਗਿਆ) ਹੈ।੩।

**ਪਉੜੀ ॥**

**ਹਉ ਢਾਢੀ ਦਰਿ ਗੁਣ ਗਾਵਦਾ, ਜੇ ਹਰਿ ਪ੍ਰਭ ਭਾਵੈ ॥**
**ਪ੍ਰਭੁ ਮੇਰਾ ਥਿਰ ਥਾਵਰੀ, ਹੋਰ ਆਵੈ ਜਾਵੈ ॥**
**ਸੋ ਮੰਗਾ ਦਾਨੁ ਗੁੋਸਾਈਆ, ਜਿਤੁ ਭੁਖ ਲਹਿ ਜਾਵੈ ॥**
**ਪ੍ਰਭ ਜੀਉ ਦੇਵਹੁ ਦਰਸਨੁ ਆਪਣਾ, ਜਿਤੁ ਢਾਢੀ ਤ੍ਰਿਪਤਾਵੈ ॥**
**ਅਰਦਾਸਿ ਸੁਣੀ ਦਾਤਾਰਿ ਪ੍ਰਭਿ, ਢਾਢੀ ਕਉ ਮਹਲਿ ਬੁਲਾਵੈ ॥**
**ਪ੍ਰਭ ਦੇਖਦਿਆ ਦੁਖ ਭੁਖ ਗਈ, ਢਾਢੀ ਕਉ ਮੰਗਣੁ ਚਿਤਿ ਨ ਆਵੈ ॥**
**ਸਭੇ ਇਛਾ ਪੂਰੀਆ, ਲਗਿ ਪ੍ਰਭ ਕੈ ਪਾਵੈ ॥**
**ਹਉ ਨਿਰਗੁਣੁ ਢਾਢੀ ਬਖਸਿਓਨੁ, ਪ੍ਰਭਿ ਪੁਰਖਿ ਵੇਦਾਵੈ ॥੯॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ:

ਮੰਗਾ—ਮੈਂ ਮੰਗਦਾ ਹਾਂ। ਦੇਖਦਿਆ—ਦਰਸ਼ਨ ਕਰਦਿਆਂ। ਇਛਾ—ਮਨੋ-ਕਾਮਨਾ। ਪੂਰੀਆ—ਪੂਰੀਆਂ ਹੋ ਗਈਆਂ।

ਗਾਵਦਾ—'ਗਾ' ਉਚਾਰਣ ਨਾਸਕੀ।

ਗੁੋਸਾਈਆ—'ਈ' ਉਚਾਰਣ ਨਾਸਕੀ। ਇਹ ਨਾਸਕਤਾ ਸ਼ਬਦ ਦੇ ਅੰਤਲੇ ਸੁਰ ਨੂੰ ਵੀ ਪ੍ਰਭਾਵਤ ਕਰਦੀ ਹੈ।

***ਪਦ ਅਰਥ :***

ਹਉ—ਮੈਂ। ਢਾਢੀ—ਗਾ ਕੇ ਕੀਰਤੀ ਕਰਨ ਵਾਲਾ। ਦਰਿ—ਪ੍ਰਭੂ ਦੇ ਦਰ ਉਤੇ। ਥਿਰ ਥਾਵਰੀ—ਸਦਾ ਸਥਿਰ ਟਿਕਾਣੇ ਵਾਲਾ। ਹੋਰ—ਬਾਕੀ ਲੁਕਾਈ। ਆਵੈ ਜਾਵੈ—ਆਉਂਦੀ ਜਾਂਦੀ (ਜੰਮਦੀ ਮਰਦੀ ਹੈ)। ਜਿਤੁ—ਜਿਸ ਸਦਕਾ। ਤ੍ਰਿਪਤਾਵੈ—ਪੂਰੀ ਤਰ੍ਹਾਂ ਰਜ ਜਾਵੇ। ਅਰਦਾਸਿ—ਜੋਦੜੀ। ਦਾਤਾਰਿ ਪ੍ਰਭਿ—ਦਾਤੇ ਪ੍ਰਭੂ ਨੇ। ਮਹਲਿ—ਮਹਿਲ ਵਿਚ। ਲਗਿ ਪ੍ਰਭ ਕੈ ਪਾਵੈ—ਪ੍ਰਭੂ ਦੇ ਚਰਨੀਂ ਲਗ ਕੇ।

ਨਿਰਗੁਣ—ਗੁਣ-ਹੀਣਾ। ਬਖਸਿਓਨੁ—ਉਸ (ਪ੍ਰਭੂ) ਨੇ ਬਖ਼ਸ਼ ਦਿਤਾ। ਪ੍ਰਭਿ ਪੁਰਖਿ—ਪ੍ਰਭੂ ਪੁਰਖ ਨੇ। ਵੇਦਾਵੈ—ਦਾਵੇ-ਹੀਣ, ਨਿਮਾਣੇ ਨੂੰ।

***ਅਰਥ :***

ਮੈਂ ਢਾਢੀ ਪ੍ਰਭੂ-ਦਰ ਉਤੇ (ਬੈਠਾ) ਉਸ ਦੇ ਗੁਣ ਗਾਉਂਦਾ ਹਾਂ। ਭਲਾ! ਜੇ ਹਰੀ-ਪ੍ਰਭੂ ਨੂੰ (ਮੇਰੀ ਘਾਲਣਾ) ਕਬੂਲ ਹੋ ਜਾਵੇ!

ਮੇਰਾ ਪ੍ਰਭੂ ਸਦਾ-ਥਿਰ ਟਿਕਾਣੇ ਵਾਲਾ (ਸੱਚ ਸਰੂਪ ਵਾਲਾ) ਹੈ, ਹੋਰ ਸਾਰੀ ਲੁਕਾਈ ਆਉਂਦੀ ਜਾਂਦੀ (ਜੰਮਦੀ ਮਰਦੀ) ਰਹਿੰਦੀ ਹੈ।

ਹੇ ਵਿਸ਼ਵ-ਸੰਸਾਰ ਦੇ ਮਾਲਕ! ਮੈਂ ਅਜਿਹਾ ਦਾਨ ਮੰਗਦਾ ਹਾਂ ਜਿਸ ਨਾਲ ਮੇਰੀ ਸਾਰੀ ਭੁੱਖ (ਮੰਗਣ ਦੀ ਲਾਲਸਾ) ਮਿਟ ਜਾਵੇ।

ਮਾਲਕ ਪ੍ਰਭੂ ਜੀ! ਆਪਣਾ ਮੁਬਾਰਕ ਦਰਸ਼ਨ ਬਖ਼ਸ਼ੋ, ਜਿਸ ਸਦਕਾ ਆਪ ਦਾ ਢਾਢੀ (ਸਿਫ਼ਤਿ-ਸਾਲਾਹ ਕਰਨ ਵਾਲਾ, ਕੀਰਤਨੀਆ) ਪੂਰਨ ਤੌਰ ਤੇ ਤ੍ਰਿਪਤ ਹੋ ਜਾਵੇ।

ਦਾਤੇ-ਪ੍ਰਭੂ ਨੇ ਜੋਦੜੀ ਸੁਣ ਲਈ ਅਤੇ ਢਾਢੀ ਨੂੰ ਆਪਣੇ ਨਿਜ-ਮਹਿਲ ਵਿਚ ਬੁਲਾ ਲਿਆ।

ਪ੍ਰਭੂ ਦੇ ਦੀਦਾਰ ਕਰਦਿਆਂ ਹੀ (ਮੈਂ ਢਾਢੀ) ਦੀ ਦੁਖਦਾਈ ਭੁਖ (ਮੰਗਣ ਦੀ ਲਾਲਸਾ) ਮਿਟ ਗਈ। (ਪ੍ਰਭੂ-ਦਰਸ਼ਨ ਸਦਕਾ ਪੂਰਨ ਤ੍ਰਿਪਤੀ ਹੋ ਗਈ) ਢਾਢੀ ਨੂੰ (ਹੋਰ ਕੁਝ) ਮੰਗਣਾ ਚੇਤੇ ਹੀ ਨਾ ਰਿਹਾ।

ਪ੍ਰਭੂ ਦੇ ਚਰਨੀਂ ਲਗ ਕੇ ਸਾਰੀਆਂ ਇਛਾਵਾਂ (ਸੁਤੇ ਹੀ) ਪੂਰੀਆਂ ਹੋ ਗਈਆਂ।

ਉਸ ਪ੍ਰਭੂ-ਪੁਰਖ ਨੇ ਮੈਨੂੰ ਗੁਣ-ਹੀਣੇ ਅਤੇ ਨਿਮਾਣੇ ਢਾਢੀ ਨੂੰ (ਸਭ ਕੁਝ) ਬਖ਼ਸ਼ ਦਿਤਾ। (ਭਾਵ, ਪ੍ਰਭੂ ਦੇ ਦਰਸ਼ਨਾਂ ਵਿਚ ਸਭ ਕੁਝ ਆ ਗਿਆ)।੯।

**ਡਖਣੇ ਮ: ੫ ॥**

**ਜਾ ਛੁਟੇ ਤਾ ਖਾਕੁ, ਤੂੰ ਸੁੰਞੀ ਕੰਤੁ ਨ ਜਾਣਹੀ ॥**
**ਦੁਰਜਨ ਸੇਤੀ ਨੇਹੁ, ਤੂੰ ਕੈ ਗੁਣਿ ਹਰਿ ਰੰਗੁ ਮਾਣਹੀ ॥੧॥**

**ਮ: ੫ ॥ ਨਾਨਕ ਜਿਸੁ ਬਿਨੁ ਘੜੀ ਨ ਜੀਵਣਾ, ਵਿਸਰੇ ਸਰੈ ਨ ਬਿੰਦ ॥**
**ਤਿਸੁ ਸਿਉ ਕਿਉ ਮਨ ਰੂਸੀਐ, ਜਿਸਹਿ ਹਮਾਰੀ ਚਿੰਦ ॥੨॥**

**ਮ: ੫॥ ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲੁ ॥**
**ਨਾਨਕ ਵਿਣੁ ਨਾਵੈ ਆਲੂਦਿਆ, ਜਿਤੀ ਹੋਰੁ ਖਿਆਲੁ ॥੨॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਜਾ—ਜਦੋਂ। ਤਾ—ਤਦੋਂ। ਨ ਜਾਣਹੀ—ਤੂੰ (ਕਿਉਂ) ਨਹੀਂ ਜਾਣਦੀ? ਮਾਣਹੀ—ਤੂੰ ਮਾਣ ਸਕਦੀ ਹੈਂ? ਕਿਉ—ਕਾਹਦੇ ਲਈ?

***ਪਦ ਅਰਥ :***

ਛੁਟੇ—ਪ੍ਰਾਣ ਛੁਟ ਗਏ। ਖਾਕੁ—ਮਿੱਟੀ। ਸੁੰਞੀ—ਸਖਣੀ (ਪ੍ਰਾਣਾਂ ਤੋਂ)। ਕੰਤੁ ਨ ਜਾਣਹੀ—ਪਤੀ ਨੂੰ ਕਿਉਂ ਨਹੀਂ ਜਾਣਦੀ। ਦੁਰਜਨ ਸੇਤੀ— ਕਾਮਾਦਿਕ ਵੈਰੀਆਂ ਨਾਲ। ਨੇਹੁ—ਪਿਆਰ। ਕੈ ਗੁਣਿ—ਕਿਹੜੇ ਚਜ-ਵਸ ਕਰਕੇ, ਕਿਵੇਂ? ਹਰਿ ਰੰਗੁ—ਪ੍ਰਭੂ ਦਾ ਪਿਆਰ।੧।

ਨ ਜੀਵਣਾ—ਜੀਊਣਾ ਸੰਭਵ ਨਹੀਂ। ਵਿਸਰੇ—ਵਿਸਰਿਆਂ। ਸਰੇ ਨ—ਗੁਜ਼ਾਰਾ ਨਹੀਂ ਹੁੰਦਾ। ਬਿੰਦ—ਪਲ ਭਰ। ਰੂਸੀਐ—ਰੁਸੇਵਾਂ ਕਰੀਏ। ਜਿਸਹਿ—ਜਿਸ ਨੂੰ। ਚਿੰਦ—ਚਿੰਤਾ, ਫ਼ਿਕਰ, ਸੰਭਾਲ।੨।

ਰਤੇ—ਰੰਗੇ ਹੋਏ ਹਨ। ਰੰਗਿ—ਪਿਆਰ-ਰੰਗ ਵਿਚ। ਅਤਿ ਗੁਲਾਲੁ—ਬਹੁਤ ਗੂੜ੍ਹਾ ਲਾਲ। ਆਲੂਦਿਆ—ਮੈਲ ਨਾਲ ਲਿਬੜੇ ਹੋਏ, ਮਲੀਨ। ਜਿਤੀ—ਜਿੰਨਾ ਵੀ। ਖਿਆਲੁ—ਸੰਕਲਪ।੩।

***ਅਰਥ :***

ਹੇ (ਅਕਲ ਤੋਂ) ਸੁੰਞੀ ਦੇਹੀ! ਤੂੰ ਆਤਮਾ-ਪਤੀ (ਦੀ ਕਦਰ ਕੀਮਤ) ਨੂੰ ਨਹੀਂ ਜਾਣਦੀ। ਜਦੋਂ ਤੇਰੇ ਵਿਚੋਂ ਪ੍ਰਾਣ ਭਾਵ ਆਤਮਾ ਉਡਾਰੀ ਮਾਰ ਗਿਆ ਤਾਂ ਤੂੰ ਖ਼ਾਕ (ਮਿੱਟੀ ਦੀ ਢੇਰੀ) ਹੋ ਜਾਏਂਗੀ।

ਭਲਾ ਦੱਸ, (ਅੰਦਰ ਖਰੂਦ ਮਚਾਣ ਵਾਲੇ ਕਾਮਾਦਿਕ) ਵੈਰੀਆਂ ਨਾਲ ਪਿਆਰ ਪਾ ਕੇ ਤੂੰ ਉਸ ਰੰਗੀਲੇ ਹਰੀ ਦਾ ਪਿਆਰ ਕਿਵੇਂ ਮਾਣ ਸਕਦੀ ਹੈਂ?।੧।

(ਗੁਰਦੇਵ 'ਨਾਨਕ' ਮੁਹਰ-ਛਾਪ ਲਾ ਕੇ ਜੀਵ ਦੇ ਮਨ ਨੂੰ ਸਮਝਾਉਣ ਦਾ ਵਲ ਸਿਖਾਉਂਦੇ ਹਨ) ਹੇ ਮਨ! ਜਿਸ (ਪ੍ਰਭੂ) ਤੋਂ ਬਗ਼ੈਰ ਪਲ ਭਰ ਭੀ ਜੀਊਣਾ

ਸੰਭਵ ਨਹੀਂ ਤੇ ਜਿਸ ਤੋਂ ਵਿਸਰਿਆਂ ਖਿਨ ਪਲ ਵੀ ਸਰਦਾ ਨਹੀਂ, ਉਸ (ਸਰਬ-ਅਧਾਰ ਪ੍ਰਭੂ) ਨਾਲ ਫਿਰ ਰੋਸਾ ਕਿਉਂ ਕਰੀਏ, ਜਿਸ ਨੂੰ ਸਾਡੀ (ਸਾਰਿਆਂ ਦੀ) ਸਾਰ-ਸੰਭਾਲ ਹੈ।੨।

ਜੋ ਜੀਵ (ਅੰਤਰ-ਆਤਮੇ) ਪਾਰਬ੍ਰਹਮ ਦੇ ਪਿਆਰ-ਰੰਗ ਵਿਚ ਰੰਗੇ ਹੁੰਦੇ ਹਨ, ਉਨ੍ਹਾਂ ਦਾ ਮਨ ਤੇ ਤਨ (ਮਜੀਠ ਦੇ ਗੂੜ੍ਹੇ ਰੰਗ ਵਿਚ ਰੰਗੇ ਬਸਤਰ ਵਾਂਗ) ਲਾਲੋ ਲਾਲ ਹੋ ਜਾਂਦਾ ਹੈ।

ਨਾਨਕ! ਨਾਮ ਤੋਂ ਬਗੈਰ ਜਿੰਨਾ ਵੀ ਹੋਰ ਸੰਕਲਪ ਹੈ, ਸਾਰੇ ਦਾ ਸਾਰਾ (ਵਿਕਾਰਾਂ ਦੀ) ਮੈਲ ਨਾਲ ਲਿਬੜਿਆ ਹੁੰਦਾ ਹੈ।੩।

**ਪਵੜੀ ॥**

**ਹਰਿ ਜੀਉ ਜਾ ਤੂ ਮੇਰਾ ਮਿਤ੍ਰੁ ਹੈ, ਤਾ ਕਿਆ ਮੈ ਕਾੜਾ ॥**
**ਜਿਨੀ ਠਗੀ ਜਗੁ ਠਗਿਆ, ਸੇ ਤੁਧੁ ਮਾਰਿ ਨਿਵਾੜਾ ॥**
**ਗੁਰਿ ਭਉਜਲੁ ਪਾਰਿ ਲੰਘਾਇਆ, ਜਿਤਾ ਪਾਵਾੜਾ ॥**
**ਗੁਰਮਤੀ ਸਭਿ ਰਸ ਭੋਗਦਾ, ਵਡਾ ਆਖਾੜਾ ॥**
**ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾਸਾੜਾ ॥**
**ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ ॥**
**ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ ॥**
**ਗੁਰ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ ॥੧੦॥**

*ਉਚਾਰਣ :*

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਜਾ—ਜਦੋਂ। ਤਾ—ਤਦੋਂ। ਹੈ—ਤੂੰ ਹੈਂ। ਜਿਨੀ—ਜਿਨ੍ਹਾਂ ਨੇ। ਠਗੀ—ਠੱਗਾਂ ਨੇ। ਇੰਦ੍ਰੀਆ—ਸਰੀਰ ਦੇ ਸੂਖਮ ਅਤੇ ਅਸਥੂਲ ਅੰਗ, ਜਿਨ੍ਹਾਂ ਦੁਆਰਾ ਪਦਾਰਥ-ਗਿਆਨ ਪ੍ਰਾਪਤ ਕਰੀਦਾ ਹੈ ਅਤੇ ਅੰਦਰਲੇ ਬਾਹਰਲੇ ਕਾਰਜ ਸਿਧ ਕਰੀਦੇ ਹਨ। ਲਗਦੀਆ—ਲਗਦੀਆਂ ਹਨ। ਇਛੀ—ਮੈਂ ਚਾਹੁੰਦਾ ਹਾਂ।

ਕਾੜਾ—'ੜ' ਉਚਾਰਣ ਭਾਰਾ।

ਜਿਨੀ—'ਨ' ਉਚਾਰਣ ਭਾਰਾ।

ਨਹ—'ਹ' ਦਾ ਉਚਾਰਣ 'ਹਿ' ਵਾਂਗ ਦਰੁਸਤ ਨਹੀਂ।
ਪਾਇਦਾ—'ਇ' ਉਚਾਰਣ ਨਾਸਕੀ।

***ਪਦ ਅਰਥ :***

**ਕਾੜਾ—ਝੋਰਾ। ਨਿਵਾੜਾ—ਨਿਵਾਰਾ, ਦੂਰ ਕਰ ਦਿਤੇ ਹਨ। ਗੁਰਿ—ਗੁਰੂ ਨੇ। ਭਉਜਲੁ—ਸੰਸਾਰ-ਸਾਗਰ ਤੋਂ। ਪਾਵਾੜਾ—ਪੁਆੜਾ, ਬਿਖਮ ਅਖਾੜਾ। ਗੁਰਮਤੀ—ਗੁਰੂ ਦੀ ਮਤਿ ਅਨੁਸਾਰ। ਸਤਵੰਤਾਸਾੜਾ—[ਸਤਵੰਤ+ਅਸਾੜਾ ਦੀ ਸੰਧੀ]।** ਸਤਵੰਤਾ—ਉਚੇ ਆਚਰਣ ਵਾਲਾ, ਸਤਵਾਦੀ। ਸਾੜਾ—ਸਾਡਾ, ਆਪਣਾ। ਜਿਤੁ—ਜਿਸ ਪਾਸੇ। ਲਾਈਅਨਿ—ਲਾਈਦੀਆਂ ਹਨ। ਤਿਤੈ—ਓਸੇ ਪਾਸੇ। ਖਿੰਜੋਤਾੜਾ—ਕਸ਼-ਮ-ਕਸ਼, ਖਿੱਚੋਤਾਣ। ਪਾਇਦਾ—ਪ੍ਰਾਪਤ ਕਰ ਲੈਂਦਾ ਹਾਂ। ਅੰਦਰਿ ਵਾੜਾ—ਅੰਤਰਮੁਖੀ ਕਰ ਦਿਤਾ ਹੈ। ਭਾਇਰਹੁ—ਹੇ ਭਾਈਓ! ।੧੦।

***ਅਰਥ :***

ਹਰੀ ਪ੍ਰਭੂ ਜੀ! ਜਦ ਤੂੰ (ਸਰਬ ਕਲਾ ਸਮਰੱਥ) ਮੇਰਾ ਸੱਜਣ ਹੈਂ ਤਾਂ ਫਿਰ ਮੈਨੂੰ ਕਾਹਦਾ ਝੋਰਾ ?

ਜਿਨ੍ਹਾਂ (ਕਾਮਾਦਿਕ) ਠੱਗਾਂ ਨੇ ਸਾਰਾ ਸੰਸਾਰ ਲੁਟ ਮਾਰਿਆ ਹੈ, ਉਹਨਾਂ (ਠੱਗਾਂ ਨੂੰ) ਤੂੰ ਮਾਰ ਕੇ ਮੇਰੇ ਮਗਰੋਂ ਲਾਹ ਦਿਤਾ ਹੈ।

ਮੈਨੂੰ ਗੁਰੂ ਨੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿਤਾ ਹੈ ਤੇ ਮੈਂ ਸਾਰਾ (ਵਿਕਾਰਾਂ ਨਾਲ ਟਾਕਰੇ ਦਾ) ਬਿਖਮ ਅਖਾੜਾ ਜਿਤ ਲਿਆ ਹੈ।

ਸੰਸਾਰ ਇਕ ਵੱਡਾ ਸੰਘਰਸ਼-ਖੇਤਰ ਹੈ (ਇਸ ਵਿਚ ਜੀਵ ਦਾ ਮਾਇਕੀ ਚਸਕਿਆਂ ਅਤੇ ਕਾਮਾਦਿਕ ਵਿਕਾਰਾਂ ਨਾਲ ਟਾਕਰਾ ਹੈ), ਮੈਂ ਗੁਰੂ ਦੀ ਮਤਿ ਅਨੁਸਾਰ (ਚਸਕੇ ਤੋਂ ਨਿਰਲੇਪ ਰਹਿੰਦਾ ਹੋਇਆ) ਸਾਰੇ ਰਸ ਕਸ ਮਾਣਦਾ ਹਾਂ।

ਸਤਵੰਤਾ-ਪ੍ਰਭੂ ਸਾਡਾ (ਮਿੱਤਰ) ਹੋ ਗਿਆ ਹੈ, ਜਿਸ ਨੇ (ਸਾਡੀਆਂ) ਸਾਰੀਆਂ (ਗਿਆਨ ਅਤੇ ਕਰਮ) ਇੰਦਰੀਆਂ (ਸਾਡੇ) ਵਸ ਵਿਚ ਕਰ ਦਿਤੀਆਂ ਹਨ।

ਹੁਣ ਜਿਸ ਕੰਮ ਵਿਚ ਇਹ (ਇੰਦਰੀਆਂ) ਲਾਈਦੀਆਂ ਹਨ ਓਸੇ ਵਿਚ ਲਗਦੀਆਂ ਹਨ, ਕੋਈ ਖਿੱਚੋਤਾਣ ਨਹੀਂ ਰਿਹਾ।

ਗੁਰੂ ਨੇ ਮੈਨੂੰ ਅੰਤਰਮੁਖੀ ਕਰ ਦਿਤਾ ਹੈ, ਜੋ ਚਿਤਵਦਾ ਹਾਂ ਓਹੀ ਫਲ ਪ੍ਰਾਪਤ ਕਰ ਲੈਂਦਾ ਹਾਂ।

ਹੇ ਭਰਾਵੋ! ਗੁਰੂ ਨਾਨਕ ਮੇਰੇ ਤੇ ਮਿਹਰਵਾਨ ਹੋ ਗਿਆ ਹੈ, (ਜਿਸ ਕਰਕੇ) ਹੁਣ ਹਰੀ-ਪ੍ਰਭੂ ਨੇੜੇ ਵਸਦਾ (ਅਨੁਭਵ ਹੁੰਦਾ) ਹੈ।੧੦।

**ਡਖਣੇ ਮ: ੫ ॥**

**ਜਾ ਮੂੰ ਆਵਹਿ ਚਿਤਿ ਤੂ, ਤਾ ਹਭੇ ਸੁਖ ਲਹਾਉ ॥**
**ਨਾਨਕ ਮਨ ਹੀ ਮੰਝਿ ਰੰਗਾਵਲਾ, ਪਿਰੀ ਤਹਿਜਾ ਨਾਉ ॥੧॥**

**ਮ: ੫ ॥ ਕਪੜ ਭੋਗ ਵਿਕਾਰ, ਏ ਹਭੇ ਹੀ ਛਾਰ ॥**
**ਖਾਕੁ ਲੋੜੇਦਾ ਤੰਨਿ ਖੇ, ਜੋ ਰਤੇ ਦੀਦਾਰ ॥੨॥**

**ਮ: ੫ ॥ ਕਿਆ ਤਕਹਿ ਬਿਆ ਪਾਸ, ਕਰਿ ਹੀਅੜੇ ਹਿਕੁ ਅਧਾਰੁ ॥**
**ਥੀਉ ਸੰਤਨ ਕੀ ਰੇਣੁ, ਜਿਤੁ ਲਭੀ ਸੁਖ ਦਾਤਾਰੁ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਜਾ—ਜਦੋਂ। ਆਵਹਿ—ਤੂੰ ਆਵੇਂ। ਤਾ—ਤਦੋਂ। ਲਹਾਉ—ਮੈਂ ਪ੍ਰਾਪਤ ਕਰ ਲੈਂਦਾ ਹਾਂ। ਨਾਉ—ਨਾਮ। ਤਕਹਿ—ਤੂੰ ਵੇਖਦਾ ਹੈਂ।

ਤਹਿਜਾ—'ਹਿ' ਉਚਾਰਣ ਨਾਸਕੀ।

ਲੋੜੇਦਾ—'ੜੇ' ਉਚਾਰਣ ਨਾਸਕੀ।

***ਪਦ ਅਰਥ :***

ਮੂੰ—ਮੈਨੂੰ। ਚਿਤਿ—ਚਿਤ ਵਿਚ, ਚੇਤੇ। ਹਭੇ—ਸਾਰੇ। ਲਹਾਉ—ਮੈਂ ਪ੍ਰਾਪਤ ਕਰਦਾ ਹਾਂ। ਮੰਝਿ—ਵਿਚ। ਰੰਗਾਵਲਾ—ਰੰਗ ਵਾਲਾ, ਅਨੰਦ- ਦਾਇਕ। ਪਿਰੀ—ਹੇ ਪਿਰ! ਤਹਿਜਾ—ਤੇਰਾ।੧।

ਕਪੜ ਭੋਗ—ਹੰਢਾਣ ਖਾਣ। ਵਿਕਾਰ—ਬੇ-ਕਾਰ, ਫ਼ਜ਼ੂਲ। ਛਾਰ—ਸੁਆਹ। ਖਾਕੁ—ਮਿੱਟੀ, (ਚਰਨ-) ਧੂੜ। ਤੰਨਿ ਖੇ—ਤਿਨ੍ਹਾਂ ਦੀ। ਰਤੇ ਦੀਦਾਰ—ਦਰਸ਼ਨ ਦੇ ਮਤਵਾਲੇ (ਪ੍ਰੀਤਵਾਨ)।੨।

ਬਿਆ ਪਾਸ—ਹੋਰ ਹੋਰ ਪਾਸੇ (ਆਸਰੇ)। ਹੀਅੜੇ—ਹੇ ਮੇਰੇ ਜੀਅ! ਹਿਕੁ—ਇਕ। ਅਧਾਰੁ—ਆਸਰਾ। ਥੀਉ—ਹੋ ਜਾ। ਰੇਣੁ—(ਚਰਨ-) ਧੂੜ। ਜਿਤੁ—ਜਿਸ ਤੋਂ

(ਦੁਆਰਾ)। ਲਭੀ—ਤੈਨੂੰ ਮਿਲ ਪਵੇ।੩।

***ਅਰਥ :***

ਹੇ ਪਿਆਰੇ ਪ੍ਰੀਤਮ! ਜਦੋਂ ਤੂੰ ਮੈਨੂੰ ਚੇਤੇ ਆਉਂਦਾ ਹੈਂ, ਤਦੋਂ ਮਾਨੋ ਮੈਂ ਸਾਰੇ ਸੁਖ ਪ੍ਰਾਪਤ ਕਰ ਲੈਂਦੀ ਹਾਂ।

'ਨਾਨਕ' (ਮੁਹਰ-ਛਾਪ ਲਾ ਕੇ ਜੋਦੜੀ ਕਰਦੇ ਹਨ) ਮੇਰੇ ਮਨ ਵਿਚ ਕੇਵਲ ਤੇਰਾ ਅਨੰਦਦਾਇਕ ਨਾਮ ਹੀ ਵਸਦਾ ਰਵ੍ਹੇ!।੧।

(ਪ੍ਰਭੂ-ਪ੍ਰੀਤ ਤੋਂ ਬਗ਼ੈਰ) ਕਪੜੇ ਅਤੇ ਭੋਜਨ (ਭਾਵ, ਨਿਰਾ ਖਾਣ-ਹੰਢਾਣ) ਨਿਕੰਮੇ ਹਨ। ਇਹ ਸਾਰੇ ਹੀ (ਮਾਇਕੀ ਭੋਗ) ਸੁਆਹ ਸਮਾਨ (ਤੁਛ) ਹਨ। (ਮੈਨੂੰ ਇਹਨਾਂ ਦੀ ਰਤਾ ਚਾਹਨਾ ਨਹੀਂ) ਮੈਂ ਉਹਨਾਂ ਦੀ ਚਰਨ-ਧੂੜ ਲੋਚਦਾ ਹਾਂ ਜੋ ਪ੍ਰਭੂ-ਦੀਦਾਰ ਦੇ ਮਤਵਾਲੇ ਹਨ।੨।

ਹੇ ਜੀਵ! (ਆਤਮ-ਤ੍ਰਿਪਤੀ ਲਈ) ਕਿਸੇ ਹੋਰ ਪਾਸੇ ਕਿਉਂ ਝਾਕਦਾ ਹੈਂ, ਇਕ ਵਾਹਿਗੁਰੂ ਨੂੰ (ਹਿਰਦੇ ਦਾ) ਆਸਰਾ ਬਣਾ।

ਸਤ-ਪੁਰਸ਼ਾਂ ਦੀ ਚਰਨ-ਧੂੜ ਹੋ ਜਾ, ਜਿਸ ਸਦਕਾ ਤੈਨੂੰ ਸਰਬ ਸੁਖਦਾਇਕ ਵਾਹਿਗੁਰੂ ਅਵੱਸ਼ ਲੱਭ ਪਵੇ।੩।

ਪਉੜੀ ॥

**ਵਿਣੁ ਕਰਮਾ ਹਰਿ ਜੀਉ ਨ ਪਾਈਐ, ਬਿਨੁ ਸਤਿਗੁਰ ਮਨੂਆ ਨ ਲਗੈ ॥**
**ਧਰਮੁ ਧੀਰਾ ਕਲਿ ਅੰਦਰੇ, ਇਹੁ ਪਾਪੀ ਮੂਲਿ ਨ ਤਗੈ ॥**
**ਅਹਿ ਕਰੁ ਕਰੇ ਸੁ ਅਹਿ ਕਰੁ ਪਾਏ, ਇਕ ਘੜੀ ਮੁਹਤੁ ਨ ਲਗੈ ॥**
**ਚਾਰੇ ਜੁਗ ਮੈ ਸੋਧਿਆ, ਵਿਣੁ ਸੰਗਤਿ ਅਹੰਕਾਰੁ ਨ ਭਗੈ ॥**
**ਹਉਮੈ ਮੂਲਿ ਨ ਛੁਟਈ, ਵਿਣੁ ਸਾਧੂ ਸਤਸੰਗੈ ॥**
**ਤਿਚਰੁ ਥਾਹ ਨ ਪਾਵਈ, ਜਿਚਰੁ ਸਾਹਿਬ ਸਿਉ ਮਨ ਭੰਗੈ ॥**
**ਜਿਨਿ ਜਨਿ ਗੁਰਮੁਖਿ ਸੇਵਿਆ, ਤਿਸੁ ਘਰਿ ਦੀਬਾਣੁ ਅਭਗੈ ॥**
**ਹਰਿ ਕਿਰਪਾ ਤੇ ਸੁਖੁ ਪਾਇਆ ਗੁਰ ਸਤਿਗੁਰ ਚਰਣੀ ਲਗੈ ॥੧੧॥**

***ਉਚਾਰਣ :***

ਕਰਮਾ—(ਭਾਗਾਂ) ਅੰਤਲੇ ਸੂਰ ਦਾ ਉਚਾਰਣ ਨਾਸਕੀ ਹੈ।

**ਪਦ ਅਰਥ :**

ਧੀਰਾ—ਧੀਰਜ ਦਾ ਪੁੰਜ। ਕਲਿ—ਕਲੇਸ਼ਾਂ ਭਰੇ ਸੰਸਾਰ ਵਿਚ। ਮੂਲਿ ਨ ਤਗੈ—ਬਿਲਕੁਲ ਨਹੀਂ ਨਿਭਦਾ। ਅਹਿ ਕਰੁ—ਇਹ ਹੱਥ। ਮੁਹਤੁ—ਛਿਨ ਭਰ ਭੀ। ਸੋਧਿਆ—ਪਰਖਿਆ ਪੜਤਾਲਿਆ ਹੈ। ਨ ਭਗੈ—ਨਾਸ ਨਹੀਂ ਹੁੰਦਾ। ਸਾਧੂ—ਸਤਿਗੁਰੂ। ਤਿਚਰੁ—ਓਨਾ ਚਿਰ (ਸਮਾਂ)। ਥਾਹ—ਹਾਥ, ਡੂੰਘਾਈ। ਜਿਚਰੁ—ਜਿੰਨਾ ਚਿਰ (ਸਮਾਂ)। ਮਨ ਭੰਗੈ—ਮਨ ਦਾ ਭੇਦ (ਫ਼ਰਕ)। ਗੁਰਮੁਖਿ—ਗੁਰੂ ਦਾ ਅਨੁਸਾਰੀ ਹੋ ਕੇ। ਦੀਬਾਣੁ—ਤਖ਼ਤ, ਆਸਣ। ਅਭਗੈ—ਨਾਸ ਨਾ ਹੋਣ ਵਾਲਾ (ਵਾਹਿਗੁਰੂ)।੧੧।

**ਅਰਥ :**

ਚੰਗੇ ਭਾਗਾਂ ਤੋਂ ਬਿਨਾਂ ਹਰਿ ਜੀਉ ਨਹੀਂ ਮਿਲਦਾ, ਸਤਿਗੁਰ (ਦੀ ਦੀਖਿਆ) ਤੋਂ ਬਗ਼ੈਰ ਮਨ (ਵਾਹਿਗੁਰੂ ਦੇ ਚਰਨਾਂ ਵਿਚ) ਨਹੀਂ ਜੁੜਦਾ।

ਕਲੇਸ਼ਾਂ ਭਰੇ ਸੰਸਾਰ ਵਿਚ (ਵਿਕਾਰਾਂ ਦੇ ਹਲਿਆਂ ਮੂਹਰੇ) ਧਰਮ (ਮਨੁੱਖ ਨੂੰ) ਧੀਰਜਵਾਨ (ਹੌਸਲਾ ਰਖਣ ਵਾਲਾ) ਕਰਨ ਵਾਲਾ ਹੈ। ਇਹ ਮੇਰਾ ਪਾਪੀ ਜੀਊੜਾ (ਵਿਕਾਰਾਂ ਦੇ ਹਲਿਆਂ ਮੂਹਰੇ) ਮੂਲੋਂ ਹੀ ਟਿਕ ਨਹੀਂ ਸਕਦਾ।

(ਪ੍ਰਭੂ ਦਾ ਧਰਮ ਨਿਆਉਂ ਹੈ) ਇਹ ਹੱਥ (ਕੋਈ ਕਰਮ) ਕਰਦਾ ਹੈ ਤਾਂ (ਉਸ ਦਾ ਫਲ) ਇਹੀ ਹੱਥ ਪਾਉਂਦਾ ਹੈ। (ਇਹ ਧਰਮ-ਨਿਆਉਂ ਤੁਰਤ ਵਰਤਦਾ ਹੈ) ਘੜੀ ਦੋ ਘੜੀ ਦਾ ਸਮਾਂ ਵੀ ਨਹੀਂ ਲਗਦਾ।

ਮੈਂ ਚਾਰੇ ਜੁਗ ਭਾਵ ਚਹੁੰਆਂ ਜੁਗਾਂ ਦਾ ਵਰਤਾਰਾ ਘੋਖ-ਵਿਚਾਰ ਲਿਆ ਹੈ, (ਤੱਤ ਨਿਰਣਾ ਇਹ ਹੈ ਕਿ) ਸਤਸੰਗਤ ਤੋਂ ਬਗ਼ੈਰ ਅਹੰਕਾਰ ਪਿੱਛਾ ਨਹੀਂ ਛਡਦਾ।

ਸਾਧੂ-ਸਤਿਗੁਰੂ ਦੀ ਸਤ-ਸੰਗਤ ਬਗ਼ੈਰ (ਪ੍ਰਭੂ ਤੋਂ ਵਿਛੋੜਾ ਪਾਉਣ ਵਾਲੀ) ਹਉਮੈ ਮੂਲੋਂ ਹੀ ਮਗਰੋਂ ਨਹੀਂ ਲਹਿੰਦੀ।

ਜਿੰਨਾ ਚਿਰ ਸਾਹਿਬ ਨਾਲੋਂ ਕਿਸੇ ਦੇ ਮਨ ਦਾ ਤੋੜ-ਵਿਛੋੜਾ ਰਹਿੰਦਾ ਹੈ ਓਨਾ ਚਿਰ ਕੋਈ (ਭਵ-ਸਾਗਰ ਦੀ) ਥਾਹ (ਡੂੰਘਾਈ ਦਾ ਗਿਆਨ) ਨਹੀਂ ਪਾ ਸਕਦਾ।

ਜਿਸ ਜਿਸ ਮਨੁੱਖ ਨੇ ਗੁਰੂ ਦਾ ਅਨੁਸਾਰੀ ਹੋ ਕੇ (ਪ੍ਰਭੂ ਨੂੰ) ਸੇਵਿਆ ਹੈ, ਉਸ ਉਸ ਦੇ ਹਿਰਦੇ-ਘਰ ਵਿਚ ਹੀ ਅਬਿਨਾਸ਼ੀ ਪ੍ਰਭੂ ਦਾ ਆਸਣ ਲਗ ਜਾਂਦਾ ਹੈ।

ਹਰੀ ਦੀ ਕਿਰਪਾ ਸਦਕਾ ਸਤਿਗੁਰੂ ਦੀ ਚਰਨੀਂ ਲੱਗਣ ਨਾਲ ਹੀ ਆਤਮ-ਸੁਖ ਪਾਇਆ ਜਾ ਸਕਦਾ ਹੈ।੧੧।

**ਡਖਣੇ ਮ: ੫ ॥**

**ਲੋੜੀਦੋ ਹਭ ਜਾਇ, ਸੋ ਮੀਰਾ ਮੀਰੰਨ ਸਿਰਿ ॥**
**ਹਠ ਮੰਝਾਹੂ ਸੋ ਧਣੀ, ਚਉਦੋ ਮੁਖਿ ਅਲਾਇ ॥੧॥**

**ਮ: ੫ ॥ ਮਾਣਿਕੂ ਮੋਹਿ ਮਾਉ, ਡਿੰਨਾ ਧਣੀ ਅਪਾਹਿ ॥**
**ਹਿਆਉ ਮਹਿਜਾ ਠੰਢੜਾ, ਮੁਖਹੁ ਸਚੁ ਅਲਾਇ ॥੨॥**

**ਮ: ੫ ॥ ਮੂ ਥੀਆਊ ਸੇਜ, ਨੈਣਾ ਪਿਰੀ ਵਿਛਾਵਣਾ ॥**
**ਜੇ ਡੇਖੈ ਹਿਕ ਵਾਰ, ਤਾਂ ਸੁਖ ਕੀਮਾਹੂ ਬਾਹਰੇ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ:

ਮੰਝਾਹੂ—ਵਿਚੋਂ। ਮੁਖਹੁ—ਮੂੰਹੋਂ। ਥੀਆਊ—ਮੈਂ ਹੋ ਜਾਵਾਂ। ਨੈਣਾ—ਅੱਖਾਂ ਨੂੰ। ਕੀਮਾਹੂ—ਕੀਮਤ ਤੋਂ।

ਲੋੜੀਦੋ—'ੜੀ' ਉਚਾਰਣ ਨਾਸਕੀ।

ਚਉਦੋ—'ਉ' ਉਚਾਰਣ ਨਾਸਕੀ।

ਮਹਿਜਾ—'ਹਿ' ਉਚਾਰਣ ਨਾਸਕੀ।

***ਪਦ ਅਰਥ :***

ਲੋੜੀਦੋ—ਲੋੜੀਦਾ ਹੈ, ਭਾਲੀਦਾ ਹੈ। ਹਭ ਜਾਇ—ਹਰ ਥਾਵੇਂ। ਮੀਰਾ ਮੀਰੰਨ ਸਿਰਿ—ਸ਼ਾਹਾਂ ਸਿਰ ਸ਼ਾਹ (ਸਰਬੋਤਮ ਪਾਤਿਸ਼ਾਹ)। ਹਠ—ਹਿਰਦਾ। ਮੰਝਾਹੂ—ਵਿਚੋਂ। ਧਣੀ—ਮਾਲਕ। ਚਉਦੋ—(ਜੋ ਜੀਵ) ਬੋਲਦਾ ਹੈ। ਅਲਾਇ—ਜਪਦਾ ਹੈ।੧।

ਮਾਣਕੂ—ਮੋਤੀ, ਹੀਰਾ। ਮੋਹਿ—ਮੈਨੂੰ। ਮਾਉ—ਹੇ ਮਾਂ! ਡਿੰਨਾ—ਦਿਤਾ ਹੈ। ਅਪਾਹਿ—ਆਪ ਹੀ। ਹਿਆਉ—ਹਿਰਦਾ। ਮਹਿਜਾ—ਮੇਰਾ। ਅਲਾਇ—ਬੋਲ ਕੇ, ਜਪ ਕੇ।੨।

ਮੂ—ਮੈਂ। ਥੀਆਊ—ਹੋ ਜਾਵਾਂ। ਡੇਖੈ—(ਲਹਿੰਦੀ ਪੰਜਾਬੀ) ਵੇਖੇ।

ਹਿਕ—(ਲਹਿੰਦੀ ਪੰਜਾਬੀ) ਇਕ। ਕੀਮਾਹੂ—ਕੀਮਤ ਤੋਂ ਪਰੇ।੩।

***ਅਰਥ :***

ਉਹ ਪਾਤਿਸ਼ਾਹਾਂ ਸਿਰ ਪਾਤਿਸ਼ਾਹ ਹਰੇਕ ਥਾਵੇਂ ਭਾਲੀਦਾ ਹੈ। (ਜੋ ਜੋ ਜੀਵ) ਮੂੰਹ ਨਾਲ (ਉਸ ਦੇ ਗੁਣ) ਉਚਾਰਦਾ ਹੋਇਆ ਉਸ ਨੂੰ (ਨਿਰੰਤਰ) ਜਪਦਾ ਹੈ (ਉਸ ਨੂੰ ਪ੍ਰਤੀਤ ਆ ਜਾਂਦੀ ਹੈ ਕਿ) ਉਹ (ਦੋ ਜਹਾਨਾਂ ਦਾ) ਮਾਲਕ ਹਿਰਦੇ ਵਿਚ ਹੀ ਵਸਦਾ ਹੈ।੧।

ਹੇ ਮਾਂ! ਮੇਰੇ ਮਾਲਕ ਨੇ ਆਪ ਹੀ ਮੈਨੂੰ ਨਾਮ-ਹੀਰਾ ਬਖ਼ਸ਼ਿਆ ਹੈ। ਮੂੰਹੋਂ ਸਚ-ਨਾਮ ਨੂੰ ਜਪ ਜਪ ਕੇ ਮੇਰਾ ਹਿਰਦਾ ਠੰਢਾ ਠਾਰ ਹੋ ਗਿਆ ਹੈ।੨।

ਮੈਂ (ਸਮੁੱਚੀ ਹੀ ਪ੍ਰਭੂ-ਪਤੀ ਦੇ ਬਿਰਾਜਣ ਲਈ) ਸੇਜਾ ਹੋ ਜਾਵਾਂ। ਆਪਣੇ ਨੈਣਾਂ (ਅੱਖਾਂ) ਨੂੰ ਮੈਂ (ਪ੍ਰਭੂ-ਪਤੀ ਲਈ) ਸੇਜਾ ਦਾ ਵਿਛਾਉਣਾ ਬਣਾ ਲਵਾਂ। ਜੇ ਉਹ ਇਕ ਵਾਰੀ ਹੀ ਮਿਹਰ ਦੀ ਨਜ਼ਰ ਨਾਲ ਮੇਰੇ ਵਲ ਵੇਖੇ ਤਾਂ ਮੈਨੂੰ ਅਜਿਹੇ ਸੁਖ ਮਿਲ ਜਾਂਦੇ ਹਨ, ਜਿਹੜੇ ਕੀਮਤ ਤੋਂ ਪਰੇ ਹਨ।੩।

## ਪਉੜੀ ॥

**ਮਨੁ ਲੋਚੈ ਹਰਿ ਮਿਲਣ ਕਉ, ਕਿਉ ਦਰਸਨੁ ਪਾਈਆ ॥**
**ਮੈ ਲਖ ਵਿੜਤੇ ਸਾਹਿਬਾ, ਜੇ ਬਿੰਦ ਬੋੁਲਾਈਆ ॥**
**ਮੈ ਚਾਰੇ ਕੁੰਡਾ ਭਾਲੀਆ, ਤੁਧੁ ਜੇਵਡੁ ਨ ਸਾਈਆ ॥**
**ਮੈ ਦਸਿਹੋ ਮਾਰਗੁ ਸੰਤਹੋ, ਕਿਉ ਪ੍ਰਭੂ ਮਿਲਾਈਆ ॥**
**ਮਨੁ ਅਰਪਿਹੋ ਹਉਮੈ ਤਜਹੁ, ਇਤੁ ਪੰਥਿ ਜੁਲਾਈਆ ॥**
**ਨਿਤ ਸੇਵਿਹੁ ਸਾਹਿਬੁ ਆਪਣਾ, ਸਤ ਸੰਗਿ ਮਿਲਾਈਆ ॥**
**ਸਭੇ ਆਸਾ ਪੂਰੀਆ, ਗੁਰਿ ਮਹਲਿ ਬੁਲਾਈਆ ॥**
**ਤੁਧੁ ਜੇਵਡੁ ਹੋਰੁ ਨ ਸੁਝਈ, ਮੇਰੇ ਮਿਤ੍ਰ ਗੋੁਸਾਈਆ ॥੧੨॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਨ ਨਾਸਕੀ ਹੈ:

ਕਿਉ—ਕਿਵੇਂ? ਪਾਈਆ—ਮੈਂ ਪ੍ਰਾਪਤ ਹੋਵਾਂ। ਬੋੁਲਾਈਆ—ਮੈਂ ਬੁਲਾਇਆ ਜਾਵਾਂ। ਕੁੰਡਾ—ਕੁੰਟਾਂ (ਦਿਸ਼ਾਵਾਂ)। ਭਾਲੀਆ—ਢੂੰਢ ਮਾਰੀਆਂ ਹਨ।

ਕਿਉ—ਕਿਵੇਂ ? ਮਿਲਾਈਆ—ਮੈਂ ਮਿਲਾਇਆ ਜਾਵਾਂ। ਜੁਲਾਈਆ—ਮੈਂ ਟੋਰਿਆ ਜਾਵਾਂ। ਆਸਾ—ਇਛਾਂ। ਪੂਰੀਆ—ਪੂਰਨ ਹੋ ਗਈਆਂ। ਬੁਲਾਈਆ—ਮੈਂ ਸੱਦ ਲਿਆ ਜਾਵਾਂ।

ਵਿੜਤੇ—'ਤ' ਉਚਾਰਣ ਦੁੱਤ ਕਰ ਕੇ।

ਸਾਈਆ—'ਈ' ਉਚਾਰਣ ਨਾਸਕੀ, ਜਿਸ ਦੀ ਨਾਸਕਤਾ ਅੰਤਲੇ ਕੰਨੇ ਦੀ ਧੁਨੀ ਨੂੰ ਵੀ ਪ੍ਰਭਾਵਤ ਕਰਦੀ ਹੈ।

ਗੁਸਾਈਆ—(੧) 'ਈ' ਉਚਾਰਣ ਨਾਸਕੀ, ਜਿਸ ਦੀ ਨਾਸਕਤਾ ਅੰਤਲੇ ਕੰਨੇ ਦੀ ਧੁਨੀ ਨੂੰ ਵੀ ਪ੍ਰਭਾਵਤ ਕਰਦੀ ਹੈ।

(੨) ਸ਼ਬਦ ਦੀ ਮੂਲਕ-ਬਣਤਰ 'ਗ' ਹੋੜੇ ਸਹਿਤ ਹੈ, ਪਰ ਕਾਵਿ-ਪ੍ਰਬੰਧ ਅਧੀਨ ਇਥੇ 'ਗ' ਦਾ ਉਚਾਰਣ ਔਂਕੜ ਸਹਿਤ ਕਰਨ ਦਾ ਸੰਕੇਤ ਹੈ।

***ਪਦ ਅਰਥ :***

ਵਿੜਤੇ—ਵੱਟ (ਖਟ) ਲਏ। ਬਿੰਦ—ਪਲ ਭਰ। ਅਰਪਿਹੋ—ਅਰਪਣ ਕਰੋ, ਸੌਂਪੋ। ਇਤੁ ਪੰਥਿ—ਇਸ ਰਾਹ ਉਤੇ। ਗੁਸਾਈਆ—ਹੇ ਮਾਲਕ !

***ਅਰਥ :***

ਹੇ ਹਰੀ ! ਮੇਰਾ ਮਨ ਤੈਨੂੰ ਮਿਲਣ ਨੂੰ ਤਾਂਘਦਾ ਹੈ, ਤੇਰੇ ਦਰਸ਼ਨ ਨੂੰ ਕਿਵੇਂ ਪ੍ਰਾਪਤ ਹੋਵਾਂ ?

ਮੇਰੇ ਮਾਲਕ ! ਜੇ ਰਤਾ ਭਰ ਸਮੇਂ ਲਈ ਭੀ (ਤੇਰੀ ਹਜ਼ੂਰੀ ਵਿਚ) ਬੁਲਾਇਆ ਜਾਵਾਂ ਤਾਂ ਜਾਣੋ ਮੈਂ ਲੱਖਾਂ (ਦਮੜੇ) ਖਟ ਲਏ।

ਹੇ ਮੇਰੇ ਸਾਈਂ ! ਮੈਂ (ਸੰਸਾਰ ਦੀਆਂ) ਚਾਰੇ ਦਿਸ਼ਾਵਾਂ ਢੂੰਢ ਮਾਰੀਆਂ ਹਨ, ਤੇਰੇ ਜਿਡਾ (ਤੇਰੇ ਬਰਾਬਰ ਦਾ) ਕੋਈ ਨਹੀਂ (ਦਿਸਿਆ)।

ਹੇ ਸੰਤ ਜਨੋ ! (ਕਿਰਪਾ ਕਰ ਕੇ ਪ੍ਰਭੂ-ਮਿਲਾਪ ਦਾ) ਮਾਰਗ ਮੈਨੂੰ ਦਸੋ ਕਿ ਪ੍ਰਭੂ ਨਾਲ ਕਿਵੇਂ ਮਿਲਾਇਆ ਜਾਵਾਂ ?

"ਮਨ (ਪ੍ਰਭੂ ਨੂੰ) ਅਰਪਣ ਕਰੋ, ਹਉਮੈ ਨੂੰ ਛਡੋ" (ਇਹ ਜੋ ਪ੍ਰਭੂ-ਮਿਲਾਪ ਦਾ ਮਾਰਗ ਕਹੀਦਾ ਹੈ, ਮੇਰੀ ਰੀਝ ਹੈ, ਮੈਂ ਵੀ) ਇਸ ਰਸਤੇ ਤੇ ਟੋਰਿਆ ਜਾਵਾਂ।

"ਨਿਤਾਪ੍ਰਤਿ ਆਪਣਾ ਪ੍ਰਭੂ ਸੇਵਨ ਕਰੋ, ਭਾਵ, ਆਪਣੇ ਪ੍ਰਭੂ ਦਾ ਸਿਮਰਨ ਕਰੋ" (ਇਹ ਜੋ ਪ੍ਰਭੂ-ਮਿਲਾਪ ਲਈ ਗੁਰ-ਉਪਦੇਸ਼ ਹੈ, ਇਸ ਨੂੰ ਕਮਾਉਣ ਲਈ ਸਤਿਗੁਰੂ ਦੀ ਪਾਠਸ਼ਾਲਾ) ਸਤਿਸੰਗ ਵਿਚ (ਮੈਂ ਵੀ) ਮਿਲਾਇਆ ਜਾਵਾਂ।

ਜੋ ਮੈਂ ਗੁਰੂ ਦੇ ਨਿਜ-ਮਹਿਲ ਵਿਚ ਬੁਲਾਇਆ ਜਾਵਾਂ ਤਾਂ ਜਾਣੋ, (ਮੇਰੀਆਂ) ਸਾਰੀਆਂ ਆਸਾਂ ਪੂਰੀਆਂ ਹੋ ਗਈਆਂ।

ਸ੍ਰਿਸ਼ਟੀ ਦੇ ਮਾਲਕ ਮੇਰੇ ਸੱਜਣ! ਤੇਰੇ ਜਿਡਾ ਵੱਡਾ (ਤੇਰੀ ਬਰਾਬਰੀ ਦਾ) ਮੈਨੂੰ ਕੋਈ ਹੋਰ ਦੂਜਾ ਸੁਝਦਾ ਹੀ ਨਹੀਂ।੧੨।

**ਡਖਣੇ ਮ: ੫ ॥**

**ਮੂ ਥੀਆਊ ਤਖਤੁ, ਪਿਰੀ ਮਹਿੰਜੇ ਪਾਤਿਸਾਹ ॥**
**ਪਾਵ ਮਿਲਾਵੇ ਕੋਲਿ, ਕਵਲ ਜਿਵੈ ਬਿਗਸਾਵਦੋ ॥੧॥**

**ਮ: ੫ ॥ ਪਿਰੀਆ ਸੰਦੜੀ ਭੁਖ, ਮੂ ਲਾਵਣ ਥੀ ਵਿਥਰਾ ॥**
**ਜਾਣੁ ਮਿਠਾਈ ਇਖ, ਬੇਈ ਪੀੜੇ ਨਾ ਹੁਟੈ ॥੨॥**

**ਮ: ੫ ॥ ਠਗਾ ਨੀਹੁ ਮਤ੍ਰੋੜਿ, ਜਾਣੁ ਗੰਧ੍ਰਬਾ ਨਗਰੀ ॥**
**ਸੁਖ ਘਟਾਊ ਡੂਇ, ਇਸੁ ਪਧਾਣੂ ਘਰ ਘਣੇ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:
ਥੀਆਊ—ਹੋ ਜਾਵਾਂ। ਜਿਵੈ—ਜਿਉਂ, ਵਾਂਗ। ਥੀ—ਤੋਂ। ਠਗਾ—ਠੱਗਾਂ ਦਾ।
ਪਾਤਿਸ਼ਾਹ—'ਸ' ਉਚਾਰਣ ਵਿਸ਼ੇਸ਼ ਧੁਨੀ।
ਬਿਗਸਾਵਦੋ—'ਸਾ' ਉਚਾਰਣ ਨਾਸਕੀ।
ਮਹਿੰਜੇ—'ਮ' ਦਾ ਉਚਾਰਣ ਅਗੇਤਰ ਵਾਂਗ ਨਹੀਂ। ਸਮੁੱਚੇ ਸ਼ਬਦ ਦਾ ਉਚਾਰਣ ਇਕੱਠਾ ਹੈ।

***ਪਦ ਅਰਥ :***

ਮੂ—ਮੈਂ। ਥੀਆਊ—ਹੋ ਜਾਵਾਂ। ਮਹਿੰਜੇ—ਮੇਰੇ। ਪਾਵ—ਚਰਨ। ਪਾਵ ਮਿਲਾਵੇ ਕੋਲਿ—ਜੇ ਚਰਨ (ਮੇਰੇ ਹਿਰਦੇ-ਤਖ਼ਤ) ਨਾਲ ਛੁਹਾਵੇ। ਬਿਗਸਾਵਦੋ—ਖਿੜ ਪੈਂਦਾ ਹੈ।੧।

ਪਿਰੀਆ ਸੰਦੜੀ—ਪਿਆਰੇ ਪ੍ਰੀਤਮ ਦੀ। ਮੂ—ਮੈਨੂੰ। ਲਾਵਣ—ਸਲੂਣਾ। ਲਾਵਣ ਥੀ ਵਿਥਰਾ—ਸਲੂਣੇ ਤੋਂ ਵੀ ਵਧ ਕੇ ਵਿਸ਼ੇਸ਼। ਜਾਣੁ—ਇਉਂ ਜਾਣ।

ਮਿਠਾਈ ਇਖ—ਗੰਨੇ ਦੀ ਮਿਠਾਸ। ਬੇਈ ਪੀੜੇ—ਬਾਰ ਬਾਰ ਪੀੜਨ ਤੇ। ਨ ਹੁਟੈ—ਨਹੀਂ ਮੁਕਦੀ।੨।

ਠਗਾ—(ਕਾਮ, ਕ੍ਰੋਧ ਆਦਿਕ) ਠੱਗਾਂ ਦਾ। ਨੀਹੁ—ਪਿਆਰ, ਮੋਹ। ਮਤ੍ਰੋੜਿ—ਮੂਲੋਂ ਹੀ ਤ੍ਰੋੜ ਦੇ। ਜਾਣੁ—ਤੂੰ ਸਮਝ। ਗੰਧ੍ਰਬਾ ਨਗਰੀ—ਇਕ ਕਲਪਿਤ (ਖ਼ਿਆਲੀ) ਨਗਰੀ, ਛਲ, ਧੋਖਾ। ਸੁਖ ਘਟਾਊ ਡੂਇ—ਦੋ ਕੁ ਘੜੀਆਂ ਦਾ ਸੁਖ। ਇਸੁ ਪਧਾਨੂ—ਇਸ ਜੀਵ-ਪਾਂਧੀ (ਰਾਹੀ) ਨੂੰ। ਘਰ ਘਣੇ—ਬਹੁਤੇ ਜੂਨ-ਘਰ (ਭੋਗਣੇ ਪੈਂਦੇ ਹਨ)।੩।

***ਅਰਥ :***

(ਮੇਰੀ ਰੀਝ ਹੈ ਕਿ) ਮੇਰੇ (ਆਪਣੇ) ਪਿਆਰੇ-ਪਾਤਿਸ਼ਾਹ (ਦੇ ਬਿਰਾਜਣ) ਲਈ ਮੈਂ ਤਖ਼ਤ ਹੋ ਜਾਵਾਂ। ਜੇ (ਉਹ ਪਿਆਰਾ ਪ੍ਰੀਤਮ) ਆਪਣੇ ਚਰਨ ਕਮਲ (ਇਸ ਤਖ਼ਤ) ਨਾਲ ਛੁਹਾਵੇ ਤਾਂ (ਮੇਰਾ ਅੰਦਰਲਾ ਹਿਰਦਾ-ਕਮਲ) ਕਮਲ ਫੁਲ ਵਾਂਗ ਖਿੜ ਪੈਂਦਾ ਹੈ।੧।

ਆਪਣੇ ਪਿਆਰੇ (ਦੇ ਦਰਸ-ਮਿਲਾਪ) ਦੀ ਭੁਖ (ਤਾਂਘ) ਮੈਨੂੰ ਸਲੂਣੇ ਤੋਂ ਵੀ ਵਿਸ਼ੇਸ਼ (ਅਤੇ ਵਧੇਰੇ ਸਵਾਦੀ) ਹੈ। ਇਹ (ਦਰਸ-ਮਿਲਾਪ ਲਈ ਆਪਾ ਨਿਛਾਵਰ ਕਰਨ ਦੀ ਤਾਂਘ) ਜਾਣੋ ਗੰਨੇ ਦੀ ਮਿਠਾਸ (ਵਾਂਗ) ਹੈ, ਜੋ (ਗੰਨੇ ਦੇ) ਬਾਰ ਬਾਰ ਪੀੜੇ ਜਾਣ ਤੇ ਵੀ ਮੁਕਦੀ ਨਹੀਂ। (ਭਾਵ, ਦਰਸ-ਮਿਲਾਪ ਲਈ ਆਪਾ ਨਿਛਾਵਰ ਕਰਨ ਲਈ ਤੱਤਪਰ ਰਹਿਣਾ ਮੁਢਲੀ ਸ਼ਰਤ ਹੈ)।੨।

(ਕਾਮਾਦਿਕ) ਠੱਗਾਂ ਦਾ ਪਿਆਰ ਮੂਲੋਂ ਹੀ ਤੋੜ ਮਰੋੜ ਦੇਹ, (ਇਨ੍ਹਾਂ ਦੀ ਸਾਂਝ ਨੂੰ) ਨਿਰਾ ਛਲ-ਧੋਖਾ ਸਮਝ। ਇਨ੍ਹਾਂ (ਵਿਕਾਰਾਂ ਵਿਚ ਪਰਵਿਰਤ ਹੋਣ) ਦਾ ਸੁਖ ਤਾਂ ਕੇਵਲ ਦੋ ਘੜੀਆਂ ਦਾ (ਛਿਨ ਭੰਗਰ) ਹੁੰਦਾ ਹੈ, ਪਰ (ਇਨ੍ਹਾਂ ਦੇ ਸੰਗ-ਦੋਸ਼ ਕਾਰਨ) ਇਸ ਜੀਵ-ਪਾਂਧੀ ਨੂੰ ਬਹੁਤ ਹੀ ਜੂਨ-ਘਰ ਭਉਣੇ ਪੈਂਦੇ ਹਨ।੩।

**ਪਉੜੀ ॥**

**ਅਕਲ, ਕਲਾ ਨਹ ਪਾਈਐ, ਪ੍ਰਭੁ ਅਲਖ ਅਲੇਖੰ ॥**
**ਖਟੁ ਦਰਸਨ ਭ੍ਰਮਤੇ ਫਿਰਹਿ, ਨਹ ਮਿਲੀਐ ਭੇਖੰ ॥**
**ਵਰਤ ਕਰਹਿ ਚੰਦ੍ਰਾਇਣਾ, ਸੇ ਕਿਤੈ ਨ ਲੇਖੰ ॥**
**ਬੇਦ ਪੜਹਿ ਸੰਪੂਰਨਾ, ਤਤੁ ਸਾਰ ਨ ਪੇਖੰ ॥**

**ਤਿਲਕੁ ਕਢਹਿ ਇਸਨਾਨੁ ਕਰਿ, ਅੰਤਰਿ ਕਾਲੇਖੰ ॥**
**ਭੇਖੀ ਪ੍ਰਭੂ ਨ ਲਭਈ, ਵਿਣੁ ਸਚੀ ਸਿਖੰ ॥**
**ਭੂਲਾ ਮਾਰਗਿ ਸੋ ਪਵੈ, ਜਿਸੁ ਧੁਰਿ ਮਸਤਕਿ ਲੇਖੰ ॥**
**ਤਿਨਿ ਜਨਮੁ ਸਵਾਰਿਆ ਆਪਣਾ, ਜਿਨਿ ਗੁਰੂ ਅਖੀ ਦੇਖੰ ॥੧੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਫਿਰਹਿ—ਫਿਰਦੇ ਹਨ। ਕਰਹਿ—ਕਰਦੇ ਹਨ। ਪੜਹਿ—ਪੜ੍ਹਦੇ ਹਨ। ਕਢਹਿ—ਕਢਦੇ (ਲਾਉਂਦੇ) ਹਨ। ਭੇਖੀ—(ਬਾਹਰਲੇ) ਭੇਖਾਂ ਦੁਆਰਾ। ਅਖੀ—ਅੱਖਾਂ ਨਾਲ, ਪਰਤੱਖ।

ਅਕਲ—ਉਚਾਰਣ 'ਅ+ਕਲ'।

ਨਹ—'ਹ' ਦਾ ਉਚਾਰਣ 'ਹਿ' ਕਰਨਾ ਦਰੁਸਤ ਨਹੀਂ।

***ਪਦ ਅਰਥ :***

ਅਕਲ—ਕਲਾ-ਰਹਿਤ (ਜੋ ਕਿਸੇ ਕਲਾ ਦਾ ਮੁਥਾਜ ਨਹੀਂ)। ਕਲਾ—ਹੁਨਰ। ਅਲਖ ਅਲੇਖੰ—ਲਖਣ-ਰਹਿਤ ਅਤੇ ਉਲੇਖ ਤੋਂ ਪਰ੍ਹੇ। ਖਟੁ ਦਰਸਨ—ਛੇ ਭੇਖਾਂ ਦੇ ਸਾਧੂ। ਭੇਖੰ—ਕਿਸੇ ਖ਼ਾਸ ਭੇਖ ਨੂੰ ਧਾਰਨ ਕਰਨ ਨਾਲ। ਚੰਦ੍ਰਾਇਣਾ—ਚੰਦ੍ਰਮਾ ਦੀ ਥਿਤ ਨਾਲ ਸੰਬੰਧਤ। ਸੇ—ਉਹ (ਬਹੁ-ਵਚਨ)। ਕਿਤੈ ਨ ਲੇਖੰ—ਕਿਸੇ ਲੇਖੇ ਨਹੀਂ, ਬੇਅਰਥ ਹਨ। ਤਤੁ ਸਾਰ—ਮੂਲ-ਤੱਤ। ਕਾਲੇਖੰ—ਕਾਲਖ਼। ਨ ਪੇਖੰ—ਨਹੀਂ ਵੇਖਦੇ, ਨਹੀਂ ਜਾਣ ਸਕਦੇ। ਵਿਣੁ ਸਚੀ ਸਿਖੰ—(ਸਤਿਗੁਰੂ ਦੀ) ਸੱਚੀ ਸਿੱਖਿਆ ਦੀਖਿਆ (ਉਪਦੇਸ਼) ਤੋਂ ਬਿਨਾਂ। ਭੂਲਾ—ਭੁਲਿਆ ਹੋਇਆ। ਮਾਰਗਿ—ਸਹੀ ਰਾਹ ਤੇ। ਮਸਤਕਿ—ਮੱਥੇ ਉਤੇ। ਤਿਨਿ—ਉਸ ਨੇ।

***ਅਰਥ :***

ਕਲਾ-ਰਹਿਤ (ਜੋ ਕਿਸੇ ਕਲਾ ਅਥਵਾ ਹੁਨਰ ਦਾ ਮੁਥਾਜ ਨਹੀਂ) ਪ੍ਰਭੂ ਕਲਾ (ਕਿਸੇ ਵਿਸ਼ੇਸ਼ ਹੁਨਰ) ਦੁਆਰਾ ਨਹੀਂ ਪਾਇਆ ਜਾ ਸਕਦਾ। ਉਹ ਚਿਹਨ-ਚਕਰ ਤੋਂ ਮੁਕਤ ਹੈ, ਉਸ ਦੇ ਸਰੂਪ ਦਾ ਉਲੇਖ ਨਹੀਂ ਹੋ ਸਕਦਾ।

ਛੇ ਭੇਖਾਂ ਦੇ ਸਾਧੂ ਭਟਕਦੇ ਫਿਰਦੇ ਹਨ, ਪ੍ਰਭੂ ਕਿਸੇ (ਵਿਸ਼ੇਸ਼) ਭੇਖ ਦੁਆਰਾ ਨਹੀਂ ਮਿਲਦਾ।

(ਕਈ ਲੋਕ) ਚੰਦ੍ਰਮਾ ਦੀ ਥਿਤ ਨਾਲ ਸੰਬੰਧਤ ਵਰਤ ਰਖਦੇ ਹਨ (ਪਰ ਪ੍ਰਭੂ-ਪ੍ਰਾਪਤੀ ਦੇ ਸੰਬੰਧ ਵਿਚ) ਉਹ ਵਰਤ ਕਿਸੇ ਲੇਖੇ ਨਹੀਂ, ਭਾਵ, ਵਿਅਰਥ ਹਨ।

(ਕਈ ਲੋਕ) ਪੂਰੇ ਦੇ ਪੂਰੇ (ਚਾਰੇ) ਵੇਦ ਪੜ੍ਹਦੇ ਹਨ, (ਉਹ ਵੀ ਵੇਦ-ਪਾਠ ਦੁਆਰਾ) ਮੂਲ-ਤੱਤ ਨਹੀਂ ਜਾਣ ਸਕਦੇ।

(ਕਈ ਲੋਕ) ਇਸ਼ਨਾਨ ਕਰ ਕੇ (ਸਰੀਰ ਉਤੇ ਕਈ ਪ੍ਰਕਾਰ ਦੇ) ਤਿਲਕ ਲਾਉਂਦੇ ਹਨ, ਪਰ (ਇਹ ਕੁਝ ਕਰਨ ਦੇ ਬਾਵਜੂਦ) ਅੰਦਰ ਕਾਲਖ਼ ਟਿਕੀ ਰਹਿੰਦੀ ਹੈ, ਭਾਵ, ਦੂਰ ਨਹੀਂ ਹੁੰਦੀ।

(ਸਤਿਗੁਰੂ ਦੀ) ਸੱਚੀ ਸਿਖਿਆ ਦੀਖਿਆ (ਉਪਦੇਸ਼ ਦੀ ਕਮਾਈ) ਤੋਂ ਬਿਨਾਂ, ਕੇਵਲ ਬਾਹਰਲੇ ਭੇਖਾਂ ਦੁਆਰਾ ਪ੍ਰਭੂ ਨਹੀਂ ਲੱਭ ਸਕਦਾ।

ਜੀਵਨ-ਰਾਹ ਤੋਂ ਭੁਲਾ ਹੋਇਆ ਕੇਵਲ ਉਹ ਮਨੁੱਖ ਹੀ ਸਹੀ ਰਸਤੇ ਤੇ ਪੈਂਦਾ ਹੈ, ਜਿਸ ਦੇ ਮੱਥੇ ਤੇ ਧੁਰ ਦਰਗਾਹੋਂ ਸ਼ੁਭ ਲੇਖ ਲਿਖਿਆ ਹੋਵੇ।

ਜਿਸ ਨੇ ਗੁਰੂ ਨੂੰ (ਸ਼ਰਧਾ-ਭਾਵਨਾ ਦੀਆਂ) ਅੱਖਾਂ ਨਾਲ ਵੇਖ ਲਿਆ, ਉਸ ਨੇ (ਜਾਣੋ) ਆਪਣਾ ਮਨੁੱਖਾ ਜਨਮ ਸਵਾਰ ਲਿਆ।੧੩।

**ਡਖਣੇ ਮ: ੫ ॥**

**ਸੋ ਨਿਵਾਹੂ ਗਡਿ, ਜੋ ਚਲਾਊ ਨ ਥੀਐ ॥**
**ਕਾਰ ਕੂੜਾਵੀ ਛਡਿ, ਸੰਮਲੁ ਸਚੁ ਧਣੀ ॥੧॥**

**ਮ: ੫ ॥ ਹਭ ਸਮਾਣੀ ਜੋਤਿ, ਜਿਉ ਜਲ ਘਟਾਊ ਚੰਦ੍ਰਮਾ ॥**
**ਪਰਗਟੁ ਥੀਆ ਆਪਿ, ਨਾਨਕ ਮਸਤਕਿ ਲਿਖਿਆ ॥੨॥**

**ਮ: ੫ ॥ ਮੁਖ ਸੁਹਾਵੇ ਨਾਮੁ ਚਉ, ਆਠ ਪਹਰ ਗੁਣ ਗਾਉ ॥**
**ਨਾਨਕ ਦਰਗਹ ਮੰਨੀਅਹਿ, ਮਿਲੀ ਨਿਥਾਵੇ ਥਾਉ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ:

ਜਿਉ—ਜਿਵੇਂ। ਨਿਥਾਵੇ—ਨਿਥਾਵੇਂ ਨੂੰ। ਥਾਉ—ਥਾਂ (ਟਿਕਾਣਾ)। ਮੰਨੀਅਹਿ—

ਮੰਨੇ ਜਾਂਦੇ ਹਨ, ਕਬੂਲ ਪੈਂਦੇ ਹਨ।
ਸੰਮਲੁ—'ਮ' ਉਚਾਰਣ ਭਾਰਾ।
ਦਰਗਹ—'ਹ' ਦਾ ਉਚਾਰਣ 'ਹਿ' ਕਰਨਾ ਦਰੁਸਤ ਨਹੀਂ।

***ਪਦ ਅਰਥ :***

ਨਿਵਾਹੂ—ਨਿਬਾਹੂ, ਨਿਬਾਹ ਕਰਨ ਵਾਲਾ, ਤੋੜ ਪਹੁੰਚਾਣ ਵਾਲਾ। ਗਡਿ—ਹਿਰਦੇ ਵਿਚ ਦ੍ਰਿੜ੍ਹ ਕਰ ਲੈ। ਜੋ ਚਲਾਊ ਨ ਥੀਐ—ਜੋ ਚਲਾਇਮਾਨ ਨਹੀਂ ਹੁੰਦਾ, (ਜੋ ਅਚੱਲ ਹੈ)। ਸੰਮਲੁ—ਚੇਤੇ ਕਰ। ਸਚੁ ਧਣੀ—ਸਦਾ-ਥਿਰ ਮਾਲਕ।੧।

ਹਭ—ਸਭਨਾਂ ਜੀਵ-ਜੰਤੂਆਂ ਵਿਚ। ਜਲ ਘਟਾਊ—ਪਾਣੀ ਦੇ ਘੜੇ ਵਿਚ। ਪਰਗਟ ਥੀਆ— ਪਰਤੱਖ ਹੋ ਗਿਆ। ਆਪਿ—ਆਪੇ (ਹਿਰਦੇ) ਵਿਚ। ਮਸਤਕਿ— ਮੱਥੇ ਉਤੇ।੨।

ਸੁਹਾਵੇ—ਸ਼ੋਭਨੀਕ ਹਨ। ਨਾਮੁ ਚਉ—ਨਾਮ ਬੋਲਦੇ ਹਨ। ਮੰਨੀਅਹਿ—ਮੰਨੇ ਜਾਂਦੇ ਹਨ, ਕਬੂਲ ਪੈਂਦੇ ਹਨ। ਮਿਲੀ—(ਮਿਲਈ) ਮਿਲਦਾ ਹੈ।

***ਅਰਥ :***

(ਲੋਕ ਪਰਲੋਕ ਵਿਚ) ਤੋੜ ਨਿਬਾਹੁਣ ਵਾਲਾ ਉਹ (ਵਾਹਿਗੁਰੂ ਆਪਣੇ ਹਿਰਦੇ ਵਿਚ) ਗੱਡ ਰਖ (ਦ੍ਰਿੜ੍ਹ ਕਰ ਕੇ ਧਾਰਨ ਕਰ ਲੈ) ਜੋ ਕਦੀ ਵੀ ਚਲਾਇਮਾਨ ਨਹੀਂ ਹੁੰਦਾ, ਭਾਵ, ਜੋ ਅਬਿਨਾਸ਼ੀ ਹੈ। ਝੂਠੀ ਮਾਇਕੀ ਦੌੜ-ਭੱਜ ਛਡ ਦੇਹ ਅਤੇ ਸਦਾ-ਥਿਰ (ਹੋਂਦ ਵਾਲੇ) ਮਾਲਕ ਨੂੰ (ਨਿਰੰਤਰ) ਚੇਤੇ ਕਰ।੧।

ਸਭਨਾਂ (ਜੀਵਾਂ ਜੰਤਾਂ) ਵਿਚ (ਜੋਤੀ-ਸਰੂਪ ਪ੍ਰਭੂ ਦੀ) ਜੋਤਿ ਸਮਾਈ ਹੋਈ ਹੈ, ਜਿਵੇਂ ਪਾਣੀ ਦੇ ਭਰੇ ਹਰੇਕ ਘੜੇ ਵਿਚ ਚੰਨ (ਦਾ ਪ੍ਰਤੀਬਿੰਬ)। ਨਾਨਕ ! ਜਿਸ ਮਨੁੱਖ ਦੇ ਮੱਥੇ ਤੇ (ਸ਼ੁਭ ਭਾਗ) ਲਿਖਿਆ ਹੁੰਦਾ ਹੈ, ਉਸ ਦੇ ਆਪੇ (ਹਿਰਦੇ) ਵਿਚ ਪ੍ਰਭੂ ਖ਼ੁਦ-ਬ-ਖ਼ੁਦ ਪਰਤੱਖ ਹੋ ਜਾਂਦਾ ਹੈ।੨।

ਉਹ ਮੂੰਹ ਸ਼ੋਭਨੀਕ ਹੁੰਦੇ ਹਨ ਜੋ ਨਾਮ ਚਉਂਦੇ (ਉਚਾਰਦੇ) ਹਨ, ਅਠੇ ਪਹਿਰ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ ਹਨ। (ਅਠੇ ਪਹਿਰ ਸਿਫਤਿ-ਸਾਲਾਹ ਕਰਨ ਵਾਲੇ) ਪ੍ਰਭੂ-ਦਰਗਾਹ ਵਿਚ ਕਬੂਲ ਪੈਂਦੇ ਹਨ, ਅਥਵਾ ਸਨਮਾਨੇ ਜਾਂਦੇ ਹਨ, ਨਿਥਾਵੇਂ (ਜਿਸ ਨੂੰ ਕਿਧਰੇ ਢੋਈ ਨਾ ਮਿਲੇ) ਨੂੰ (ਸਿਫਤਿ-ਸਾਲਾਹ ਦੇ ਤੁਫ਼ੈਲ ਪ੍ਰਭੂ-ਦਰਬਾਰ ਵਿਚ) ਸਨਮਾਨ ਪੂਰਬਕ ਅਸਥਾਨ ਮਿਲਦਾ ਹੈ।੩।

## ਪਉੜੀ ॥

**ਬਾਹਰ ਭੇਖਿ ਨ ਪਾਈਐ, ਪ੍ਰਭੁ ਅੰਤਰਜਾਮੀ ॥**
**ਇਕਸੁ ਹਰਿ ਜੀਉ ਬਾਹਰੀ, ਸਭ ਫਿਰੈ ਨਿਕਾਮੀ ॥**
**ਮਨੁ ਰਤਾ ਕੁਟੰਬ ਸਿਉ, ਨਿਤ ਗਰਬਿ ਫਿਰਾਮੀ ॥**
**ਫਿਰਹਿ ਗੁਮਾਨੀ ਜਗ ਮਹਿ, ਕਿਆ ਗਰਬਹਿ ਦਾਮੀ ॥**
**ਚਲਦਿਆ ਨਾਲਿ ਨ ਚਲਈ, ਖਿਨ ਜਾਇ ਬਿਲਾਮੀ ॥**
**ਬਿਚਰਦੇ ਫਿਰਹਿ ਸੰਸਾਰ ਮਹਿ, ਹਰਿ ਜੀ ਹੁਕਾਮੀ ॥**
**ਕਰਮੁ ਖੁਲਾ ਗੁਰੁ ਪਾਇਆ, ਹਰਿ ਮਿਲਿਆ ਸੁਆਮੀ ॥**
**ਜੋ ਜਨੁ ਹਰਿ ਕਾ ਸੇਵਕੋ, ਹਰਿ ਤਿਸ ਕੀ ਕਾਮੀ ॥੧੪॥**

***ਉਚਾਰਣ :***

ਹੇਠ ਲਿਖੇ ਸ਼ਬਦ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਸਿਉ—ਨਾਲ। ਫਿਰਹਿ—ਫਿਰਦੇ ਹਨ। ਗਰਬਹਿ—ਹੰਕਾਰ ਕਰਦੇ ਹਨ। ਚਲਦਿਆ—ਇਥੋਂ ਕੂਚ ਕਰਦਿਆਂ। ਫਿਰਹਿ—ਫਿਰਦੇ ਹਨ।

ਖੁਲਾ—'ਲਾ' ਉਚਾਰਣ ਭਾਰਾ।

***ਪਦ ਅਰਥ :***

ਬਾਹਰ ਭੇਖਿ—ਬਾਹਰਲੇ ਕਿਸੇ ਭੇਖ ਦੁਆਰਾ। ਅੰਤਰਜਾਮੀ— ਅੰਦਰ ਦੀ ਸਥਿਤੀ ਜਾਣਨ ਵਾਲਾ। ਬਾਹਰੀ—ਬਗ਼ੈਰ, ਬਿਨਾਂ। ਸਭ—ਸਾਰੀ (ਲੁਕਾਈ)। ਨਿਕਾਮੀ—ਨਿਕੰਮੀ, ਵਿਅਰਥ। ਰਤਾ—ਖੱਚਤ ਹੈ। ਗਰਬਿ ਫਿਰਾਮੀ—ਹੰਕਾਰ ਵਿਚ ਫਿਰਦੇ ਹਨ। ਗੁਮਾਨੀ—ਹੰਕਾਰੀ ਹੋ ਕੇ। ਮਹਿ—ਵਿਚ। ਦਾਮੀ—ਦਾਮਾਂ (ਪੈਸਿਆਂ) ਦੇ ਬਲ ਬੋਤੇ। ਜਾਇ ਬਿਲਾਮੀ—ਬਿਲਾਇ ਜਾਏ, ਚਲੀ ਜਾਂਦੀ ਹੈ। ਬਿਚਰਦੇ ਫਿਰਹਿ—ਵਿਚਰਦੇ ਫਿਰਦੇ ਹਨ। ਹੁਕਾਮੀ—ਹੁਕਮ ਅਧੀਨ। ਕਰਮੁ ਖੁਲਾ—(ਜਿਸ ਦਾ) ਭਾਗ ਜਾਗ ਪਿਆ। ਹਰਿ ਤਿਸ ਕੀ ਕਾਮੀ—ਉਸ ਦੀ ਮਨੋ-ਕਾਮਨਾ ਹਰੀ (ਪ੍ਰਭੂ-ਪ੍ਰਾਪਤੀ) ਹੀ ਹੋ ਗਿਆ।

***ਅਰਥ :***

ਪ੍ਰਭੂ-ਪਰਮੇਸ਼ਰ (ਸਭ ਕਿਸੇ ਦੀ) ਅੰਦਰਲੀ ਦਸ਼ਾ ਜਾਣਨ ਵਾਲਾ ਹੈ, ਉਹ

ਬਾਹਰਲੇ ਕਿਸੇ ਭੇਖ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

ਇਕ ਹਰੀ-ਪ੍ਰਭੂ ਜੀ (ਦੀ ਪ੍ਰੀਤ ਅਤੇ ਯਾਦ) ਤੋਂ ਵਿਰਵੀ (ਸਖਣੀ) ਸਾਰੀ ਲੁਕਾਈ ਵਿਅਰਥ ਭਟਕਦੀ ਫਿਰਦੀ ਹੈ।

(ਪ੍ਰਭੂ ਤੋਂ ਬੇਮੁਖ ਹੋਏ ਜੀਵਾਂ ਦਾ) ਮਨ ਪਰਵਾਰ (ਦੇ ਮੋਹ) ਵਿਚ ਖੱਚਤ ਰਹਿੰਦਾ ਹੈ, ਸਦਾ ਹੀ (ਆਪਣੀਆਂ ਪਰਵਾਰਕ-ਬਾਹਵਾਂ ਦੇ) ਹੰਕਾਰ ਵਿਚ ਆਫਰੇ ਫਿਰਦੇ ਹਨ।

(ਮਾਇਆਧਾਰੀ ਜੀਵ) ਹੰਕਾਰੀ ਹੋ ਕੇ ਸੰਸਾਰ ਵਿਚ ਵਿਚਰਦੇ ਹਨ। ਮਾਇਆ ਦੇ ਬਲ ਬੋਤੇ ਕਾਹਦਾ ਹੰਕਾਰ ਕਰਦੇ ਹਨ ? (ਇਹ ਮਾਇਆ ਤਾਂ ਬੱਦਲ ਦੀ ਛਾਂ ਵਾਂਗ ਛਿਨ-ਭੰਗਰ ਹੈ)।

(ਇਹ ਮਾਇਆ ਜੀਵ ਦੇ) ਸੰਸਾਰ ਤੋਂ ਕੂਚ ਕਰਦੇ ਸਮੇਂ ਪਰਲੋਕ ਵਿਚ ਨਾਲ ਨਹੀਂ ਜਾਂਦੀ, ਸਗੋਂ ਪਲ ਵਿਚ ਹੀ (ਕਿਸੇ ਹੋਰ ਕੋਲ) ਚਲੀ ਜਾਂਦੀ ਹੈ।

(ਪਰ ਕਿਸੇ ਦੇ ਕੀ ਵਸ) ਸਾਰੇ ਜੀਵ ਸੰਸਾਰ ਵਿਚ ਪ੍ਰਭੂ ਜੀ ਦੇ ਹੁਕਮ ਅੰਦਰ ਹੀ ਵਿਚਰਦੇ ਫਿਰਦੇ ਹਨ।

ਜਿਸ ਕਿਸੇ ਦਾ ਭਾਗ ਜਾਗਿਆ, ਉਸ ਨੂੰ ਗੁਰੂ ਪ੍ਰਾਪਤ ਹੋ ਗਿਆ। (ਫਿਰ ਗੁਰੂ ਦੀ ਬਖ਼ਸ਼ਸ਼ ਦੁਆਰਾ, ਵਿਸ਼ਵ-ਸੰਸਾਰ ਦਾ) ਮਾਲਕ-ਪ੍ਰਭੂ ਮਿਲ ਪਿਆ।

ਜਿਹੜਾ ਮਨੁੱਖ (ਕੁਟੰਬ ਅਤੇ ਧਨ-ਦੌਲਤ ਦਾ ਹੰਕਾਰ ਛਡ ਕੇ) ਹਰੀ-ਪ੍ਰਭੂ ਦਾ ਦਾਸ ਬਣ ਗਿਆ, ਹਰੀ-ਪ੍ਰਾਪਤੀ ਹੀ ਉਸ ਦੀ ਪ੍ਰਮੁਖ ਮਨੋ-ਕਾਮਨਾ ਹੋ ਗਈ।੧੪।

**ਡਖਣੇ ਮ: ੫ ॥**

**ਮੁਖਹੁ ਅਲਾਏ ਹਭ, ਮਰਣੁ ਪਛਾਣੰਦੋ ਕੋਇ ॥**
**ਨਾਨਕ ਤਿਨਾ ਖਾਕੁ, ਜਿਨਾ ਯਕੀਨਾ ਹਿਕ ਸਿਉ ॥੧॥**

**ਮ: ੫ ॥ ਜਾਣੁ ਵਸੰਦੋ ਮੰਝਿ, ਪਛਾਣੂ ਕੋ ਹੇਕੜੋ ॥**
**ਤੈ ਤਨਿ ਪੜਦਾ ਨਾਹਿ, ਨਾਨਕ ਜੈ ਗੁਰੁ ਭੇਟਿਆ ॥੨॥**

**ਮ: ੫ ॥ ਮਤੜੀ ਕਾਂਢਕੁ ਆਹ, ਪਾਵ ਧੋਵੰਦੋ ਪੀਵਸਾ ॥**
**ਮੂ ਤਨਿ ਪ੍ਰੇਮੁ ਅਥਾਹ, ਪਸਣ ਕੂ ਸਚਾ ਧਣੀ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਮੁਖਹੁ—ਮੁਖ ਤੋਂ। ਤਿਨਾ—ਉਨ੍ਹਾਂ ਦੀ। ਜਿਨਾ—ਜਿਨ੍ਹਾਂ ਦੀ। ਸਿਉ—ਨਾਲ। ਪੀਵਸਾ—ਪੀਵਾਂ।

ਤਿਨਾ, ਜਿਨਾ—'ਨ' ਉਚਾਰਣ ਭਾਰਾ।

ਤੈ—(ਤਿਸ ਦੇ) ਉਚਾਰਣ ਨਾਸਕਤਾ ਰਹਿਤ।

ਜੈ—(ਜਿਸ ਦੇ) ਉਚਾਰਣ ਨਾਸਕਤਾ ਰਹਿਤ।

***ਪਦ ਅਰਥ :***

ਅਲਾਏ—ਆਖਦੀ ਹੈ। ਹਭ—ਸਾਰੀ ਲੋਕਾਈ। ਪਛਾਣੰਦੋ— ਪਛਾਣਦਾ ਹੈ। ਕੋਇ—ਕੋਈ ਵਿਰਲਾ। ਖਾਕੁ—(ਚਰਨ-) ਧੂੜ। ਯਕੀਨਾ—ਭਰੋਸਾ। ਹਿਕ—ਇਕ।੧।

ਜਾਣੁ—ਜਾਣੀ ਜਾਣ, ਸਭ ਕੁਝ ਜਾਣਨ ਵਾਲਾ। ਮੰਝਿ—ਵਿਚ। ਕੋ—ਕੋਈ। ਹੇਕੜੋ—ਇਕ। ਕੋ ਹੇਕੜੋ—ਕੋਈ ਵਿਰਲਾ। ਭੇਟਿਆ—ਮਿਲ ਪਿਆ।੨।

ਮਤੜੀ—ਸ੍ਰੇਸ਼ਟ ਮਤਿ। ਕਾਂਢਕੁ—ਕਹਿਣ (ਆਖਣ) ਵਾਲਾ (ਸਤਿਗੁਰੂ)। ਆਹ—ਹੈ। ਪਾਵ—ਚਰਨ। ਮੂ ਤਨਿ—ਮੇਰੇ ਸਰੀਰ (ਮਨ) ਵਿਚ। ਅਥਾਹ—ਬੇਅੰਤ, ਬਹੁਤਾ। ਪਸਣ ਕੂ—ਦੇਖਣ ਲਈ। ਸਚਾ ਧਣੀ—ਸਦਾ-ਥਿਰ ਮਾਲਕ (ਵਾਹਿਗੁਰੂ)।੩।

***ਅਰਥ :***

ਮੂੰਹੋਂ ਸਾਰੀ ਲੋਕਾਈ (ਪ੍ਰਭੂ-ਮਿਲਾਪ ਦੀ) ਚਰਚਾ ਕਰਦੀ ਹੈ, ਪਰ (ਪ੍ਰਭੂ-ਮਿਲਾਪ ਲਈ ਆਪਾ-ਭਾਵ ਤੋਂ ਮਰਨਾ ਮੁਢਲੀ ਸ਼ਰਤ ਹੈ) (ਆਪਾ-ਭਾਵ ਤੋਂ) ਮਰਨਾ ਕੋਈ ਵਿਰਲਾ ਹੀ ਪਛਾਣਦਾ ਹੈ।

'ਨਾਨਕ' ਮੁਹਰ ਛਾਪ ਲਾ ਕੇ ਸਤਿਗੁਰੂ ਦਰਸਾਉਂਦੇ ਹਨ) ਮੈਂ ਉਨ੍ਹਾਂ (ਦੇ ਚਰਨਾਂ) ਦੀ ਧੂੜ (ਲੋਚਦਾ) ਹਾਂ, ਜਿਨ੍ਹਾਂ ਨੂੰ ਇਕ ਪ੍ਰਭੂ ਤੇ ਦ੍ਰਿੜ੍ਹ ਭਰੋਸਾ ਹੈ।੧।

ਜਾਣੀ-ਜਾਣ (ਅੰਤਰਜਾਮੀ) ਪ੍ਰਭੂ (ਹਰ ਕਿਸੇ ਦੇ) ਅੰਦਰ ਵਸਦਾ ਹੈ, ਪਰ ਉਸ ਦਾ ਪਛਾਣਨ ਵਾਲਾ ਕੋਈ ਵਿਰਲਾ ਹੀ ਹੈ।

ਨਾਨਕ! ਜਿਸ ਨੂੰ ਸਤਿਗੁਰੂ ਮਿਲ ਪਿਆ, ਉਸ ਮਨੁੱਖ ਦੇ ਸਰੀਰ ਵਿਚ (ਆਤਮਾ ਨੂੰ ਪਰਮਾਤਮਾ ਤੋਂ ਵਿਛੋੜਨ ਵਾਲਾ ਹਉਮੈ ਦਾ) ਪੜਦਾ ਨਹੀਂ ਰਹਿੰਦਾ।੨।

(ਪ੍ਰਭੂ-ਮਿਲਾਪ ਸੰਬੰਧੀ) ਮਤੜੀ (ਸ੍ਰੇਸ਼ਟ ਮਤਿ-ਸੁਮਤਿ) ਕਾਂਢਕੁ (ਆਖਣ ਵਾਲਾ) ਜੋ (ਸਤਿਗੁਰੂ) ਹੈ, ਮੈਂ (ਉਪਦੇਸ਼-ਦਾਤਾ ਸਤਿਗੁਰੂ ਦੇ) ਚਰਨ ਧੋ ਧੋ ਪੀਵਾਂ (ਇਹੀ ਮੇਰੀ ਰੀਝ ਹੈ)।

(ਕਿਉਂ ਜੁ) ਮੇਰੇ ਤਨ ਮਨ ਵਿਚ ਸਦਾ-ਥਿਰ ਮਾਲਕ (ਵਾਹਿਗੁਰੂ) ਦੇ ਪਰਸਣ (ਦੀਦਾਰ ਕਰਨ) ਲਈ ਅਥਾਹ ਪ੍ਰੇਮ ਹੈ (ਅਤੇ ਪ੍ਰਭੂ ਦਾ ਦਰਸ-ਮਿਲਾਪ ਸਤਿਗੁਰੂ ਦੀ ਸਿਖਿਆ-ਦੀਖਿਆ ਅਥਵਾ ਸ੍ਰੇਸ਼ਟ-ਮਤਿ ਦੁਆਰਾ ਹੀ ਸੰਭਵ ਹੈ)।੩।

*ਨੋਟ*—ਬਹੁਤੇ ਟੀਕਾ-ਕਾਰਾਂ ਨੇ 'ਕਾਂਢਕੁ' ਸ਼ਬਦ ਦੇ ਵਿਚਕਾਰਲੇ ਕੰਨੇ ਨੂੰ ਲਗੇ ਬਿੰਦੇ ਵਲ ਵਿਸ਼ੇਸ਼ ਧਿਆਨ ਨਹੀਂ ਦਿਤਾ। ਇਹ ਬਿੰਦਾ ਖ਼ਾਸ ਵਿਸ਼ੇਸ਼ਤਾ ਰਖਦਾ ਹੈ, ਜਿਸ ਨੂੰ ਹੇਠਾਂ ਸਪੱਸ਼ਟ ਕਰ ਕੇ ਦਰਸਾਇਆ ਗਿਆ ਹੈ:

ਕਾਢਿਆ—ਕਢ ਲਿਆ ('ਕਢ' ਧਾਤੂ ਤੋਂ ਭੂਤ ਕਾਲ ਦੀ ਇਕ-ਵਚਨ ਪੁਲਿੰਗ ਕਰਤ੍ਰੀ ਵਾਚ ਕਿਰਿਆ—"ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ॥" (੮੧੪)

ਕਾਂਢਿਆ—ਕਹਿਆ ਗਿਆ ('ਕਾਂਢ' ਧਾਤੂ ਤੋਂ ਭੂਤ ਕਾਲ ਦੀ ਇਕ-ਵਚਨ ਪੁਲਿੰਗ ਕਰਮਨੀ ਵਾਚ ਕਿਰਿਆ—"ਜਨ ਨਾਨਕ ਦਾਸੁ ਹਰਿ ਕਾਢਿਆ ਹਰਿ ਪੈਜ ਰਖਾਏ॥")

'ਕਾਂਢਕੁ' ਕਿਰਦੰਤ-ਸ਼ਬਦ ਦਾ ਧਾਤੂ 'ਕਾਂਢ' ਹੈ, 'ਕਾਢ' ਨਹੀਂ।

## ਪਉੜੀ॥

**ਨਿਰਭਉ ਨਾਮੁ ਵਿਸਾਰਿਆ, ਨਾਲਿ ਮਾਇਆ ਰਚਾ॥**
**ਆਵੈ ਜਾਇ ਭਵਾਈਐ, ਬਹੁ ਜੋਨੀ ਨਚਾ॥**
**ਬਚਨੁ ਕਰੇ ਤੈ ਖਿਸਕਿ ਜਾਇ, ਬੋਲੇ ਸਭੁ ਕਚਾ॥**
**ਅੰਦਰਹੁ ਥੋਥਾ ਕੂੜਿਆਰੁ, ਕੂੜੀ ਸਭ ਖਚਾ॥**
**ਵੈਰੁ ਕਰੇ ਨਿਰਵੈਰ ਨਾਲਿ, ਝੂਠੇ ਲਾਲਚਾ॥**
**ਮਾਰਿਆ ਸਚੈ ਪਾਤਿਸਾਹਿ, ਵੇਖਿ ਧੁਰਿ ਕਰਮਚਾ॥**
**ਜਮਦੂਤੀ ਹੈ ਹੇਰਿਆ, ਦੁਖ ਹੀ ਮਹਿ ਪਚਾ॥**
**ਹੋਆ ਤਪਾਵਸੁ ਧਰਮ ਕਾ, ਨਾਨਕ ਦਰਿ ਸਚਾ॥੧੫॥**

***ਉਚਾਰਣ:***

. ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ:

ਅੰਦਰਹੁ—ਮਨੋਂ। ਜਮਦੂਤੀ—ਜਮਦੂਤਾਂ ਨੇ।
ਪਾਤਿਸਾਹਿ—'ਸ' ਉਚਾਰਣ ਵਿਸ਼ੇਸ਼ ਧੁਨੀ।

***ਪਦ ਅਰਥ :***

ਨਿਰਭਉ ਨਾਮੁ—ਡਰ ਦੂਰ ਕਰ ਦੇਣ ਵਾਲਾ ਨਾਮ। ਰਚਾ—ਖੱਚਤ ਹੋ ਗਿਆ। ਆਵੈ ਜਾਇ—ਆਉਂਦਾ ਜਾਂਦਾ, ਜੰਮਦਾ ਮਰਦਾ ਰਹਿੰਦਾ ਹੈ। ਭਵਾਈਐ—ਭਵਾਈਦਾ (ਫਿਰਾਈਦਾ) ਹੈ। ਨਚਾ—ਨਚਦਾ (ਭਟਕਦਾ) ਫਿਰਦਾ ਹੈ। ਖਿਸਕਿ ਜਾਇ—ਫਿਰ ਜਾਵੇ, ਮੁਕਰ ਜਾਵੇ। ਥੋਥਾ—ਖ਼ਾਲੀ। ਖਚਾ—ਗੱਪ, ਫ਼ਜ਼ੂਲ ਗੱਲ। ਪਾਤਿਸਾਹਿ—ਪਾਤਸ਼ਾਹ ਨੇ। ਕਰਮਚਾ—ਕੀਤੇ ਕਰਮਾਂ ਦਾ ਚਿੱਠਾ। ਜਮਦੂਤੀ—ਜਮਦੂਤਾਂ ਨੇ। ਹੈ ਹੇਰਿਆ—ਤਕ (ਤਾੜ) ਵਿਚ ਰਖਿਆ ਹੋਇਆ ਹੈ। ਪਚਾ—ਗਲ ਸੜ ਗਿਆ। ਤਪਾਵਸੁ—ਇਨਸਾਫ਼, ਨਿਆਉਂ। ਦਰਿ ਸਚਾ—ਜੋ ਸਚਾ (ਸਦਾ ਥਿਰ) ਪ੍ਰਭੂ ਹੈ ਉਸ ਦੇ ਦਰ ਤੇ।

***ਅਰਥ :***

(ਮਨਮੁਖ ਜੀਵ ਨੇ) ਡਰ ਤੋਂ ਮੁਕਤ ਕਰ ਦੇਣ ਵਾਲਾ (ਪ੍ਰਭੂ ਦਾ) ਨਾਮ ਭੁਲਾ ਦਿਤਾ ਹੁੰਦਾ ਹੈ ਅਤੇ ਮਾਇਆ ਨਾਲ ਰਚਿਆ ਮਿਚਿਆ (ਖੱਚਤ) ਰਹਿੰਦਾ ਹੈ।

(ਮਨਮੁਖੀ ਕਰਮਾਂ ਦੇ ਫਲ-ਸਰੂਪ) ਉਹ ਫਿਰ ਫਿਰ ਜੰਮਦਾ ਮਰਦਾ ਰਹਿੰਦਾ ਹੈ, ਇੰਜ, ਆਵਾ ਗਵਨ ਦੇ ਗੇੜ ਵਿਚ ਭਵਾਇਆ ਜਾਂਦਾ ਹੈ ਤੇ ਵਖ ਵਖ ਜੂਨਾਂ ਵਿਚ ਨਚਦਾ (ਭਟਕਦਾ) ਫਿਰਦਾ ਹੈ।

(ਅੰਦਰੋਂ ਖੋਟਾ ਹੋਣ ਕਾਰਨ) ਜੋ ਬਚਨ ਕਰਦਾ ਹੈ, ਫਿਰ ਉਸ ਤੋਂ ਮੁਕਰ ਜਾਂਦਾ ਹੈ, ਉਹ ਸਭ ਕਚ-ਪਿਚ (ਝੂਠ) ਹੀ ਬੋਲਦਾ ਹੈ।

ਉਹ ਝੂਠਾ ਮਨੁੱਖ ਅੰਦਰੋਂ ਸਖਣਾ ਹੁੰਦਾ ਹੈ, ਉਸ ਦੀ ਸਾਰੀ ਝਖ-ਝਖਾਈ ਝੂਠੀ ਹੀ ਹੁੰਦੀ ਹੈ।

ਕੂੜੇ ਲਾਲਚ ਅਧੀਨ ਨਿਰਵੈਰ (ਵੈਰ ਭਾਵਨਾ ਰਹਿਤ ਸਤ-ਪੁਰਸ਼ਾਂ) ਨਾਲ ਵੈਰ ਵਿਢੀ ਰਖਦਾ ਹੈ।

ਉਹ ਸੱਚੇ ਪਾਤਸ਼ਾਹ ਵਲੋਂ ਹੀ ਮਾਰਿਆ ਹੁੰਦਾ ਹੈ। ਵੇਖ! ਧੁਰ ਦਰਗਾਹੋਂ ਲਿਖਿਆ ਉਸ ਦੇ ਕਰਮਾਂ ਦਾ ਚਿੱਠਾ ਹੀ ਅਜਿਹਾ ਹੈ। (ਭਾਵ, ਉਸ ਨੂੰ ਧੁਰੋਂ ਦਰਗਾਹੋਂ ਹੀ ਮਾਰ ਵਗੀ ਹੁੰਦੀ ਹੈ।

(ਉਸ ਦੇ ਪਾਪ-ਕਰਮਾਂ ਕਰਕੇ) ਜਮਦੂਤਾਂ ਨੇ ਉਸ ਨੂੰ ਆਪਣੀ ਤਾੜ ਵਿਚ ਰਖਿਆ ਹੁੰਦਾ ਹੈ ਅਤੇ ਉਹ ਨਿਰੰਤਰ ਦੁਖ ਵਿਚ ਹੀ ਸੜਦਾ ਗਲਦਾ ਰਹਿੰਦਾ ਹੈ।

ਨਾਨਕ ! ਸਦਾ-ਥਿਰ ਪ੍ਰਭੂ ਦੇ ਦਰ ਤੋਂ ਇਹ ਸੱਚਾ ਅਤੇ ਅਟੱਲ ਧਰਮ-ਨਿਆਂ ਹੀ ਵਰਤਿਆ ਹੈ (ਕਿ ਮਨਮੁਖ ਨੂੰ ਖੋਟੇ ਕਰਮਾਂ ਦਾ ਫਲ ਭਟਕਣਾ ਅਤੇ ਖੁਆਰੀ ਦੇ ਰੂਪ ਵਿਚ ਹੀ ਮਿਲਦਾ ਹੈ)।੧੫।

**ਡਖਣੇ ਮ: ੫ ॥**

**ਪਰਭਾਤੇ ਪ੍ਰਭ ਨਾਮੁ ਜਪਿ, ਗੁਰ ਕੇ ਚਰਣ ਧਿਆਇ ॥**
**ਜਨਮ ਮਰਣ ਮਲੁ ਉਤਰੈ, ਸਚੇ ਕੇ ਗੁਣ ਗਾਇ ॥੧॥**

**ਮ: ੫ ॥ ਦੇਹ ਅੰਧਾਰੀ ਅੰਧੁ, ਸੁੰਞੀ ਨਾਮ ਵਿਹੂਣੀਆ ॥**
**ਨਾਨਕ ਸਫਲ ਜਨੰਮੁ, ਜੈ ਘਟਿ ਵੁਠਾ ਸਚੁ ਧਣੀ ॥੨॥**

**ਮ: ੫ ॥ ਲੋਇਣ ਲੋਈ ਡਿਠ, ਪਿਆਸ ਨ ਬੁਝੈ ਮੂ ਘਣੀ ॥**
**ਨਾਨਕ ਸੇ ਅਖੜੀਆ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ :
ਅਖੜੀਆ—ਅੱਖਾਂ। ਜਿਨੀ—ਜਿਨ੍ਹਾਂ ਨਾਲ।
ਵਿਹੂਣੀਆ—ਉਚਾਰਣ ਨਾਸਕਤਾ ਬਿਨਾਂ।
ਜਿਨੀ—'ਨ' ਉਚਾਰਣ ਭਾਰਾ।

***ਪਦ ਅਰਥ :***

ਪਰਭਾਤੇ—ਸਵੇਰੇ, ਅੰਮ੍ਰਿਤ ਵੇਲੇ। ਮਲੁ—ਮੈਲ।੧।

ਦੇਹ ਅੰਧਾਰੀ ਅੰਧੁ—ਦੇਹੀ ਅੰਨ੍ਹੀ ਕੋਠੀ ਹੈ, (ਜਿਸ ਵਿਚ) ਅਗਿਆਨ ਹੈ। ਸੁੰਞੀ—ਸਖਣੀ। ਨਾਮ ਵਿਹੂਣੀਆ—ਨਾਮ ਤੋਂ ਵਿਰਵੀ (ਵੰਚਿਤ)। ਜੈ—ਜਿਸ ਦੇ। ਘਟਿ—ਹਿਰਦੇ ਵਿਚ। ਵੁਠਾ—ਵਸਿਆ ਹੋਇਆ ਹੈ। ਸਚੁ ਧਣੀ—ਸਦਾ ਥਿਰ ਰਹਿਣ ਵਾਲਾ ਮਾਲਕ।੨।

ਲੋਇਣ—ਅੱਖਾਂ ਨਾਲ। ਲੋਈ—ਸ੍ਰਿਸ਼ਟੀ। ਮੂ—ਮੇਰੇ ਵਿਚ। ਘਣੀ—ਬਹੁਤੀ।

ਬਿਅੰਨਿ—ਹੋਰ ਤਰ੍ਹਾਂ ਦੀਆਂ ਹੁੰਦੀਆਂ ਹਨ। ਡਿਸੰਦੋ—ਦਿਸਦਾ ਹੈ। ਮਾ ਪਿਰੀ—ਮੇਰਾ ਪਿਆਰਾ।੩।

***ਅਰਥ :***

ਪ੍ਰਭਾਤ ਸਮੇਂ (ਅੰਮ੍ਰਿਤ ਵੇਲੇ) ਪ੍ਰਭੂ ਦਾ ਨਾਮ ਜਪਣਾ ਕਰ ਅਤੇ ਗੁਰੂ ਦੇ ਚਰਨਾਂ (ਗੁਰ-ਸ਼ਬਦ ਦੀ ਧੁਨੀ) ਦਾ ਧਿਆਨ ਧਰ। ਸਦਾ-ਥਿਰ ਪ੍ਰਭੂ ਦੇ ਗੁਣ ਗਾਇਨ ਕਰ, ਇਸ ਤਰ੍ਹਾਂ ਜਨਮ ਮਰਨ (ਦੇ ਮੂਲ, ਵਿਕਾਰਾਂ) ਦੀ ਮੈਲ ਦੂਰ ਹੋ ਜਾਂਦੀ ਹੈ।੧।

ਉਹ ਦੇਹੀ ਮਾਨੋ ਅੰਨ੍ਹੀ (ਕੋਠੀ) ਹੈ, ਜਿਸ ਵਿਚ ਅਗਿਆਨ ਹੈ। ਨਾਮ ਤੋਂ ਬਿਨਾਂ ਦੇਹੀ ਸੁੰਞੀ (ਰੱਬੀ ਰਹਿਮਤ ਤੋਂ ਸਖਣੀ) ਹੈ।

ਨਾਨਕ ! ਜਨਮ ਸਫਲਾ ਉਸੇ ਦਾ (ਜਾਣੋ), ਜਿਸ ਦੇ ਹਿਰਦੇ ਵਿਚ ਸਦਾ ਥਿਰ ਪ੍ਰਭੂ ਵਸਿਆ ਹੋਇਆ ਹੈ।੨।

ਮੈਂ (ਨਾਨਾ-ਪ੍ਰਕਾਰੀ ਰਚਨਾ ਵਾਲੀ) ਸ੍ਰਿਸ਼ਟੀ ਇਨ੍ਹਾਂ ਅੱਖਾਂ ਨਾਲ ਵੇਖ ਲਈ ਹੈ, ਮੇਰੀ (ਰੰਗ-ਤਮਾਸ਼ੇ ਵੇਖਣ ਦੀ) ਪਿਆਸ ਮਿਟੀ ਨਹੀਂ, ਸਗੋਂ ਵਧੇਰੇ ਭੜਕੀ ਹੈ।

ਨਾਨਕ ! (ਦੇਖਣ ਦੀ ਪਿਆਸ ਤਾਂ ਕੇਵਲ ਪ੍ਰਭੂ ਦੇ ਦੀਦਾਰ ਕੀਤਿਆਂ ਹੀ ਬੁਝ ਸਕਦੀ ਹੈ, ਪਰ) ਉਹ ਅੱਖਾਂ ਹੋਰ ਕਿਸਮ ਦੀਆਂ (ਭਾਵ, ਸੁਰਤਿ ਦੀਆਂ) ਹੁੰਦੀਆਂ ਹਨ, ਜਿਨ੍ਹਾਂ ਦੁਆਰਾ ਮੇਰਾ ਪਿਆਰਾ ਪ੍ਰੀਤਮ ਦਿਸ ਆਉਂਦਾ ਹੈ।੩।

## ਪਉੜੀ ॥

**ਜਿਨਿ ਜਨਿ ਗੁਰਮੁਖਿ ਸੇਵਿਆ, ਤਿਨਿ ਸਭਿ ਸੁਖ ਪਾਈ ॥**
**ਓਹੁ ਆਪਿ ਤਰਿਆ ਕੁਟੰਬ ਸਿਉ, ਸਭੁ ਜਗਤੁ ਤਰਾਈ ॥**
**ਓਨਿ ਹਰਿ ਨਾਮਾ ਧਨੁ ਸੰਚਿਆ, ਸਭ ਤਿਖਾ ਬੁਝਾਈ ॥**
**ਓਨਿ ਛਡੇ ਲਾਲਚ ਦੁਨੀ ਕੇ, ਅੰਤਰਿ ਲਿਵ ਲਾਈ ॥**
**ਓਸੁ ਸਦਾ ਸਦਾ ਘਰਿ ਅਨੰਦੁ ਹੈ, ਹਰਿ ਸਖਾ ਸਹਾਈ ॥**
**ਓਨਿ ਵੈਰੀ ਮਿਤ੍ਰ ਸਮ ਕੀਤਿਆ, ਸਭ ਨਾਲਿ ਸੁਭਾਈ ॥**
**ਹੋਆ ਓਹੀ ਅਲੁ ਜਗ ਮਹਿ, ਗੁਰ ਗਿਆਨੁ ਜਪਾਈ ॥**
**ਪੂਰਬਿ ਲਿਖਿਆ ਪਾਇਆ, ਹਰਿ ਸਿਉ ਬਣਿ ਆਈ ॥੧੬॥**

**ਉਚਾਰਣ :**

ਸਿਉ—(ਨਾਲ, ਸਮੇਤ) ਅੰਤਲੇ ਸੁਰ ਦਾ ਉਚਾਰਣ ਨਾਸਕੀ।
ਜਿਨਿ, ਤਿਨਿ—'ਨ' ਉਚਾਰਣ ਭਾਰਾ।
ਕੀਤਿਆ—ਉਚਾਰਣ ਨਾਸਕਤਾ ਬਿਨਾਂ।

**ਪਦ ਅਰਥ :**

ਜਿਨਿ ਜਨਿ—ਜਿਸ ਜਿਸ ਮਨੁੱਖ ਨੇ। ਗੁਰਮੁਖਿ—ਗੁਰੂ ਦਾ ਅਨੁਸਾਰੀ ਹੋ ਕੇ। ਸੇਵਿਆ—ਸਿਮਰਿਆ। ਪਾਈ—ਪ੍ਰਾਪਤੀ ਕਰ ਲਈ। ਕੁਟੰਬ— ਟੱਬਰ, ਪਰਵਾਰ। ਓਨਿ—ਉਸ ਨੇ। ਸੰਚਿਆ—ਇਕੱਠਾ ਕੀਤਾ। ਤਿਖਾ—ਤ੍ਰੇਹ, ਪਿਆਸ, ਤ੍ਰਿਸ਼ਨਾ। ਲਿਵ ਲਾਈ—ਸੁਰਤੀ ਜੋੜੀ। ਘਰਿ—ਹਿਰਦੇ-ਘਰ ਵਿਚ। ਸਖਾ—ਮਿੱਤਰ। ਸਹਾਈ—ਸਹਾਇਤਾ ਕਰਨ ਵਾਲਾ। ਸਮ—ਸਮਾਨ, ਇਕੋ ਜਿਹੇ। ਕੀਤਿਆ—ਕੀਤੇ ਹਨ। ਸੁਭਾਈ—ਸਦ-ਭਾਵਨਾ। ਓਹੀ—ਉਹੋ ਹੀ। ਅਲੁ— ਮੁਕੰਮਲ, ਪੂਰਨ। ਗੁਰ ਗਿਆਨੁ—ਗੁਰੂ ਦਾ ਗਿਆਨ (ਨਾਮ)। ਪੂਰਬਿ ਲਿਖਿਆ— ਪਹਿਲਾਂ ਤੋਂ ਧੁਰ ਦਰਗਾਹੋਂ ਲਿਖਿਆ ਫਲ। ਬਣਿ ਆਈ—ਪ੍ਰੀਤੀ ਲਗ ਗਈ।

**ਅਰਥ :**

ਜਿਸ ਜਿਸ ਜੀਵ ਨੇ ਗੁਰੂ ਦਾ ਅਨੁਸਾਰੀ ਹੋ ਕੇ ਵਾਹਿਗੁਰੂ ਨੂੰ ਸੇਵਿਆ (ਸਿਮਰਿਆ), ਉਸ ਨੇ ਸਾਰੇ ਸੁਖਾਂ ਦੀ ਪ੍ਰਾਪਤੀ ਕਰ ਲਈ।

ਉਹ (ਗੁਰੂ ਦੀ ਮਿਹਰ ਸਦਕਾ) ਆਪ ਪਰਵਾਰ ਸਮੇਤ (ਭਵ-ਸਾਗਰ ਤੋਂ) ਪਾਰ ਹੋ ਗਿਆ ਅਤੇ ਸਾਰਾ ਜਗਤ (ਗੁਰੂ ਦੀ ਚਰਨੀਂ ਲਾ ਕੇ) ਤਾਰ ਦਿਤਾ।

ਉਸ ਨੇ (ਜੀਵਨ ਵਿਚ) ਹਰਿ-ਨਾਮ-ਧਨ ਇਕਤ੍ਰ ਕੀਤਾ, ਜਿਸ ਦੀ ਬਰਕਤ ਨਾਲ ਸਾਰੀ ਤ੍ਰਿਸ਼ਨਾ (ਮਾਇਕੀ ਪਦਾਰਥਾਂ ਦੀ ਭੁਖ) ਮਿਟਾਅ ਲਈ।

ਉਸ ਨੇ ਸਾਰੇ ਦੁਨਿਆਵੀ ਲਾਲਚ ਛਡ ਦਿਤੇ ਅਤੇ ਆਪਣੇ ਅੰਦਰ (ਹਿਰਦੇ ਵਿਚ ਪ੍ਰਭੂ ਨਾਲ) ਸੁਰਤ ਜੋੜ ਲਈ।

ਵਾਹਿਗੁਰੂ ਉਸ ਦਾ ਮਿੱਤਰ ਬਣ ਕੇ (ਸਦੀਵਕਾਲ) ਸਹਾਈ ਹੋ ਗਿਆ, ਇਸ ਲਈ ਉਸ ਦੇ ਹਿਰਦੇ-ਘਰ ਵਿਚ ਸਦੀਵੀ ਖੇੜਾ ਖਿੜ ਗਿਆ।

ਉਸ ਨੇ ਦੁਸ਼ਮਣ ਅਤੇ ਸੱਜਣ ਇਕ-ਸਮਾਨ ਜਾਣ ਲਏ, ਸਭਨਾਂ ਨਾਲ ਸਦ-ਭਾਵਨਾ ਤੇ ਪ੍ਰੀਤੀ ਬਣਾ ਲਈ।

ਕੇਵਲ ਉਹ ਹੀ, ਗੁਰ-ਗਿਆਨ (ਨਾਮ) ਜਪ ਜਪ ਕੇ, ਸੰਸਾਰ ਵਿਚ ਪੂਰਨ

ਪੁਰਖ ਹੋ ਨਿਬੜਿਆ।

ਧੁਰੋਂ ਲਿਖਿਆ ਫਲ ਪ੍ਰਾਪਤ ਹੋ ਗਿਆ, ਜਿਸ ਦੇ ਫਲ-ਸਰੂਪ ਵਾਹਿਗੁਰੂ ਨਾਲ ਪ੍ਰੀਤ ਪੈ ਗਈ।੧੬।

**ਡਖਣੇ ਮ: ੫ ॥**

**ਸਚੁ ਸੁਹਾਵਾ ਕਾਢੀਐ, ਕੂੜੈ ਕੂੜੀ ਸੋਇ ॥**
**ਨਾਨਕ ਵਿਰਲੇ ਜਾਣੀਅਹਿ, ਜਿਨ ਸਚੁ ਪਲੈ ਹੋਇ ॥੧॥**

**ਮ: ੫ ॥ ਸਜਣ ਮੁਖੁ ਅਨੂਪੁ, ਅਠੇ ਪਹਰ ਨਿਹਾਲਸਾ ॥**
**ਸੁਤੜੀ ਸੋ ਸਹੁ ਡਿਠੁ, ਤੈ ਸੁਪਨੇ ਹਉ ਖੰਨੀਐ ॥੨॥**

**ਮ: ੫ ॥ ਸਜਣ ਸਚੁ ਪਰਖਿ, ਮੁਖਿ ਅਲਾਵਣੁ ਥੋਥਰਾ ॥**
**ਮਨ ਮੰਝਾਹੂ ਲਖਿ, ਤੁਧਹੁ ਦੂਰਿ ਨ ਸੁ ਪਿਰੀ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਜਾਣੀਅਹਿ—ਜਾਣੀਦੇ ਹਨ। ਨਿਹਾਲਸਾ—ਮੈਂ ਵੇਖਦੀ ਰਵ੍ਹਾਂ। ਹਉ—ਮੈਂ। ਮੰਝਾਹੂ—ਵਿਚ ਹੀ। ਤੁਧਹੁ—ਤੇਰੇ ਤੋਂ।

ਕਾਢੀਐ—'ਕਾ' ਉਚਾਰਣ ਨਾਸਕੀ।

ਪਹਰ—'ਹ' ਉਚਾਰਣ 'ਹਿ' ਵਾਂਗ ਨਹੀਂ।

ਤੈ—(ਤਿਸ) ਉਚਾਰਣ ਨਾਸਕਤਾ ਬਿਨਾਂ।

***ਪਦ ਅਰਥ :***

ਸਚੁ—ਸਦਾ-ਥਿਰ ਨਾਮ-ਧਨ। ਸੁਹਾਵਾ—ਸ਼ੋਭਨੀਕ। ਕਾਢੀਐ—ਆਖੀਦਾ ਹੈ। ਕੂੜੈ—ਝੂਠ (ਨਾਸਵੰਤ ਧਨ-ਪਦਾਰਥ) ਦੀ। ਕੂੜੀ ਸੋਇ—ਝੂਠੀ ਸ਼ੋਭਾ। ਜਾਣੀਅਹਿ—ਜਾਣੀਦੇ ਹਨ।੧।

ਅਨੂਪੁ—ਉਪਮਾ ਰਹਿਤ, ਜਿਸ ਦੀ ਮਿਸਾਲ ਕੋਈ ਨਹੀਂ। ਨਿਹਾਲਸਾ—ਮੈਂ ਵੇਖਦੀ ਰਵ੍ਹਾਂ। ਸੁਤੜੀ—ਸੁਤੀ ਹੋਈ ਨੇ। ਸਹੁ—ਪਤੀ। ਡਿਠੁ—ਵੇਖਿਆ। ਤੈ ਸੁਪਨੇ—ਉਸ ਸੁਪਨੇ ਤੋਂ। ਖੰਨੀਐ—ਕੁਰਬਾਨ, ਸਦਕੇ।੨।

ਸਜਣ—ਹੇ ਮਿਤਰ! ਸਚੁ ਪਰਖਿ—ਸਦਾ-ਥਿਰ ਪ੍ਰਭੂ ਨੂੰ (ਮਨ ਕਰਕੇ) ਪਛਾਣ। ਮੁਖਿ—ਮੂੰਹੋਂ। ਅਲਾਵਣੁ—ਬੋਲਣਾ, ਆਖਣਾ। ਥੋਥਰਾ—ਥੋਥਾ, ਨਿਰਾਰਥ। ਮੰਞਾਹੂ—ਵਿਚ ਹੀ। ਲਖਿ—ਜਾਣ, ਵੇਖ। ਸੁ ਪਿਰੀ—ਉਹ ਪਿਆਰਾ (ਪ੍ਰਭੂ)।੩।

***ਅਰਥ :***

'ਸਚੁ' (ਸਦਾ-ਥਿਰ ਨਾਮ-ਧਨ) ਸ਼ੋਭਨੀਕ ਆਖੀਦਾ ਹੈ, 'ਝੂਠ' (ਨਾਸਵੰਤ ਧਨ-ਪਦਾਰਥ) ਦੀ ਸ਼ੋਭਾ ਝੂਠੀ (ਛਿਨ-ਭੰਗਰ) ਹੀ ਹੁੰਦੀ ਹੈ।

ਨਾਨਕ! ਅਜਿਹੇ ਬੰਦੇ ਵਿਰਲੇ ਹੀ ਜਾਣੀਦੇ ਹਨ ਜਿਨ੍ਹਾਂ ਦੇ ਪਲੇ 'ਸਚੁ' (ਨਾਮ-ਧਨ) ਹੋਵੇ।੧।

ਮਿੱਤਰ (ਪ੍ਰਭੂ) ਦਾ ਮੁਖ (ਦੀਦਾਰ) ਅਨੂਪਮ (ਬੇਮਿਸਾਲ ਸੁੰਦਰ) ਹੈ; (ਦਿਲ ਕਰਦਾ ਹੈ) ਅਠੇ ਪਹਰ (ਦਰਸ਼ਨ) ਵੇਖੀ ਹੀ ਜਾਵਾਂ।

ਸੁਤੀ ਹੋਈ ਨੇ ਉਹ ਪ੍ਰਭੂ-ਪਤੀ (ਸੁਪਨੇ ਵਿਚ) ਡਿਠਾ। ਉਸ ਸੁਭਾਗੇ ਸੁਪਨੇ ਤੋਂ ਮੈਂ ਕੁਰਬਾਨ ਹਾਂ!।੨।

ਪਿਆਰੇ ਮਿੱਤਰ! ਸਚ ਨੂੰ (ਮਨ ਕਰਕੇ) ਪਛਾਣ। ਐਵੇਂ ਮੂੰਹ-ਜ਼ਬਾਨੀ (ਸਚ ਦੀ ਪਛਾਣ ਦੀ) ਦੰਦ-ਕਥਾ ਕਰੀ ਜਾਣਾ ਵਿਅਰਥ ਹੈ।

ਆਪਣੇ ਮਨ ਅੰਦਰ ਹੀ (ਉਸ ਪ੍ਰਭੂ-ਪ੍ਰੀਤਮ ਨੂੰ) ਪਛਾਣ, ਉਹ ਪਿਆਰਾ ਪ੍ਰੀਤਮ ਤੈਥੋਂ ਦੂਰ ਨਹੀਂ ਵਸਦਾ।੩।

**ਪਉੜੀ ॥**

**ਧਰਤਿ ਆਕਾਸੁ ਪਾਤਾਲੁ ਹੈ, ਚੰਦੁ ਸੂਰੁ ਬਿਨਾਸੀ ॥**
**ਬਾਦਿਸਾਹ ਸਾਹ ਉਮਰਾਵ ਖਾਨ, ਢਾਹਿ ਡੇਰੇ ਜਾਸੀ ॥**
**ਰੰਗ ਤੁੰਗ ਗਰੀਬ ਮਸਤ, ਸਭੁ ਲੋਕੁ ਸਿਧਾਸੀ ॥**
**ਕਾਜੀ ਸੇਖ ਮਸਾਇਕਾ, ਸਭੇ ਉਠਿ ਜਾਸੀ ॥**
**ਪੀਰ ਪੈਕਾਬਰ ਅਉਲੀਏ, ਕੋ ਥਿਰੁ ਨ ਰਹਾਸੀ ॥**
**ਰੋਜਾ ਬਾਗ ਨਿਵਾਜ ਕਤੇਬ, ਵਿਣੁ ਬੁਝੇ ਸਭ ਜਾਸੀ ॥**
**ਲਖ ਚਉਰਾਸੀਹ ਮੇਦਨੀ, ਸਭ ਆਵੈ ਜਾਸੀ ॥**
**ਨਿਹਚਲੁ ਸਚੁ ਖੁਦਾਇ ਏਕੁ, ਖੁਦਾਇ ਬੰਦਾ ਅਬਿਨਾਸੀ ॥੧੭॥**

***ਉਚਾਰਣ :***

ਬਾਦਿਸਾਹ, ਸਾਹ, ਸੇਖ, ਮਸਾਇਕਾ—'ਸ' ਉਚਾਰਣ ਵਿਸ਼ੇਸ਼ ਧੁਨੀ।

ਮਸਾਇਕਾ—ਅੰਤਲੇ ਸੁਰ ਦਾ ਉਚਾਰਣ ਨਾਸਕਤਾ ਬਿਨਾਂ।

ਪੈਕਾਬਰ—'ਕਾ' ਉਚਾਰਣ ਨਾਸਕੀ।

ਬਾਗ—'ਬਾ' ਉਚਾਰਣ ਨਾਸਕੀ।

***ਪਦ ਅਰਥ :***

ਧਰਤਿ—ਧਰਤੀ। ਆਕਾਸੁ—ਪੁਲਾੜ। ਪਾਤਾਲੁ—ਧਰਤੀ ਤੋਂ ਥਲੜਾ ਪਾਸਾ। ਸੂਰੁ—ਸੂਰਜ। ਬਿਨਾਸੀ—ਨਾਸ ਹੋ ਜਾਏਗਾ। ਉਮਰਾਵ—ਅਮੀਰ ਮਨੁੱਖ। ਖਾਨ—ਭਾਰੀ ਜਗੀਰਾਂ ਦੇ ਮਾਲਕ। ਢਾਹਿ—ਢਾਹ ਕੇ, ਵੈਰਾਨ ਕਰ ਕੇ। ਡੇਰੇ—ਟਿਕਾਣੇ, ਮਹਿਲ ਮਾੜੀਆਂ। ਰੰਗ—ਰੰਕ, ਕੰਗਾਲ, ਗ਼ਰੀਬ। ਤੁੰਗ—ਧਨੀ। ਮਸਤ—ਮਸਤ-ਮਲੰਗ, ਹੰਕਾਰੀ। ਸਭੁ ਲੋਕੁ—ਸਾਰਾ ਸੰਸਾਰ। ਸਿਧਾਸੀ—ਕੂਚ ਕਰ ਜਾਣਗੇ। ਮਸਾਇਕਾ—(ਫ਼ਾਰਸੀ) ਸ਼ੇਖ ਦਾ ਬਹੁ-ਵਚਨ। ਪੈਕਾਬਰ—ਪੈਗ਼ੰਬਰ, ਅਵਤਾਰ। ਅਉਲੀਏ—ਧਾਰਮਕ ਮੁਖੀਏ। ਥਿਰੁ—ਕਾਇਮ। ਕਤੇਬ—ਸਾਮੀ ਮਤ ਦੀਆਂ ਚਾਰ ਪੁਸਤਕਾਂ : ਕੁਰਾਨ, ਤੁਰੇਤ, ਅੰਜੀਲ, ਜੰਬੂਰ। ਮੇਦਨੀ—ਸ੍ਰਿਸ਼ਟੀ। ਨਿਹਚਲ—ਅਚੱਲ। ਖੁਦਾਇ ਬੰਦਾ—ਰੱਬ ਦਾ ਸੇਵਕ। ਅਬਿਨਾਸੀ—ਨਾਸ ਰਹਿਤ।

***ਅਰਥ :***

ਧਰਤੀ ਹੈ, ਪੁਲਾੜ ਹੈ, ਪਾਤਾਲ (ਧਰਤੀ ਦਾ ਥਲੜਾ ਪਾਸਾ) ਹੈ, ਚੰਦ ਹੈ, ਸੂਰਜ ਹੈ, (ਸਾਰੇ ਦੇ ਸਾਰੇ) ਨਾਸ ਹੋ ਜਾਣ ਵਾਲੇ ਹਨ।

ਵਡੇ ਵਡੇ ਰਾਜੇ, ਧਨੀ, ਅਮੀਰ, ਸਰਦਾਰ (ਅਉਧ ਪੂਰੀ ਹੋਣ ਤੇ) ਆਪੋ ਆਪਣੇ ਟਿਕਾਣੇ ਵੈਰਾਨ ਕਰ ਕੇ (ਸੰਸਾਰ ਤੋਂ) ਕੂਚ ਕਰ ਜਾਣ ਵਾਲੇ ਹਨ।

ਕੀ ਕੰਗਾਲ, ਕੀ ਧਨਾਢ, ਕੀ ਗਰੀਬ, ਕੀ ਮਸਤ-ਮਲੰਗ, ਸਗੋਂ ਸਾਰੇ ਦਾ ਸਾਰਾ ਜਹਾਨ ਇਥੋਂ ਚਲੇ ਜਾਣ ਵਾਲਾ ਹੈ।

ਕਾਜ਼ੀ, ਸ਼ੇਖ਼ (ਵਡੇ ਅਖਵਾਉਣ ਵਾਲੇ) ਅਤੇ ਅਗੋਂ ਉਹਨਾਂ ਦੇ ਵਡਕੇ ਸਾਰੇ ਹੀ ਏਥੋਂ ਉਠ ਜਾਣ ਵਾਲੇ ਹਨ।

ਪੀਰ, ਪੈਗ਼ੰਬਰ, ਧਰਮ ਦਾ ਰਾਹ ਦਿਖਾਉਣ ਵਾਲੇ (ਇਹਨਾਂ ਵਿਚੋਂ) ਕੋਈ ਵੀ ਸਦਾ ਲਈ ਏਥੇ ਇਸਥਿਤ (ਕਾਇਮ) ਰਹਿਣ ਵਾਲਾ ਨਹੀਂ।

ਰੋਜ਼ਾ ਰਖਣ ਵਾਲੇ, ਬਾਂਗ ਦੇਣ ਵਾਲੇ, ਨਮਾਜ਼ ਪੜ੍ਹਨ ਵਾਲੇ, ਕਤੇਬਾਂ

(ਧਾਰਮਕ ਪੁਸਤਕਾਂ) ਪੜ੍ਹਨ ਵਾਲੇ ਤੱਤ-ਸਾਰ ਸਮਝੇ ਬਗ਼ੈਰ ਸਾਰੇ (ਖ਼ਾਲੀ ਹੀ) ਚਲੇ ਜਾਣ ਵਾਲੇ ਹਨ।

ਪ੍ਰਿਥਵੀ ਦੇ ਚਉਰਾਸੀ ਲੱਖ ਜੂਨਾਂ ਦੇ ਜੀਵ-ਜੰਤੂ, ਭਾਵ, ਸਾਰੀ ਲੁਕਾਈ ਆਉਂਦੀ ਜਾਂਦੀ ਰਹਿੰਦੀ ਹੈ।

ਸੰਸਾਰ ਤੇ ਕਾਇਮ ਦਾਇਮ ਰਹਿਣ ਵਾਲਾ ਕੇਵਲ ਇਕੋ ਰੱਬ ਹੈ, ਜਾਂ ਫਿਰ ਰੱਬ ਦਾ ਸੇਵਕ ਨਾਸ-ਰਹਿਤ ਹੈ।੧੭।

**ਡਖਣੇ ਮ: ੫ ॥**

**ਡਿਠੀ ਹਭ ਢੰਢੋਲਿ, ਹਿਕਸੁ ਬਾਝੁ ਨ ਕੋਇ ॥**
**ਆਉ ਸਜਣ ਤੂ ਮੁਖਿ ਲਗੁ, ਮੇਰਾ ਤਨੁ ਮਨੁ ਠੰਢਾ ਹੋਇ ॥੧॥**

**ਮ: ੫ ॥ ਆਸਕੁ ਆਸਾ ਬਾਹਰਾ, ਮੂ ਮਨਿ ਵਡੀ ਆਸ ॥**
**ਆਸ ਨਿਰਾਸਾ ਹਿਕੁ ਤੂ,**
**ਹਉ ਬਲਿ ਬਲਿ ਬਲਿ ਗਈਆਸੁ ॥੨॥**

**ਮ: ੫ ॥ ਵਿਛੋੜਾ ਸੁਣੇ ਡੁਖੁ, ਵਿਣੁ ਡਿਠੇ ਮਰਿਓਦਿ ॥**
**ਬਾਝੁ ਪਿਆਰੇ ਆਪਣੇ, ਬਿਰਹੀ ਨਾ ਧੀਰੋਦਿ ॥੩॥**

***ਉਚਾਰਣ :***

ਹਉ—'ਉ' ਉਚਾਰਣ ਨਾਸਕੀ।
ਆਸਕੁ—'ਸ' ਉਚਾਰਣ ਵਿਸ਼ੇਸ਼ ਧੁਨੀ।

***ਪਦ ਅਰਥ :***

ਹਭ—ਸਾਰੀ ਲੋਕਾਈ। ਢੰਢੋਲਿ—ਪੇਖ ਪਰਖ ਕੇ। ਹਿਕਸੁ ਬਾਝੁ—ਇਕ ਤੋਂ ਬਗ਼ੈਰ। ਤੂ ਮੁਖਿ ਲਗਿ—ਤੂੰ ਮੇਰੇ ਮੂੰਹ ਲਗ, ਭਾਵ, ਮੈਨੂੰ ਦੀਦਾਰ ਬਖ਼ਸ਼।੧।

ਆਸਕੁ—ਪ੍ਰੀਤਵਾਨ, ਪ੍ਰੇਮੀ। ਆਸਾ ਬਾਹਰਾ—ਮਾਇਕੀ ਖ਼ਾਹਿਸ਼ ਤੋਂ ਮੁਕਤ। ਮੂ ਮਨਿ—ਮੇਰੇ ਮਨ ਵਿਚ। ਵਡੀ ਆਸ—ਬੜੀ ਤਕੜੀ (ਪ੍ਰਬਲ) ਆਸ ਹੈ। ਆਸ ਨਿਰਾਸਾ—ਮਾਇਕੀ ਆਸ ਤੋਂ ਖ਼ੁਦ ਨਿਰਲੇਪ ਤੇ ਹੋਰਨਾਂ ਨੂੰ ਨਿਰਲੇਪ ਕਰਨ ਵਾਲਾ (ਵਾਹਿਗੁਰੂ)। ਹਿਕੁ—ਇਕ। ਬਲਿ ਬਲਿ ਬਲਿ ਗਈਆਸੁ—ਬਾਰ ਬਾਰ ਸਦਕੇ ਜਾਂਦਾ ਹਾਂ।੨।

ਸੁਣੇ—(ਸੁਣਿ) ਸੁਣ ਕੇ। ਡੁਖੁ—ਦੁਖ। ਮਰਿਓਦਿ—(ਮਾਨੋ) ਮਰ ਜਾਂਦਾ ਹੈ। ਬਿਰਹੀ—ਪ੍ਰੀਤਵਾਨ, ਪ੍ਰੇਮੀ। ਨਾ ਧੀਰੇਂਦਿ—ਧੀਰਜ ਨਹੀਂ ਧਾਰ ਸਕਦਾ।੩।

***ਅਰਥ :***

ਮੈਂ ਸਾਰੀ ਲੋਕਾਈ ਨਿਰਖ ਪਰਖ ਕੇ ਵੇਖ ਲਈ ਹੈ, ਇਕ (ਵਾਹਿਗੁਰੂ) ਤੋਂ ਬਿਨਾਂ (ਮੇਰਾ ਹਿਤੂ) ਕੋਈ ਨਹੀਂ ਹੈ।

ਪ੍ਰਭੂ-ਸਜਣ ! ਤੂੰ ਆ ਅਤੇ ਮੈਨੂੰ ਦੀਦਾਰ ਬਖ਼ਸ਼, ਤਾਂ ਜੁ ਮੇਰਾ (ਵਿਛੋੜੇ ਦੀ ਅੱਗ ਵਿਚ ਤਪਤ) ਮਨ ਤਨ ਠੰਢਾ ਠਾਰ ਹੋ ਜਾਵੇ।੧।

ਪੂਰਨ-ਪ੍ਰੀਤਵਾਨ ਤਾਂ ਸਦਾ ਆਸਾ (ਮਾਇਕੀ ਖ਼ਾਹਿਸ਼) ਤੋਂ ਮੁਕਤ ਹੋਣਾ ਚਾਹੀਦਾ ਹੈ, ਪਰ ਮੇਰੇ ਮਨ ਵਿਚ ਤਾਂ ਘਣੀ ਆਸ(ਮਾਇਕ ਖ਼ਾਹਿਸ਼) ਹੈ।

ਹੇ ਪ੍ਰਭੂ ! ਆਸਾ ਤੋਂ ਖ਼ੁਦ ਨਿਰਲੇਪ ਅਤੇ ਹੋਰਨਾਂ ਨੂੰ ਨਿਰਲੇਪ ਕਰਨ ਵਾਲਾ ਕੇਵਲ ਤੂੰ ਹੀ ਹੈਂ, ਮੈਂ ਤੈਥੋਂ ਬਾਰ ਬਾਰ ਸਦਕੇ ਜਾਂਦਾ ਹਾਂ।੨।

(ਪ੍ਰਭੂ ਦੇ ਦਰਸ-ਮਿਲਾਪ ਦਾ ਸੱਚਾ ਪ੍ਰੀਤਵਾਨ) ਵਿਛੋੜਾ ਸੁਣ ਕੇ ਦੁਖ ਮੰਨਦਾ ਹੈ, ਪ੍ਰਭੂ ਦੇ ਦੀਦਾਰ ਬਿਨਾਂ ਉਸ ਦਾ ਮਾਨੋ ਮਰਨ ਹੋ ਜਾਂਦਾ ਹੈ।

ਇਕ ਬਿਰਹੀ (ਸੱਚਾ ਪ੍ਰੀਤਵਾਨ) ਆਪਣੇ ਪਿਆਰੇ ਪ੍ਰੀਤਮ (ਦੇ ਦਰਸ-ਮਿਲਾਪ) ਬਗ਼ੈਰ ਕਦਾਚਿਤ ਧੀਰਜ ਨਹੀਂ ਧਰਦਾ। ੩।

### ਪਉੜੀ ॥

**ਤਟ ਤੀਰਥ ਦੇਵ ਦੇਵਾਲਿਆ, ਕੇਦਾਰੁ ਮਥੁਰਾ ਕਾਸੀ ॥**
**ਕੋਟਿ ਤੇਤੀਸਾ ਦੇਵਤੇ, ਸਣੁ ਇੰਦ੍ਰੈ ਜਾਸੀ ॥**
**ਸਿਮ੍ਰਿਤਿ ਸਾਸਤ੍ਰ ਬੇਦ ਚਾਰਿ, ਖਟੁ ਦਰਸ ਸਮਾਸੀ ॥**
**ਪੋਥੀ ਪੰਡਿਤ ਗੀਤ, ਕਵਿਤ ਕਵਤੇ ਭੀ ਜਾਸੀ ॥**
**ਜਤੀ ਸਤੀ ਸੰਨਿਆਸੀਆ, ਸਭਿ ਕਾਲੈ ਵਾਸੀ ॥**
**ਮੁਨਿ ਜੋਗੀ ਦਿਗੰਬਰਾ, ਜਮੈ ਸਣੁ ਜਾਸੀ ॥**
**ਜੋ ਦੀਸੈ ਸੋ ਵਿਣਸਣਾ, ਸਭ ਬਿਨਸਿ ਬਿਨਾਸੀ ॥**
**ਥਿਰੁ ਪਾਰਬ੍ਰਹਮੁ ਪਰਮੇਸਰੋ, ਸੇਵਕੁ ਥਿਰੁ ਹੋਸੀ ॥੧੯॥**

***ਉਚਾਰਣ :***

ਕਾਸੀ—'ਕਾ' ਉਚਾਰਣ ਨਾਸਕੀ; 'ਸ' ਉਚਾਰਣ ਵਿਸ਼ੇਸ਼ ਧੁਨੀ।

ਦੇਵਾਲਿਆ, ਦਿਗੰਬਰਾ, ਸੰਨਿਆਸੀਆ—ਅੰਤਲੇ ਸੁਰਾਂ ਦਾ ਉਚਾਰਣ ਨਾਸਕਤਾ ਬਿਨਾਂ।

ਇਦ੍ਰੈ—'ਇ' ਉਚਾਰਣ ਨਾਸਕੀ।

***ਪਦ ਅਰਥ :***

ਤਟ—ਨਦੀ ਦਾ ਕੰਢਾ। ਦੇਵ ਦੇਵਾਲਿਆ—ਦੇਵਤਿਆਂ ਦੇ ਮੰਦਰ। ਕੇਦਾਰ, ਮਥੁਰਾ, ਕਾਸੀ—ਹਿੰਦੂਆਂ ਦੇ ਤੀਰਥ-ਸਥਾਨ। ਕੋਟਿ ਤੇਤੀਸਾ—ਤੇਤੀ ਕਰੋੜ। ਸਣੁ—ਸਮੇਤ। ਖਟੁ ਦਰਸ—ਛੇ ਭੇਖਾਂ ਦੇ ਸਾਧੂ। ਸਮਾਸੀ—ਮਿਟ ਜਾਣਗੇ। ਕਵਤੇ—ਕਵਿਤਾ ਆਖਣ ਵਾਲੇ ਕਵੀ ਜਨ। ਜਤੀ—ਬ੍ਰਹਮਚਾਰੀ। ਸਤੀ—ਸਤ (ਸੁੱਚੇ ਆਚਰਣ) ਦੇ ਧਾਰਨੀ, ਦਾਨੀ। ਕਾਲੈ ਵਾਸੀ—ਕਾਲ-ਵਾਸ ਹੋ ਜਾਣ ਵਾਲੇ ਹਨ। ਮੁਨਿ—ਮੁਨੀ, ਪਵਿੱਤਰ ਆਤਮਾ ਵਾਲੇ। ਦਿਗੰਬਰਾ—(ਦਿਗ+ਅੰਬਰਾ) ਦਿਸ਼ਾਵਾਂ ਨੂੰ ਬਸਤਰ ਜਾਣਨ ਵਾਲੇ, ਨਾਂਗੇ। ਜਮੈ ਸਣੁ—ਜਮ ਸਮੇਤ। ਵਿਣਸਣਾ—ਨਾਸ ਹੋਣ ਵਾਲਾ। ਥਿਰੁ—ਕਾਇਮ।

***ਅਰਥ :***

(ਪਵਿੱਤਰ ਮੰਨੀਆਂ ਜਾਂਦੀਆਂ) ਨਦੀਆਂ-ਕੰਢੇ ਉਸਰੇ ਤੀਰਥ, (ਵਖ ਵਖ ਦੇਵਤਿਆਂ ਦੇ ਨਾਮ ਤੇ ਉਸਰੇ) ਦੇਵ-ਮੰਦਰ, ਕੇਦਾਰ, ਮਥਰਾ, ਕਾਂਸ਼ੀ (ਆਦਿਕ ਤੀਰਥ-ਸਥਾਨ);

ਤੇਤੀ ਕਰੋੜ ਦੇਵਤੇ, (ਦੇਵਤਿਆਂ ਦੇ ਰਾਜੇ) ਇੰਦਰ ਸਮੇਤ ਏਥੋਂ ਕੂਚ ਕਰ ਜਾਣ ਵਾਲੇ ਹਨ।

ਸਿੰਮ੍ਰਤੀਆਂ, ਸ਼ਾਸਤਰ, ਚਾਰੇ ਵੇਦ ਪੜ੍ਹਨ ਵਾਲੇ, ਛੇ ਭੇਖਾਂ ਦੇ ਸਾਧੂ, (ਸਾਰੇ ਦੇ ਸਾਰੇ ਹੀ ਸਫ਼ਾ-ਹਸਤੀ ਤੋਂ) ਮਿਟ ਜਾਣ ਵਾਲੇ ਹਨ।

ਧਰਮ-ਪੁਸਤਕਾਂ ਪੜ੍ਹਨ ਵਾਲੇ ਵਿਦਵਾਨ, ਗੀਤਕਾਰ, ਕਵਿਤਾ ਰਚਣ ਵਾਲੇ ਕਵੀ-ਜਨ ਆਦਿ ਵੀ ਏਥੋਂ ਕੂਚ ਕਰ ਜਾਣ ਵਾਲੇ ਹਨ।

ਬ੍ਰਹਮਚਾਰੀ, ਦਾਨੀ, ਸੰਨਿਆਸੀ ਆਦਿ ਸਾਰੇ ਕਾਲ-ਵਾਸ ਹੋ ਜਾਣ ਵਾਲੇ ਹਨ।

ਰਿਸ਼ੀ ਮੁਨੀ, ਜੋਗੀ, ਨਾਂਗੇ (ਸਾਧੂ) ਇਹ ਸਾਰੇ (ਸਾਰਿਆਂ ਦੀ ਜਾਨ ਕਢਣ ਵਾਲੇ) ਜਮਕਾਲ ਸਮੇਤ ਏਥੋਂ ਚਲੇ ਜਾਣ ਵਾਲੇ ਹਨ।

(ਇਥੋਂ ਤਕ ਕਿ) ਜੋ ਕੁਝ ਵੀ ਸੰਸਾਰ ਤੇ ਨਜ਼ਰ ਆਉਂਦਾ ਹੈ, ਸਾਰਾ ਨਾਸਵੰਤ ਹੈ ਤੇ ਢਹਿ-ਢੇਰੀ ਹੋ ਜਾਣ ਵਾਲਾ ਹੈ।

ਸਦੀਵੀ ਕਾਇਮ ਰਹਿਣ ਵਾਲਾ ਕੇਵਲ ਪਾਰਬ੍ਰਹਮ ਪਰਮੇਸ਼ਰ ਹੈ ਜਾਂ ਫਿਰ (ਪਰਮੇਸ਼ਰ ਦਾ) ਦਾਸ ਸਦੀਵੀ ਰਹਿਣ ਵਾਲਾ ਹੈ।੧੯।

**ਸਲੋਕ ਡਖਣੇ ਮ: ੫ ॥**

**ਸੈ ਨੰਗੇ ਨਹ ਨੰਗ, ਭੁਖੇ ਲਖ ਨ ਭੁਖਿਆ ॥**
**ਡੁਖੇ ਕੋੜਿ ਨ ਡੁਖ, ਨਾਨਕ ਪਿਰੀ ਪਿਖੰਦੋ ਸੁਭ ਦਿਸਟਿ ॥੧॥**

**ਮ: ੫ ॥ ਸੁਖ ਸਮੂਹਾ ਭੋਗ, ਭੂਮਿ ਸਬਾਈ ਕੋ ਧਣੀ ॥**
**ਨਾਨਕ ਹਭੋ ਰੋਗੁ, ਮਿਰਤਕ ਨਾਮ ਵਿਹੂਣਿਆ ॥੨॥**

**ਮ: ੫ ॥ ਹਿਕਸ ਕੂੰ ਤੂ ਆਹਿ, ਪਛਾਣੂ ਭੀ ਹਿਕੁ ਕਰਿ ॥**
**ਨਾਨਕ ਆਸੜੀ ਨਿਬਾਹਿ, ਮਾਨੁਖ ਪਰਥਾਈ ਲਜੀਵਦੋ ॥੩॥**

***ਉਚਾਰਣ :***

ਨਹ—'ਹ' ਦਾ ਉਚਾਰਣ 'ਹਿ' ਵਾਂਗ ਨਹੀਂ।
ਭੁਖਿਆ, ਸਮੂਹਾ, ਵਿਹੂਣਿਆ—ਅੰਤਲੇ ਸੁਰਾਂ ਦਾ ਉਚਾਰਣ ਨਾਸਕਤਾ ਬਿਨਾਂ।
ਦਿਸਟਿ—'ਸ' ਉਚਾਰਣ ਵਿਸ਼ੇਸ਼ ਧੁਨੀ।
ਲਜੀਵਦੋ—'ਜੀ' ਉਚਾਰਣ ਨਾਸਕੀ।

***ਪਦ ਅਰਥ :***

ਸੈ—('ਸਉ' ਦਾ ਬਹੁ-ਵਚਨ) ਸੈਂਕੜੇ। ਸੈ ਨੰਗੇ—ਸੈਂਕੜੇ ਪ੍ਰਕਾਰ ਦੀ ਨੰਗ ਹੁੰਦਿਆਂ। ਭੁਖੇ ਲਖ—ਲੱਖਾਂ ਪ੍ਰਕਾਰ ਦੀ ਭੁਖ ਹੁੰਦਿਆਂ। ਡੁਖੇ ਕੋੜਿ—ਕਰੋੜਾਂ ਪ੍ਰਕਾਰ ਦੇ ਦੁਖਾਂ ਦੇ ਬਾਵਜੂਦ। ਪਿਖੰਦੋ—ਵੇਖਦਾ ਹੈ। ਸੁਭ ਦਿਸਟਿ—ਨਿਹਾਲਣੀ ਨਦਰ ਨਾਲ।੧।

ਸੁਖ ਸਮੂਹਾ ਭੋਗ—ਸਮੂਲਚੇ ਸੁਖ ਅਤੇ ਭੋਗ ਬਿਲਾਸ। ਭੂਮਿ ਸਬਾਈ—ਸਾਰੀ ਪ੍ਰਿਥਵੀ। ਧਣੀ—ਮਾਲਕ। ਹਭੋ—ਸਾਰਾ ਕੁਝ। ਮਿਰਤਕ—ਮੁਰਦੇ ਸਮਾਨ।

ਵਿਹੂਣਿਆ—ਬਿਨਾਂ ।੨।

ਹਿਕਸ ਕੂੰ—ਕੇਵਲ ਇਕ (ਵਾਹਿਗੁਰੂ) ਨੂੰ। ਆਹਿ—(ਕ੍ਰਿਆ) ਚਾਹ, ਤਾਂਘ ਕਰ। ਪਛਾਣੂ—ਮਿੱਤਰ। ਆਸੜੀ ਨਿਬਾਹਿ—ਆਸਾ ਪੂਰੀ ਕਰਦਾ ਹੈ। ਮਾਣੁਖ ਪਰਥਾਈ—ਮਨੁੱਖ ਦਾ ਆਸਰਾ ਤਕ ਕੇ। ਪਰਥਾਈ—ਪ੍ਰਸਥਾਨ, ਭਾਵ, ਆਸਰਾ ਲੈਣਾ। ਲਜੀਵਦੋ—ਲਜਿਆਵਾਨ (ਸ਼ਰਮਸਾਰ) ਹੁੰਦਾ ਹੈ ।੩।

***ਅਰਥ :***

ਨਾਨਕ ! ਪਿਆਰਾ ਪ੍ਰੀਤਮ ਜਿਸ ਵਲ ਇਕ ਵਾਰੀ ਮਿਹਰ ਭਰੀ ਦ੍ਰਿਸ਼ਟੀ ਨਾਲ ਦੇਖੇ, ਫਿਰ ਉਹ ਸੌ ਤਰ੍ਹਾਂ ਦੀ ਨੰਗ ਨੂੰ ਨੰਗ ਨਹੀਂ ਸਮਝਦਾ, ਲੱਖ ਕਿਸਮ ਦੀ ਭੁਖ ਨੂੰ ਭੁਖ ਕਰਕੇ ਨਹੀਂ ਜਾਣਦਾ ਅਤੇ ਕਰੋੜਾਂ ਕਿਸਮਾਂ ਦੇ ਦੁਖਾਂ ਨੂੰ ਦੁਖ ਕਰਕੇ ਨਹੀਂ ਮੰਨਦਾ ।੧।

ਸਾਰੇ (ਮਾਇਕੀ) ਸੁਖ ਅਤੇ ਭੋਗ-ਬਿਲਾਸ ਮੌਜੂਦ ਹੋਣ, ਕੋਈ (ਮਨੁੱਖ) ਸਾਰੀ ਪ੍ਰਿਥਵੀ ਦਾ ਮਾਲਕ ਹੋਵੇ;

ਨਾਨਕ ! ਨਾਮ ਤੋਂ ਬਗ਼ੈਰ ਇਹ ਸਾਰਾ ਕੁਝ (ਐਸ਼ਵਰਜ ਦਾ ਸਾਜ਼-ਸਾਮਾਨ) ਜਾਣੋ, ਇਕ ਤਰ੍ਹਾਂ ਨਾਲ ਰੋਗ ਹੈ, (ਇਥੇ ਹੀ ਬਸ ਨਹੀਂ) ਨਾਮ-ਹੀਣਾ (ਮਨੁੱਖ) ਮੁਰਦੇ ਸਮਾਨ ਹੈ ।੨।

(ਹੇ ਜੀਵ !) ਤੂੰ ਕੇਵਲ ਇਕ (ਪ੍ਰਭੂ) ਦੀ ਤਾਂਘ ਕਰ, ਮਿੱਤਰ ਵੀ ਕੇਵਲ ਇਕ (ਪ੍ਰਭੂ) ਨੂੰ ਹੀ ਬਣਾ।

ਨਾਨਕ ! (ਉਹ ਸਰਬ ਕਲਾ ਸਮਰੱਥ ਪ੍ਰਭੂ ਸਭਨਾਂ ਦੀ) ਆਸਾ ਪੂਰੀ ਕਰਦਾ ਹੈ, ਫਿਰ ਕੋਈ ਮਨੁੱਖ (ਆਪਣੇ ਉਸ ਸਰਬ ਸ਼ਕਤੀਮਾਨ ਮਿੱਤਰ-ਪ੍ਰਭੂ ਦਾ ਦਰ ਛਡ ਕੇ) ਕਿਸੇ ਹੋਰ ਮਨੁੱਖ ਦਾ ਆਸਰਾ ਲੈਂਦਾ ਸ਼ਰਮਸਾਰ ਹੁੰਦਾ ਹੈ ।੩।

## ਪਉੜੀ ॥

**ਨਿਹਚਲੁ ਏਕੁ ਨਰਾਇਣੋ, ਹਰਿ ਅਗਮ ਅਗਾਧਾ ॥**
**ਨਿਹਚਲੁ ਨਾਮੁ ਨਿਧਾਨੁ ਹੈ, ਜਿਸੁ ਸਿਮਰਤ ਹਰਿ ਲਾਧਾ ॥**
**ਨਿਹਚਲੁ ਕੀਰਤਨੁ ਗੁਣ ਗੋਬਿੰਦ, ਗੁਰਮੁਖਿ ਗਾਵਾਧਾ ॥**
**ਸਚੁ ਧਰਮੁ ਤਪੁ ਨਿਹਚਲੋ, ਦਿਨੁ ਰੈਨਿ ਅਰਾਧਾ ॥**

**ਦਇਆ ਧਰਮੁ ਤਪੁ ਨਿਹਚਲੋ, ਜਿਸੁ ਕਰਮਿ ਲਿਖਾਧਾ ॥**
**ਨਿਹਚਲੁ ਮਸਤਕਿ ਲੇਖੁ ਲਿਖਿਆ, ਸੋ ਟਲੈ ਨ ਟਲਾਧਾ ॥**
**ਨਿਹਚਲ ਸੰਗਤਿ ਸਾਧ ਜਨ, ਬਚਨ ਨਿਹਚਲੁ ਗੁਰ ਸਾਧਾ ॥**
**ਜਿਨ ਕਉ ਪੂਰਬਿ ਲਿਖਿਆ, ਤਿਨ ਸਦਾ ਸਦਾ ਆਰਾਧਾ ॥੧੯॥**

***ਪਦ ਅਰਥ :***

ਨਿਹਚਲੁ—ਅਚੱਲ, ਸਦਾ ਸਥਿਰ। ਅਗਮ—ਅਪਹੁੰਚ। ਅਗਾਧਾ—ਅਥਾਹ, ਡੂੰਘਾ। ਨਿਧਾਨੁ—ਖ਼ਜ਼ਾਨਾ। ਹਰਿ ਲਾਧਾ—ਹਰੀ ਲਭਿਆ ਜਾ ਸਕਦਾ ਹੈ। ਗੁਰਮੁਖਿ—ਗੁਰੂ ਦੁਆਰਾ। ਗਾਵਾਧਾ—ਗਾਇਆ ਜਾ ਸਕਦਾ ਹੈ। ਜਿਸੁ ਕਰਮਿ ਲਿਖਾਧਾ—ਜਿਸ ਦੇ ਭਾਗ ਵਿਚ ਲਿਖਿਆ ਹੋਵੇ। ਮਸਤਕਿ—ਮੱਥੇ ਉਤੇ। ਟਲੈ ਨ ਟਲਾਧਾ—ਕਿਸੇ ਦਾ ਟਾਲਿਆ ਹੋਇਆ ਟਲਦਾ (ਮਿਟਾਇਆ ਮਿਟਦਾ) ਨਹੀਂ। ਗੁਰ ਸਾਧਾ—ਸਾਧੂ-ਸਤਿਗੁਰੂ ਦੇ। ਪੂਰਬਿ ਲਿਖਿਆ—ਪੂਰਬ ਕਾਲ ਵਿਚ ਧੁਰ ਦਰਗਾਹੋਂ ਲਿਖਿਆ ਗਿਆ।

***ਅਰਥ :***

ਕੇਵਲ ਇਕ ਨਰਾਇਣ ਹੀ ਸਦਾ-ਥਿਰ ਹੈ। ਉਹ ਹਰੀ ਇੰਦਰੀਆਂ ਦੀ ਪਹੁੰਚ ਤੋਂ ਪਰੇ ਤੇ ਅਥਾਹ ਹੈ।

(ਸਦਾ-ਥਿਰ ਨਾਮੀ-ਵਾਹਿਗੁਰੂ ਦਾ) ਨਾਮ-ਖ਼ਜ਼ਾਨਾ ਵੀ ਸਦਾ ਥਿਰ ਹੈ, ਜਿਸ ਨੂੰ (ਸ਼ਰਧਾ ਭਾਵਨੀ ਨਾਲ) ਸਿਮਰਨ ਕਰਦਿਆਂ ਹਰਿ-ਪ੍ਰਭੂ ਲਭਿਆ ਜਾ ਸਕਦਾ ਹੈ।

ਗੋਬਿੰਦ-ਪ੍ਰਭੂ ਦੇ ਗੁਣਾਂ ਦਾ ਕੀਰਤਨ (ਸਿਫ਼ਤਿ-ਸਾਲਾਹ) ਵੀ ਸਦਾ ਥਿਰ ਹੈ, ਜੋ ਗੁਰੂ ਦੀ ਸ਼ਰਨ ਪਇਆਂ ਹੀ ਗਾਇਆ ਜਾ ਸਕਦਾ ਹੈ (ਗਾਉਣਾ ਹਿੱਸੇ ਆਉਂਦਾ ਹੈ)।

'ਸਚੁ-ਨਾਮ' ਹੀ (ਕਲਜੁਗ ਦਾ) ਧਰਮ ਹੈ, ਤਪਾਂ ਸਿਰ ਤਪ ਹੈ, ਤੇ ਸਦਾ ਥਿਰ ਹੈ। ਇਹ ਰਾਤ ਦਿਨੇ ਅਰਾਧਣ ਜੋਗ ਹੈ।

ਜੀਅ-ਦਇਆ ਵੀ (ਜੀਵ ਦਾ) ਧਰਮ ਹੈ, ਤਪਾਂ ਸਿਰ ਤਪ ਹੈ ਤੇ ਸਦਾ ਥਿਰ ਰਹਿਣ ਵਾਲਾ ਦੈਵੀ ਗੁਣ ਹੈ। (ਮਿਲਦਾ ਉਸ ਨੂੰ ਹੈ) ਜਿਸ ਦੇ (ਧੁਰ ਦਰਗਾਹੋਂ) ਭਾਗ ਵਿਚ ਲਿਖਿਆ ਹੋਵੇ।

ਹਰੇਕ ਦੇ ਮੱਥੇ ਉਤੇ ਧੁਰ ਦਰਗਾਹੋਂ ਲਿਖਿਆ ਲੇਖ ਅਟੱਲ ਹੈ, ਇਹ ਕਿਸੇ

ਦਾ ਟਾਲਿਆ ਟਲਦਾ ਨਹੀਂ।

ਸਾਧ-ਸਤਿਗੁਰੂ ਦੀ ਸੰਗਤਿ ਅਚੱਲ ਹੈ, ਅਤੇ ਗੁਰੂ-ਸਾਧ ਦੇ ਬਚਨ (ਉਪਦੇਸ਼) ਵੀ ਅਟੱਲ ਹਨ।

ਜਿਨ੍ਹਾਂ ਦੇ ਮੱਥੇ ਉਤੇ ਧੁਰ ਦਰਗਾਹੋਂ ਸ਼ੁਭ ਲੇਖ ਲਿਖਿਆ ਹੁੰਦਾ ਹੈ, ਉਹਨਾਂ ਵਲੋਂ ਵਾਹਿਗੁਰੂ ਨੂੰ ਸਦੀਵ ਕਾਲ ਅਰਾਧਿਆ ਜਾਂਦਾ ਹੈ।੧੯।

**ਸਲੋਕ ਡਖਣੇ ਮ: ੫ ॥**

**ਜੋ ਡੁਬੰਦੋ ਆਪਿ, ਸੋ ਤਰਾਏ ਕਿਨ੍ ਖੇ ॥**
**ਤਾਰੇਦੜੋ ਭੀ ਤਾਰਿ, ਨਾਨਕ ਪਿਰ ਸਿਉ ਰਤਿਆ ॥੧॥**

**ਮ: ੫ ॥ ਜਿਥੈ ਕੋਇ ਕਥੰਨਿ, ਨਾਉ ਸੁਣੰਦੋ ਮਾ ਪਿਰੀ ॥**
**ਮੂੰ ਜੁਲਾਊਂ ਤਥਿ, ਨਾਨਕ ਪਿਰੀ ਪਸੰਦੋ ਹਰਿਓ ਥੀਓਸਿ ॥੨॥**

**ਮ: ੫ ॥ ਮੇਰੀ ਮੇਰੀ ਕਿਆ ਕਰਹਿ, ਪੁਤ੍ਰ ਕਲਤ੍ਰ ਸਨੇਹ ॥**
**ਨਾਨਕ ਨਾਮ ਵਿਹੂਣੀਆ, ਨਿਮੁਣੀਆਦੀ ਦੇਹ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ:
ਸਿਉ—ਨਾਲ। ਨਾਉ—ਨਾਮ। ਕਰਹਿ—ਤੂੰ ਕਰਦਾ ਹੈਂ।
ਤਾਰੇਦੜੋ—'ਰੇ' ਉਚਾਰਣ ਨਾਸਕੀ।
ਰਤਿਆ, ਵਿਹੂਣੀਆ—ਅੰਤਲੇ ਸੂਰਾਂ ਦਾ ਉਚਾਰਣ ਨਾਸਕਤਾ ਰਹਿਤ।

***ਪਦ ਅਰਥ :***

ਡੁਬੰਦੋ ਆਪਿ—ਆਪ ਡੁਬਦਾ ਜਾ ਰਿਹਾ ਹੋਵੇ। ਤਰਾਏ ਕਿਨ ਖੇ—ਉਹ ਕਿਸੇ ਹੋਰ ਨੂੰ ਕਿਵੇਂ ਤਾਰ ਸਕਦਾ ਹੈ? ਤਾਰੇਦੜੋ—ਤਰਨ ਵਾਲਾ, ਤਾਰੂ। ਭੀ ਤਾਰਿ—(ਹੋਰਨਾਂ ਨੂੰ) ਵੀ ਤਾਰ ਦਿੰਦਾ ਹੈ। ਰਤਿਆ—ਰਤਾ ਹੋਇਆ ਹੈ।੧।

ਕਥੰਨਿ—ਕਥਨ ਕਰਦੇ ਹਨ। ਨਾਉ ਸੁਣੰਦੋ—ਨਾਮ ਸੁਣੀਂਦਾ ਹੋਵੇ। ਮੂੰ—ਮੈਂ। ਜੁਲਾਊਂ—ਜਾਵਾਂ। ਤਥਿ—ਤਿਥੇ। ਪਿਰੀ ਪਸੰਦੋ—ਪਿਆਰੇ ਨੂੰ ਵੇਖਣ ਵਾਲਾ। ਹਰਿਓ ਥੀਓਸਿ—ਹਰਿਆ ਹੋ ਗਿਆ।੨।

ਕਰਹਿ—ਤੂੰ ਕਰਦਾ ਹੈਂ। ਕਲਤ੍ਰ—ਵਹੁਟੀ। ਸਨੇਹ—ਪਿਆਰ। ਵਿਹੂਣੀਆ—ਸਖਣੀ। ਨਿਮੁਣੀਆਦੀ—ਜਿਸ ਦੀ ਮਿਆਦ (ਨਿਸਚਿਤ ਸਮਾਂ) ਕੋਈ ਨਹੀਂ, ਖਿਨ ਭੰਗਰ।੩।

***ਅਰਥ :***

ਜਿਹੜਾ ਮਨੁੱਖ ਆਪ (ਸੰਸਾਰ-ਸਾਗਰ ਵਿਚ) ਡੁਬਦਾ ਜਾ ਰਿਹਾ ਹੋਵੇ, ਉਹ ਕਿਸੇ ਹੋਰ ਨੂੰ ਕਿਵੇਂ ਤਾਰ ਸਕਦਾ ਹੈ?

ਨਾਨਕ! ਪ੍ਰਭੂ ਦੇ ਪਿਆਰ-ਰੰਗ ਵਿਚ ਰੰਗਿਆ ਹੋਇਆ, ਮਨੁੱਖ (ਸੰਸਾਰ-ਸਾਗਰ ਤੋਂ) ਆਪ ਵੀ ਤਰਨਹਾਰ ਹੋ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਤਾਰ ਲੈਂਦਾ ਹੈ।੧।

ਜਿਥੇ ਕੋਈ (ਗੁਰਮੁਖ ਪਰਮੇਸ਼ਰ ਦੇ ਗੁਣਾਂ ਦਾ) ਕਥਨ ਕਰਦੇ ਹੋਣ ਅਤੇ ਜਿਥੇ ਮੇਰੇ ਪਿਆਰੇ ਪ੍ਰੀਤਮ ਦਾ ਨਾਮ ਸੁਣੀਂਦਾ ਹੋਵੇ;

(ਮੇਰੀ ਰੀਝ ਹੈ) ਮੈਂ ਵੀ ਉਥੇ ਜਾਵਾਂ (ਅਤੇ ਪਿਆਰੇ ਪ੍ਰੀਤਮ ਦਾ ਦੀਦਾਰ ਪਰਸਾਂ ਅਤੇ ਗੁਣਾਨਵਾਦ ਕਰਾਂ)। ਪਿਆਰੇ ਦਾ ਦੀਦਾਰ ਕਰਨ ਵਾਲਾ ਹਰ ਕੋਈ ਹਰਾ ਭਰਾ ਹੋ ਜਾਂਦਾ ਹੈ।੨।

'ਨਾਨਕ' (ਮੁਹਰ ਛਾਪ ਲਾ ਕੇ ਉਪਦੇਸ਼ ਕਰਦੇ ਹਨ) ਹੇ ਜੀਵ! (ਪ੍ਰਭੂ ਦੀ ਦਾਤਿ) ਪੁੱਤਰ, ਵਹੁਟੀ ਆਦਿ ਦੇ ਮੋਹ ਵਿਚ ਗਲਤਾਨ ਹੋ ਕੇ ਤੂੰ 'ਮੇਰੀ' 'ਮੇਰੀ' ਕੀ ਕਰੀ ਫਿਰਦਾ ਹੈਂ? ਤੇਰੀ ਆਪਣੀ ਪੰਜ-ਭੂਤਕ ਦੇਹੀ ਦੀ ਕੋਈ ਮੁਨਿਆਦ (ਸਮੇਂ ਦੀ ਨਿਸਚਿਤ ਸੀਮਾ) ਨਹੀਂ। ਫਿਰ ਨਾਮ ਤੋਂ ਸਖਣੀ (ਇਸ ਛਿਨ-ਭੰਗਰ ਦੇਹ ਨਾਲ ਮੋਹ ਕਾਹਦਾ?)।੩।

## ਪਉੜੀ ॥

**ਨੈਨੀ ਦੇਖਉ ਗੁਰ ਦਰਸਨੋ, ਗੁਰ ਚਰਣੀ ਮਥਾ ॥**
**ਪੈਰੀ ਮਾਰਗਿ ਗੁਰ ਚਲਦਾ, ਪਖਾ ਫੇਰੀ ਹਥਾ ॥**
**ਅਕਾਲ ਮੂਰਤਿ ਰਿਦੈ ਧਿਆਇਦਾ, ਦਿਨੁ ਰੈਨਿ ਜਪੰਥਾ ॥**
**ਮੈ ਛਡਿਆ ਸਗਲ ਅਪਾਇਣੋ, ਭਰਵਾਸੈ ਗੁਰ ਸਮਰਥਾ ॥**
**ਗੁਰਿ ਬਖਸਿਆ ਨਾਮੁ ਨਿਧਾਨੁ, ਸਭੋ ਦੁਖੁ ਲਥਾ ॥**
**ਭੋਗਹੁ ਭੁੰਚਹੁ ਭਾਈਹੋ, ਪਲੈ ਨਾਮੁ ਅਗਥਾ ॥**

**ਨਾਮੁ ਦਾਨੁ ਇਸਨਾਨੁ ਦਿੜੁ, ਸਦਾ ਕਰਹੁ ਗੁਰ ਕਥਾ ॥**
**ਸਹਜੁ ਭਇਆ ਪ੍ਰਭੁ ਪਾਇਆ, ਜਮ ਕਾ ਭਉ ਲਥਾ ॥੨੦॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਨੈਨੀ—ਅੱਖਾਂ ਨਾਲ। ਦੇਖਉ—ਮੈਂ ਵੇਖਦਾ ਹਾਂ। ਚਰਣੀ—ਚਰਨਾਂ ਉਤੇ। ਪੈਰੀ—ਪੈਰਾਂ ਨਾਲ। ਫੇਰੀ—ਮੈਂ ਝਲਦਾ ਹਾਂ।

ਹਥਾ—ਅੰਤਲੇ ਸੁਰ ਦਾ ਉਚਾਰਣ ਨਾਸਕਤਾ ਬਿਨਾਂ (ਤੁਕਾਂਤ ਕਰਕੇ)।

ਧਿਆਇਦਾ—'ਇ' ਉਚਾਰਣ ਨਾਸਕੀ।

ਬਖਸਿਆ—'ਸ' ਉਚਾਰਣ ਵਿਸ਼ੇਸ਼ ਧੁਨੀ।

ਦਿੜੁ—'ੜ' ਉਚਾਰਣ ਭਾਰ ਸਹਿਤ।

***ਪਦ ਅਰਥ :***

ਮਾਰਗਿ ਗੁਰ—ਗੁਰੂ ਵਲ ਜਾਂਦੇ ਮਾਰਗ ਤੇ। ਹਥਾ—ਹੱਥਾਂ ਨਾਲ। ਅਕਾਲ ਮੂਰਤਿ—ਕਾਲ-ਰਹਿਤ ਸਰੂਪ (ਵਾਹਿਗੁਰੂ) ਨੂੰ। ਰੈਨਿ—ਰਾਤ। ਜਪੰਥਾ—ਜਪਣ ਵਾਲਾ ਹਾਂ, ਜਪਦਾ ਹਾਂ। ਅਪਾਇਣੋ—ਆਪਾ ਭਾਵ। ਸਮਰਥਾ— ਸਭ ਕੁਝ ਕਰਨ ਜੋਗ। ਨਾਮੁ ਨਿਧਾਨੁ—ਨਾਮ ਰੂਪ ਖ਼ਜ਼ਾਨਾ। ਸਭੋ—ਸਾਰਾ ਹੀ। ਭੋਗਹੁ ਭੁੰਚਹੁ—ਅਨੰਦ ਨਾਲ ਛਕੋ। ਭਾਈਹੋ—ਹੇ ਭਰਾਵੋ! ਪਲੈ—ਪਲੇ ਵਿਚ (ਬੰਨ੍ਹੋ)। ਅਗਥਾ—ਅਕੱਥ ਪ੍ਰਭੂ ਦਾ। ਦਿੜੁ—ਦ੍ਰਿੜ੍ਹ ਕਰੋ, ਨਿਸਚੇ ਨਾਲ ਧਾਰਨ ਕਰੋ। ਸਹਜੁ—ਗਿਆਨ। ਭਉ—ਡਰ।

***ਅਰਥ :***

ਮੈਂ ਆਪਣੀਆਂ ਅੱਖਾਂ ਨਾਲ ਗੁਰੂ ਦਾ (ਮੁਬਾਰਕ) ਦੀਦਾਰ ਕਰਦਾ ਹਾਂ ਅਤੇ ਆਪਣਾ ਮੱਥਾ (ਸਿਰ) ਗੁਰੂ ਦੇ ਚਰਨਾਂ ਉਤੇ ਧਰਦਾ ਹਾਂ।

ਪੈਰਾਂ ਨਾਲ ਗੁਰੂ ਵਲ ਜਾਂਦੇ ਰਸਤੇ ਤੇ ਚਲਦਾ ਹਾਂ ਅਤੇ ਹੱਥਾਂ ਨਾਲ (ਗੁਰੂ ਤੇ ਗੁਰੂ ਦੀਆਂ ਸੰਗਤਾਂ ਨੂੰ) ਪੱਖਾ ਝਲਦਾ ਹਾਂ।

ਮੈਂ ਆਪਣੇ ਹਿਰਦੇ ਵਿਚ ਕਾਲ-ਰਹਿਤ ਸਰੂਪ ਵਾਲੇ ਵਾਹਿਗੁਰੂ ਦਾ ਧਿਆਨ ਧਰਦਾ ਹਾਂ ਅਤੇ (ਉਸ ਪਰਮ-ਸਤਿ ਦਾ ਜਾਪ) ਦਿਨ ਰਾਤ ਜਪਦਾ ਹਾਂ।

ਮੈਂ ਸਾਰਾ ਆਪਾ-ਭਾਵ (ਅਪਣੱਤ) ਤਿਆਗ ਦਿਤਾ ਹੈ ਅਤੇ ਹੁਣ

ਗੁਰੂ-ਸਮਰੱਥ ਦੇ ਪ੍ਰਾਇਣ ਹੋ ਗਿਆ ਹਾਂ।

ਗੁਰੂ ਨੇ (ਕਿਰਪਾ ਕਰ ਕੇ) ਨਾਮ-ਖ਼ਜ਼ਾਨਾ ਬਖ਼ਸ਼ਿਆ ਹੈ, (ਜਿਸ ਸਦਕਾ) ਸਾਰਾ ਦੁਖ-ਕਲੇਸ਼ ਮਿਟ ਗਿਆ ਹੈ।

ਹੇ ਭਰਾਵੋ (ਗੁਰ-ਭਾਈਓ)! ਗੁਰੂ ਨੇ (ਕਿਰਪਾਲਤਾ ਕਰ ਕੇ) ਅਕਥ ਪ੍ਰਭੂ ਦਾ ਨਾਮ-ਖ਼ਜ਼ਾਨਾ ਮੇਰੀ ਝੋਲੀ ਪਾਇਆ ਹੈ, ਇਸ (ਅੰਮ੍ਰਿਤ-ਨਾਮ) ਨੂੰ ਨਿਰੰਤਰ ਛਕੋ ਅਤੇ ਅਨੰਦ ਮਾਣੋ।

ਨਾਮ, ਦਾਨ ਅਤੇ ਇਸ਼ਨਾਨ (ਸਿੱਖੀ ਦੇ ਤਿੰਨ ਮੁਢਲੇ ਅਸੂਲਾਂ) ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲਓ (ਪਕੀ ਤਰ੍ਹਾਂ ਹਿਰਦੇ ਵਿਚ ਧਾਰਨ ਕਰ ਲਵੋ) ਅਤੇ ਸਦੀਵ-ਕਾਲ ਗੁਰੂ ਵਲੋਂ ਦਸੀ ਅਕੱਥ ਵਾਹਿਗੁਰੂ ਦੀ ਕਥਾ (ਸਿਮਰਨ) ਕਰਦੇ ਰਹੋ।

ਸਹਜ (ਗੁਰੂ-ਗਿਆਨ) ਹੋ ਗਿਆ ਹੈ, (ਜਿਸ ਦੇ ਤੁਫ਼ੈਲ) ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ, ਹੁਣ ਜਮ ਦਾ ਡਰ ਮਗਰੋਂ ਲਹਿ ਗਿਆ ਹੈ (ਖਹਿੜਾ ਛਡ ਗਿਆ ਹੈ)।੨੦।

## ਸਲੋਕ ਡਖਣੇ ਮ: ੫ ॥

**ਲਗੜੀਆ ਪਿਰੀਅੰਨਿ, ਪੇਖੰਦੀਆ ਨਾ ਤਿਪੀਆ ॥**
**ਹਭ ਮਝਾਹੂ ਸੋ ਧਣੀ, ਬਿਆ ਨ ਡਿਠੋ ਕੋਇ ॥੧॥**

**ਮ: ੫ ॥ ਕਥੜੀਆ ਸੰਤਾਹ, ਤੇ ਸੁਖਾਊ ਪੰਧੀਆ ॥**
**ਨਾਨਕ ਲਧੜੀਆ ਤਿੰਨਾਹ, ਜਿਨਾ ਭਾਗੁ ਮਥਾਹੜੈ ॥੨॥**

**ਮ: ੫ ॥ ਡੂੰਗਰਿ ਜਲਾ ਥਲਾ, ਭੂਮਿ ਬਨਾ ਫਲ ਕੰਦਰਾ ॥**
**ਪਾਤਾਲਾ ਆਕਾਸ, ਪੂਰਨੁ ਹਭ ਘਟਾ ॥**
**ਨਾਨਕ ਪੇਖਿ ਜੀਓ, ਇਕਤੁ ਸੂਤਿ ਪਰੋਤੀਆ ॥੩॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਲਗੜੀਆ—ਲਗੀਆਂ ਹੁੰਦੀਆਂ ਹਨ। ਪੇਖੰਦੀਆ—ਵੇਖਦੀਆਂ ਹੋਈਆਂ (ਪਿਰੀ ਨੂੰ)। (ਨ) ਤਿਪੀਆ—ਨਹੀਂ ਰਜਦੀਆਂ। ਮਝਾਹੂ—ਵਿਚ। ਕਥੜੀਆ—(ਕਥਾ

ਕਹਾਣੀਆਂ) ਜੋ ਕਥੀਆਂ ਹਨ। ਪੰਧੀਆ—ਜੀਵਨ-ਪੰਧ (ਰਾਹ) ਦਿਖਾਉਣ ਵਾਲੀਆਂ ਪਗ-ਡੰਡੀਆਂ। ਲਧੜੀਆ—ਲਭੀਆਂ ਹਨ। ਤਿੰਨਾਹ—ਉਹਨਾਂ ਨੂੰ। ਜਿਨਾ—ਜਿਨ੍ਹਾਂ ਮਨੁੱਖਾਂ ਦੇ।

ਤਿਪੀਆ—'ਪ' ਉਚਾਰਣ ਧੁਨੀ ਨੂੰ ਦੁੱਤ ਕਰ ਕੇ।

ਜਿਨਾ—'ਨ' ਉਚਾਰਣ ਭਾਰਾ।

ਪਰੋਤੀਆ—ਉਚਾਰਣ ਨਾਸਕਤਾ ਬਗ਼ੈਰ।

ਜਲਾ, ਥਲਾ, ਬਨਾ, ਕੰਦਰਾ, ਪਾਤਾਲਾ, ਘਟਾ—ਉਚਾਰਣ ਨਾਸਕਤਾ ਰਹਿਤ।

***ਪਦ ਅਰਥ :***

ਪਿਰੀਅੰਨਿ—ਪਿਰੀ ਨਾਲ। ਹਭ ਮਝਾਹੂ—ਸਭਨਾਂ ਵਿਚ। ਧਣੀ—ਮਾਲਕ। ਬਿਆ—ਕੋਈ ਦੂਜਾ।੧।

ਕਥੜੀਆ ਸੰਤਾਹ—ਸਤ-ਪੁਰਸ਼ਾਂ ਨੇ (ਹਰੀ ਦੀਆਂ ਕਥਾ ਕਹਾਣੀਆਂ) ਕਥੀਆਂ ਹਨ। ਤੇ—ਉਹ (ਬਹੁ-ਵਚਨ)। ਸੁਖਾਊ ਪੰਧੀਆ—ਪ੍ਰੀਤਮ-ਪ੍ਰਾਪਤੀ ਦਾ ਮਾਰਗ-ਦਰਸ਼ਨ ਕਰਨ ਵਾਲੀਆਂ ਸੁਖਦਾਈ ਪਗ-ਡੰਡੀਆਂ। ਭਾਗੁ—ਚੰਗਾ ਲੇਖ। ਮਥਾਹੜੈ—ਮੱਥੇ ਉਤੇ।੨।

ਡੂੰਗਰਿ—ਹਰੇਕ ਪਹਾੜ ਉਤੇ। ਜਲਾ—ਜਲ ਵਿਚ। ਥਲਾ—ਥਲ ਵਿਚ। ਭੂਮਿ ਬਨਾ ਫਲ—ਧਰਤੀ ਦੀ ਬਨਸਪਤੀ। ਪੂਰਨੁ—ਵਿਆਪਕ। ਹਭ ਘਟਾ—ਹਰ ਇਕ ਸਰੀਰ ਵਿਚ। ਪੇਖਿ ਜੀਓ—ਦੇਖ ਕੇ ਜੀ ਉਠਦਾ ਹੈ। ਇਕਤੁ ਸੂਤਿ—ਇਕ ਸੂਤਰ (ਮਰਯਾਦਾ) ਵਿਚ। ਪਰੋਤੀਆ—ਪ੍ਰੋਤੀ ਹੋਈ ਹੈ (ਸਾਰੀ ਰਚਨਾ)।੩।

***ਅਰਥ :***

ਜਿਹੜੀਆਂ (ਅੱਖਾਂ) ਪ੍ਰੀਤਮ-ਪ੍ਰਭੂ ਵਲ ਲਗੀਆਂ ਹੁੰਦੀਆਂ ਹਨ, ਉਹ ਪ੍ਰੀਤਮ-ਪ੍ਰਭੂ ਨੂੰ (ਹਰ ਥਾਵੇਂ ਤੇ ਹਰ ਕਿਸੇ ਵਿਚ ਵਸਦਾ) ਵੇਖਦੀਆਂ ਹੋਈਆਂ ਰਜਦੀਆਂ ਨਹੀਂ। ਉਹਨਾਂ ਨੂੰ ਸਭਨਾਂ ਵਿਚ ਉਹ ਮਾਲਕ ਪਿਆਰਾ ਪ੍ਰੀਤਮ ਹੀ ਰਮਿਆ ਹੋਇਆ ਪ੍ਰਤੀਤ ਹੁੰਦਾ ਹੈ, ਉਸ ਤੋਂ ਬਗ਼ੈਰ ਕੋਈ ਦੂਜਾ ਉਹਨਾਂ ਕਦੀ ਵੇਖਿਆ ਹੀ ਨਹੀਂ।੧।

(ਪ੍ਰੀਤਮ-ਪ੍ਰਭੂ ਦੀਆਂ ਕਥਾ ਕਹਾਣੀਆਂ) ਸਤ-ਪੁਰਸ਼ਾਂ ਨੇ ਕਥਨ ਕੀਤੀਆਂ ਹਨ, ਇਹ ਪ੍ਰੀਤਮ-ਪ੍ਰਾਪਤੀ ਦਾ ਮਾਰਗ-ਦਰਸ਼ਨ ਕਰਨ ਵਾਲੀਆਂ (ਜੀਵਨ-ਪੰਧ ਦਿਖਾਉਣ ਵਾਲੀਆਂ) ਸੁਖਦਾਈ ਪਗ-ਡੰਡੀਆਂ ਹਨ।

ਨਾਨਕ! ਉਹ (ਕਥਾ ਕਹਾਣੀਆਂ) ਲਭਦੀਆਂ ਕੇਵਲ ਉਹਨਾਂ ਨੂੰ ਹਨ, ਜਿਨ੍ਹਾਂ ਦੇ ਮੱਥੇ ਤੇ ਚੰਗਾ (ਸ਼ੁਭ) ਲੇਖ ਲਿਖਿਆ ਹੋਵੇ।੨।

ਕੀ ਪਹਾੜ ਉਤੇ, ਕੀ ਜਲ ਵਿਚ, ਕੀ ਥਲ ਵਿਚ, ਸਾਰੀ ਪ੍ਰਿਥਵੀ ਦੀ ਬਨਸਪਤੀ ਵਿਚ, ਹਰੇਕ ਕੰਦਰਾ (ਗੁਫਾ) ਵਿਚ, ਪਾਤਾਲ ਵਿਚ, ਅਕਾਸ਼ ਵਿਚ ਅਤੇ ਹਰੇਕ ਜੀਵ ਵਿਚ ਪ੍ਰਭੂ ਪਰੀਪੂਰਨ ਹੈ।

ਨਾਨਕ! (ਜਿਸ ਸਰਬ-ਵਿਆਪੀ ਪ੍ਰਭੂ ਦੇ) ਸਾਰੀ ਰਚਨਾ ਇਕੋ ਹੁਕਮ-ਸੂਤਰ ਵਿਚ ਪ੍ਰੋਤੀ ਹੋਈ ਹੈ, ਉਸ ਨੂੰ (ਰਚਨਾ ਵਿਚ ਹਲੂਲ ਹੋਇਆ) ਵੇਖ ਕੇ ਜੀਉ (ਅੰਦਰਲਾ) ਜੀ ਉਠਦਾ ਹੈ।੩।

## ਪਉੜੀ ॥

**ਹਰਿ ਜੀ ਮਾਤਾ ਹਰਿ ਜੀ ਪਿਤਾ, ਹਰਿ ਜੀਉ ਪ੍ਰਤਿਪਾਲਕ ॥**
**ਹਰਿ ਜੀ ਮੇਰੀ ਸਾਰ ਕਰੇ, ਹਮ ਹਰਿ ਕੇ ਬਾਲਕ ॥**
**ਸਹਜੇ ਸਹਜਿ ਖਿਲਾਇਦਾ, ਨਹੀ ਕਰਦਾ ਆਲਕ ॥**
**ਅਉਗਣੁ ਕੋ ਨ ਚਿਤਾਰਦਾ, ਗਲ ਸੇਤੀ ਲਾਇਕ ॥**
**ਮੁਹਿ ਮੰਗਾਂ ਸੋਈ ਦੇਵਦਾ, ਹਰਿ ਪਿਤਾ ਸੁਖਦਾਇਕ ॥**
**ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ, ਇਸੁ ਸਉਦੇ ਲਾਇਕ ॥**
**ਸਾਝੀ ਗੁਰ ਨਾਲਿ ਬਹਾਲਿਆ, ਸਰਬ ਸੁਖਪਾਇਕ ॥**
**ਮੈ ਨਾਲਹੁ ਕਦੇ ਨ ਵਿਛੁੜੈ, ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਮੈ ਨਾਲਹੁ—ਮੈਥੋਂ। ਗਲਾ—ਬਾਤਾਂ।
ਖਿਲਾਇਦਾ—'ਇ' ਉਚਾਰਣ ਨਾਸਕੀ।
ਮੁਹਿ—'ਮੁ' ਉਚਾਰਣ ਨਾਸਕੀ। ਦੇਵਦਾ—'ਦੇ' ਉਚਾਰਣ ਨਾਸਕੀ।
ਸਉਪਿਓਨੁ—'ਉ' ਉਚਾਰਣ ਨਾਸਕੀ।
ਸਾਝੀ—'ਸਾ' ਉਚਾਰਣ ਨਾਸਕੀ।

**ਪਦ ਅਰਥ :**

ਪ੍ਰਤਿਪਾਲਕ—ਪਾਲਣ ਵਾਲਾ। ਸਾਰ—ਸੰਭਾਲ। ਸਹਜੇ ਸਹਜਿ—ਸਹਜ ਹੀ ਸਹਜ (ਨਿਰੋਲ ਸਹਜ) ਵਿਚ। ਆਲਕ—ਆਲਸ। ਲਾਇਕ—ਲਾਉਣ ਵਾਲਾ। ਸੁਖਦਾਇਕ—ਸੁਖ ਦੇਣ ਵਾਲਾ। ਰਾਸਿ—ਪੂੰਜੀ। ਸਉਪਿਓਨੁ—ਉਸ (ਵਾਹਿਗੁਰੂ) ਨੇ ਸੌਂਪਿਆ (ਬਖ਼ਸ਼ਿਆ) ਹੈ। ਲਾਇਕ—ਜੋਗ। ਸਾਝੀ—ਭਾਈਵਾਲ। ਪਾਇਕ—ਸੇਵਕ, ਟਹਿਲੀਏ। ਲਾਇਕ—ਸਮਰੱਥ।

**ਅਰਥ :**

ਹਰੀ-ਪ੍ਰਭੂ ਜੀ ਮਾਤਾ ਹਨ, ਹਰੀ-ਪ੍ਰਭੂ ਜੀ ਪਿਤਾ ਹਨ, ਅਤੇ ਹਰੀ-ਪ੍ਰਭੂ ਜੀ ਪ੍ਰਤਿਪਾਲਣਾ ਕਰਨ ਵਾਲੇ ਹਨ।

ਹਰੀ-ਪ੍ਰਭੂ ਜੀ ਹੀ (ਖਿਨ ਖਿਨ) ਮੇਰੀ ਸਾਰ-ਸੰਭਾਲ ਕਰਦਾ ਹੈ ਅਤੇ ਅਸੀਂ ਹਰੀ-ਪ੍ਰਭੂ ਦੇ (ਇਆਣੇ) ਬੱਚੇ ਹਾਂ।

(ਮਾਤਾ ਪਿਤਾ ਸਮਾਨ ਵਾਹਿਗੁਰੂ ਆਪਣੇ ਬੱਚਿਆਂ ਨੂੰ) ਨਿਰੋਲ ਸਹਜ ਵਿਚ (ਗਿਆਨ-ਖੇਡ) ਖਿਡਾਉਂਦਾ ਰਹਿੰਦਾ ਹੈ (ਉਹ ਆਪਣੇਂ ਮੈਤ੍ਰੀ-ਕਰਤੱਵ ਵਲੋਂ) ਕਦੇ ਵੀ ਆਲਸ ਨਹੀਂ ਕਰਦਾ।

(ਦਇਆਲ ਪ੍ਰਭੂ ਆਪਣੇ ਬੱਚਿਆਂ ਦਾ) ਕੋਈ ਦੋਸ਼ ਚਿਤ ਵਿਚ ਨਹੀਂ ਲਿਆਉਂਦਾ। (ਨਿਆਣੇ ਬੱਚਿਆਂ ਨੂੰ ਸਦਾ) ਗਲ ਨਾਲ ਲਾਉਣ ਵਾਲਾ ਹੈ।

ਜੋ ਜੋ ਕੁਝ ਮੈਂ ਮੂੰਹੋਂ ਮੰਗਦਾ ਹਾਂ, ਸੁਖਦਾਈ ਪ੍ਰਭੂ-ਪਿਤਾ ਓਹੋ ਓਹੋ ਕੁਝ (ਕਿਰਪਾ ਕਰ ਕੇ) ਦੇਂਦਾ ਹੈ।

ਉਸ (ਪ੍ਰਭੂ-ਪਿਤਾ) ਨੇ ਗਿਆਨ-ਪੂੰਜੀ ਅਤੇ ਨਾਮ-ਧਨ ਮੈਨੂੰ ਬਖ਼ਸ਼ਿਆ ਹੋਇਆ ਹੈ; (ਸ਼ਾਹ-ਪ੍ਰਭੂ ਨੇ ਮੈਨੂੰ) ਇਸ ਦੈਵੀ-ਵਣਜ ਦੇ ਜੋਗ ਬਣਾਇਆ ਹੈ।

ਪ੍ਰਭੂ-ਪਿਤਾ ਨੇ ਆਪਣੇ ਸੇਵਕ ਨੂੰ (ਨਾਮ-ਵਣਜ ਕਰਨ ਲਈ) ਗੁਰੂ-ਸ਼ਾਹ ਨਾਲ ਭਾਈਵਾਲ ਬਣਾ ਦਿਤਾ ਹੈ ਤੇ ਇਸ ਤਰ੍ਹਾਂ ਸਾਰੇ ਸੁਖ ਮੇਰੇ ਟਹਿਲੀਏ ਬਣਾ ਦਿਤੇ ਹਨ।

ਪ੍ਰਭੂ-ਪਿਤਾ ਸਭ ਕੁਝ ਕਰਨ ਕਰਾਉਣ ਦੇ ਸਮਰੱਥ ਹੈ, ਉਹ ਮੇਰੇ ਨਾਲੋਂ ਕਿਸੇ ਵੇਲੇ ਵੀ ਦੂਰ ਨਹੀਂ ਹੁੰਦਾ।੨੧।

## ਸਲੋਕ ਡਖਣੇ ਮ: ੫ ॥

ਨਾਨਕ ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ ॥
ਓਇ ਜੀਵੰਦੇ ਵਿਛੁੜਹਿ, ਓਇ ਮੁਇਆ ਨ ਜਾਹੀ ਛੋੜਿ ॥੧॥

ਮ: ੫ ॥ ਨਾਨਕ ਬਿਜੁਲੀਆ ਚਮਕੰਨਿ, ਘੁਰਨਿ ਘਟਾ ਅਤਿ ਕਾਲੀਆ ॥
ਬਰਸਨਿ ਮੇਘ ਅਪਾਰ, ਨਾਨਕ ਸੰਗਮਿ ਪਿਰੀ ਸੁਹੰਦੀਆ ॥੨॥

ਮ: ੫ ॥ ਜਲ ਥਲ ਨੀਰਿ ਭਰੇ, ਸੀਤਲ ਪਵਣ ਝੁਲਾਰਦੇ ॥
ਸੇਜੜੀਆ ਸੋਇੰਨ, ਹੀਰੇ ਲਾਲ ਜੜੰਦੀਆ ॥
ਸੁਭਰ ਕਪੜ ਭੋਗ, ਨਾਨਕ ਪਿਰੀ ਵਿਹੂਣੀ ਤਤੀਆ ॥੩॥

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਕਚੜਿਆ—ਕਚਿਆਂ (ਕਚੀ ਪ੍ਰੀਤ ਵਾਲੇ) ਮਨੁੱਖਾਂ। ਸਿਉ—ਨਾਲੋਂ। ਵਿਛੁੜਹਿ—ਵਿਛੜ ਜਾਂਦੇ ਹਨ (ਕਚੇ)। ਮੁਇਆ—ਮਰ ਜਾਣ ਤੇ ਵੀ। (ਨ) ਜਾਹੀ (ਛੋੜਿ)—ਨਹੀਂ ਛਡ ਜਾਂਦੇ। ਬਿਜੁਲੀਆ—ਬੱਦਲਾਂ ਦੇ ਟਕਰਾਅ ਤੋਂ ਹੋਈਆਂ ਲਿਸ਼ਕਾਂ। ਘਟਾ—ਬੱਦਲਾਂ ਦਾ ਸਮੁਦਾਇ, ਮੇਘਮਾਲਾ। ਕਾਲੀਆ—ਕਾਲੇ ਰੰਗ ਦੀਆਂ। ਸੁਹੰਦੀਆ—ਸ਼ੋਭੰਦੀਆਂ ਹਨ। ਸੇਜੜੀਆ—ਸੁਹਣੀਆਂ ਸੇਜਾਂ। ਜੜੰਦੀਆ— ਜੜੀਆਂ ਹੋਈਆਂ। ਤਤੀਆ—ਵਿਛੋੜੇ ਦੀ ਅਗ ਕਾਰਨ) ਤਪਾਇਮਾਨ।

ਢੂਢਿ—'ਢੂ' ਉਚਾਰਣ ਨਾਸਕੀ।

ਪਕਿਆ—(ਜੋ ਪੱਕੇ ਪ੍ਰੀਤ ਵਾਲੇ ਹਨ) 'ਆ' ਉਚਾਰਣ ਨਾਸਕਤਾ ਬਿਨਾਂ।

***ਪਦ ਅਰਥ :***

ਓਇ—(ਪੜਨਾਂਵ 'ਉਹ' ਦਾ ਬਹੁ-ਵਚਨ) ਉਹ। ਜੀਵੰਦੇ— ਜੀਊਂਦੇ ਹੋਏ।੧।

ਚਮਕੰਨਿ—ਚਮਕਦੀਆਂ ਹਨ, ਲਿਸ਼ਕਾਂ ਮਾਰਦੀਆਂ ਹਨ। ਘੁਰਨਿ—ਘੁਰ ਘੁਰ ਕਰਦੀਆਂ ਹਨ, ਗਜਦੀਆਂ ਹਨ। ਮੇਘ—ਬੱਦਲ। ਅਪਾਰ—ਪਾਰ ਰਹਿਤ, ਬੇਅੰਤ। ਸੰਗਮਿ—ਸੰਗ ਸਾਥ ਅਥਵਾ ਮੇਲ ਵਿਚ।੨।

ਨੀਰਿ—ਪਾਣੀ ਨਾਲ। ਸੀਤਲ ਪਵਣ ਝੁਲਾਰਦੇ—ਹਵਾ ਦੇ ਠੰਢੇ ਝੋਲੇ ਝੁਲਦੇ ਹੋਣ, ਵਗਦੇ ਹੋਣ। ਸੋਇੰਨ—ਸੋਨੇ (ਦੇ ਮੰਦਰਾਂ ਵਿਚ)। ਸੁਭਰ ਕਪੜ—ਸਗਨਾਂ ਦੇ ਸਾਲੂ।੩।

***ਅਰਥ :***

'ਨਾਨਕ' (ਮੁਹਰ-ਛਾਪ ਲਾ ਕੇ ਉਪਦੇਸ਼ ਕਰਦੇ ਹਨ) ਹੇ ਜੀਵ! (ਮਨੁੱਖਾ ਜੀਵਨ ਦੀ ਸਫਲਤਾ ਲਈ) ਕਚਿਆਂ (ਕਚੀ ਤੇ ਝੂਠੀ ਪ੍ਰੀਤ ਲਾਉਣ ਵਾਲਿਆਂ) ਨਾਲੋਂ ਮੋਹ ਤੋੜ ਲੈ ਅਤੇ ਸੰਤ-ਸਜਣਾਂ ਨੂੰ ਢੂੰਢ, ਜੋ ਪਕੇ (ਪੀਡੀ ਅਤੇ ਸਚੀ ਪ੍ਰੀਤ ਲਾਉਣ ਵਾਲੇ) ਹਨ।

ਉਹ (ਕੱਚੇ) ਜੀਊਂਦਿਆਂ ਹੀ ਸਾਥ ਛੱਡ ਜਾਂਦੇ ਹਨ, ਜਦ ਕਿ ਉਹ (ਪੱਕੇ) ਮਰਨ ਉਪਰੰਤ ਵੀ ਸਾਥ ਨਹੀਂ ਛਡਦੇ (ਭਾਵ, ਉਹ ਪਰਲੋਕ ਤਕ ਸਾਥ ਨਿਬਾਹੁੰਦੇ ਹਨ)।੧।

ਨਾਨਕ ! (ਸਾਵਣ ਵਿਚ) ਬਿਜਲੀਆਂ (ਬੱਦਲ ਟਕਰਾਉਣ ਕਾਰਨ ਹੋਈਆਂ ਲਿਸ਼ਕਾਂ) ਚਮਕਦੀਆਂ ਹਨ, (ਬੱਦਲਾਂ ਦੀਆਂ) ਕਾਲੀਆਂ ਘਟਾਂ ਘੁਰ ਘੁਰ ਕਰਦੀਆਂ ਹਨ (ਭਾਵ, ਬੱਦਲ ਗੱਜਦੇ ਹਨ)।

ਛਹਿਬਰ ਲਾ ਕੇ ਬੱਦਲ ਵਸਦੇ ਹਨ। ਨਾਨਕ ! (ਅਜਿਹੇ ਸੁਹਾਵਣੇ ਸਮੇਂ) ਜਿਹੜੀਆਂ ਇਸਤ੍ਰੀਆਂ ਪ੍ਰਭੂ-ਪਤੀ ਦੇ ਸੰਗ-ਸਾਥ ਅਥਵਾ ਮੇਲ ਵਿਚ ਵਸਦੀਆਂ ਹਨ, ਉਹੀ ਸ਼ੋਭਾ ਪਾਉਂਦੀਆਂ ਹਨ।੨।

ਸਾਰੇ ਜਲ-ਸਥਾਨ ਅਤੇ ਥਲ-ਸਥਾਨ ਪਾਣੀ ਨਾਲ ਭਰੇ ਹੋਣ, ਹਵਾ ਦੇ ਠੰਢੇ ਝੋਲੇ ਝੁਲਦੇ ਹੋਣ, (ਅਜਿਹੇ ਸੁਹਾਵਣੇ ਵਾਤਾਵਰਣ ਵਿਚ) ਸੋਨੇ ਦੇ ਮੰਦਰਾਂ ਵਿਚ ਹੀਰਿਆਂ ਲਾਲਾਂ ਨਾਲ ਜੜਤ ਸੇਜਾਂ ਹੋਣ, ਸ਼ਿੰਗਾਰ ਲਈ ਸ਼ਗਨਾਂ ਦੇ ਸਾਲੂ ਹੋਣ, ਸੁੰਦਰ ਬਸਤਰ ਅਤੇ ਭੋਗ-ਬਿਲਾਸ ਦੇ ਸਾਰੇ ਅਡੰਬਰ ਬਣੇ ਹੋਣ। ਨਾਨਕ ! (ਭੋਗ ਬਿਲਾਸ ਦੇ ਸਾਰੇ ਅਡੰਬਰ ਹੁੰਦਿਆਂ ਸੁੰਦਿਆਂ) ਪਤੀ-ਮਿਲਾਪ ਤੋਂ ਵੰਚਤ (ਸਖਣੀਆਂ) ਕਾਮਣੀਆਂ ਲੁਛਦੀਆਂ (ਵਿਛੋੜੇ ਦੀ ਅੱਗ ਕਾਰਨ ਤਪਾਇਮਾਨ) ਰਹਿੰਦੀਆਂ ਹਨ।੩।

## ਪਉੜੀ ॥

**ਕਾਰਣੁ ਕਰਤੈ ਜੋ ਕੀਆ, ਸੋਈ ਹੈ ਕਰਣਾ ॥**

**ਜੇ ਸਉ ਧਾਵਹਿ ਪ੍ਰਾਣੀਆ, ਪਾਵਹਿ ਧੁਰਿ ਲਹਣਾ ॥**

**ਬਿਨੁ ਕਰਮਾ ਕਿਛੂ ਨ ਲਭਈ, ਜੇ ਫਿਰਹਿ ਸਭ ਧਰਣਾ ॥**
**ਗੁਰ ਮਿਲਿ ਭਉ ਗੋਵਿੰਦ ਕਾ, ਭੈ ਡਰੁ ਦੂਰਿ ਕਰਣਾ ॥**
**ਭੈ ਤੇ ਬੈਰਾਗੁ ਊਪਜੈ, ਹਰਿ ਖੋਜਤ ਫਿਰਣਾ ॥**
**ਖੋਜਤ ਖੋਜਤ ਸਹਜੁ ਉਪਜਿਆ, ਫਿਰਿ ਜਨਮਿ ਨ ਮਰਣਾ ॥**
**ਹਿਆਇ ਕਮਾਇ ਧਿਆਇਆ, ਪਾਇਆ ਸਾਧ ਸਰਣਾ ॥**
**ਬੋਹਿਥੁ ਨਾਨਕ ਦੇਉ ਗੁਰੁ,**
**ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ ॥੨੨॥**

***ਉਚਾਰਣ :***

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਧਾਵਹਿ—ਤੂੰ ਪਿਆ ਦੌੜ-ਭਜ ਕਰੇਂ। ਪਾਵਹਿ—ਤੂੰ ਪ੍ਰਾਪਤ ਕਰੇਂਗਾ।
ਕਰਮਾ—ਭਾਗਾਂ। ਫਿਰਹਿ—ਤੂੰ ਪਿਆ ਫਿਰੇਂ।
ਚੜਾਇ—'ੜ' ਉਚਾਰਣ ਭਾਰਾ।
ਸਹਜੁ—'ਹ' ਦਾ ਉਚਾਰਣ 'ਹਿ' ਵਾਂਗ ਨਹੀਂ।

***ਪਦ ਅਰਥ :***

ਕਾਰਨੁ—ਸਬੱਬ। ਕਰਤੈ—ਕਰਤਾਰ ਨੇ। ਸੋਈ ਹੈ ਕਰਣਾ—ਉਹੀ ਕੁਝ ਕਰਨਾ ਪੈਂਦਾ ਹੈ। ਸਉ—ਸੈਂਕੜੇ ਪਾਸੇ। ਧੁਰਿ ਲਹਣਾ—ਧੁਰ ਤੋਂ ਜੋ ਲੈਣਾ (ਲਿਖਿਆ ਹੋਇਆ) ਹੈ। ਸਭ ਧਰਣਾ—ਸਾਰੀ ਧਰਤੀ। ਭਉ—ਡਰ (ਇਕ-ਵਚਨ)। ਭੈ—ਰੱਬੀ ਭਉ ਦੇ ਤੁਫ਼ੈਲ। ਡਰੁ—ਦੁਨਿਆਵੀ ਡਰ (ਸਹਮ)। ਬੈਰਾਗੁ—ਮਾਇਕੀ ਮੋਹ ਤੋਂ ਉਪਰਾਮਤਾ। ਉਪਜੈ—ਉਪਜਦਾ ਹੈ, ਪੈਦਾ ਹੁੰਦਾ ਹੈ। ਸਹਜੁ—ਗਿਆਨ (ਆਤਮਿਕ-ਅਡੋਲਤਾ)। ਹਿਆਇ—ਹਿਰਦੇ ਵਿਚ। ਕਮਾਇ—ਕਮਾਈ (ਸਾਧਨਾ) ਕਰ ਕੇ। ਸਾਧ—ਸਾਧੂ-ਸਤਿਗੁਰੂ। ਬੋਹਿਥੁ—ਜਹਾਜ਼। ਦੇਉ ਗੁਰੁ—ਪ੍ਰਕਾਸ਼-ਰੂਪ ਗੁਰੂ। ਭਉਜਲੁ—ਸੰਸਾਰ-ਸਮੁੰਦਰ।

ਨੋਟ : ('ਉ') ਅੰਤਿਕ ਨਾਂਵ 'ਭਉ' ਜਦੋਂ ਇਕ-ਵਚਨ ਵਿਚ ਹੋਵੇ ਜਾਂ ਸੰਬੰਧਕੀ ਪਦ ਤੋਂ ਬਗੈਰ ਹੋਵੇ ਤਾਂ ਇਸ ਦੇ ਰੂਪ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਜਦੋਂ ਇਹ ਬਹੁ-ਵਚਨ ਵਿਚ ਹੋਵੇ ਜਾਂ ਅਗੇ ਕੋਈ ਸੰਬੰਧਕੀ-ਪਦ ਹੋਵੇ ਤਾਂ ਇਹ ਬਦਲ ਕੇ 'ਭੈ' ਹੋ ਜਾਂਦਾ ਹੈ।

**ਅਰਥ :**

ਕਰਤਾ ਪੁਰਖ ਨੇ ਜੋ (ਕੁਝ ਕੀਤੇ ਜਾਣ ਦਾ) ਸਬੱਬ ਬਣਾ ਰਖਿਆ ਹੈ, (ਜੀਵਾਂ ਨੂੰ) ਓਹੋ ਕੁਝ ਕਰਨਾ ਪੈਂਦਾ ਹੈ।

ਹੇ ਪ੍ਰਾਣੀ ! ਭਾਵੇਂ ਤੂੰ ਸੈਂਕੜੇ ਪਾਸੇ ਦੌੜ-ਭਜ ਕਰ ਲਵੇਂ, ਅੰਤ ਨੂੰ ਓਹੋ ਕੁਝ ਪ੍ਰਾਪਤ ਕਰ ਸਕੇਂਗਾ, ਜੋ ਧੁਰ ਤੋਂ ਲੈਣਾ (ਲਿਖਿਆ ਹੋਇਆ) ਹੈ।

ਭਾਵੇਂ ਸਾਰੀ ਧਰਤੀ ਕਛਦਾ ਫਿਰੇਂ, ਭਾਗਾਂ ਤੋਂ ਬਗ਼ੈਰ ਕੁਝ ਨਹੀਂ ਲੱਭ ਸਕਦਾ।

ਗੁਰੂ ਨੂੰ ਮਿਲ ਕੇ ਗੋਬਿੰਦ-ਪ੍ਰਭੂ ਦਾ ਡਰ ਉਪਜਦਾ ਹੈ। ਇਸ ਪ੍ਰਭੂ-ਡਰ ਦੇ ਤੁਫ਼ੈਲ (ਹਰ ਪ੍ਰਕਾਰ ਦਾ) ਦੁਨਿਆਵੀ ਡਰ (ਸਹਮ) ਦੂਰ ਕੀਤਾ ਜਾ ਸਕਦਾ ਹੈ।

ਪ੍ਰਭੂ-ਡਰ ਤੋਂ ਮਨ ਵਿਚ ਵੈਰਾਗ (ਮਾਇਕੀ ਮੋਹ ਤੋਂ ਉਪਰਾਮਤਾ) ਉਪਜਦਾ ਹੈ। (ਬੈਰਾਗੀ ਦੇ ਮਨ ਵਿਚ) ਪ੍ਰਭੂ ਨੂੰ ਭਾਲਦੇ ਫਿਰਨਾ ਹੀ ਸੁਖਾਉਂਦਾ ਹੈ।

(ਜਿਸ ਵਡਭਾਗੇ ਮਨੁੱਖ ਅੰਦਰ) ਪ੍ਰਭੂ ਨੂੰ ਭਾਲਦਿਆਂ ਭਾਲਦਿਆਂ ਗਿਆਨ ਪੈਦਾ ਹੋ ਗਿਆ, ਫਿਰ ਉਹ ਜਨਮ ਮਰਨ ਵਿਚ ਨਹੀਂ ਆਉਂਦਾ।

(ਜਿਸ ਜੀਵ ਨੂੰ ਵਾਹਿਗੁਰੂ ਨੇ ਕਿਰਪਾ ਕਰ ਕੇ) ਸਾਧੂ-ਸਤਿਗੁਰੂ ਦੀ ਸ਼ਰਨੀ ਪਾ ਦਿਤਾ, ਉਸੇ ਜੀਵ ਵਲੋਂ ਹੀ (ਗੁਰੂ-ਹੁਕਮ ਦੀ) ਕਮਾਈ ਕਰ ਕੇ ਹਿਰਦੇ ਵਿਚ (ਪ੍ਰਭੂ-ਨਾਮ) ਧਿਆਇਆ ਜਾ ਸਕਦਾ ਹੈ।

ਨਾਨਕ ! ਭਵ-ਸਾਗਰ ਦਾ ਜਹਾਜ਼ ਪ੍ਰਕਾਸ਼-ਰੂਪ ਗੁਰੂ ਹੀ ਹੈ। ਹਰੀ-ਪ੍ਰਭੂ ਜਿਸ ਨੂੰ (ਕਿਰਪਾ ਕਰ ਕੇ ਇਸ ਜਹਾਜ਼ ਤੇ) ਚੜ੍ਹਾਏ, ਉਸ ਦਾ ਭਵ-ਸਾਗਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ।੨੨।

**ਸਲੋਕ ਮ: ੫ ॥**

**ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ ॥੧॥**

**ਮ: ੫ ॥ ਮੁਆ ਜੀਵੰਦਾ ਪੇਖਿ, ਜੀਵੰਦੇ ਮਰਿ ਜਾਨਿ ॥**
**ਜਿਨ੍ਹਾ ਮੁਹਬਤਿ ਇਕ ਸਿਉ, ਤੇ ਮਾਣਸ ਪਰਧਾਨ ॥੨॥**

**ਮ: ੫ ॥ ਜਿਸੁ ਮਨਿ ਵਸੈ ਪਾਰਬ੍ਰਹਮੁ, ਨਿਕਟਿ ਨ ਆਵੈ ਪੀਰ ॥**
**ਭੁਖ ਤਿਖ ਤਿਸੁ ਨ ਵਿਆਪਈ, ਜਮੁ ਨਹੀ ਆਵੈ ਨੀਰ ॥੩॥**

**ਉਚਾਰਣ :**

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਪਹਿਲਾ—(ਕ੍ਰਿਆ ਵਿਸ਼ੇਸ਼ਣ) ਪਹਿਲਾਂ (first of all)। ਸਭਨਾ—ਸਾਰਿਆਂ। ਜਿਨ੍ਹਾ—ਜਿਹੜੇ ਮਨੁੱਖਾਂ ਦੀ। ਸਿਉ—ਨਾਲ।

ਮੁਹਬਤਿ—ਉਚਾਰਣ 'ਬ' ਦੀ ਧੁਨੀ ਦੁੱਤ ਕਰ ਕੇ।

ਨੋਟ : ਸ਼ਬਦ 'ਪਹਿਲਾ' ਜੇ ਸੰਖਿਅਕ ਵਿਸ਼ੇਸ਼ਣ ਹੋਵੇ ਤਾਂ ਇਸ ਦਾ ਅੰਤਲਾ ਸੁਰ (ਾ) ਨਾਸਕਤਾ ਤੋਂ ਬਿਨਾਂ ਉਚਾਰਣ ਹੁੰਦਾ ਹੈ, ਪਰ ਜਦੋਂ ਇਹ ਸ਼ਬਦ ਕ੍ਰਿਆ ਵਿਸ਼ੇਸ਼ਣ ਹੋਵੇ ਤਾਂ ਇਸ ਦਾ ਉਚਾਰਣ ਨਾਸਕੀ ਹੁੰਦਾ ਹੈ।

**ਪਦ ਅਰਥ :**

ਮਰਣੁ—ਮਰਨਾ (ਮੌਤ)। ਕਬੂਲਿ—ਪਰਵਾਨ ਕਰ ਲੈ। ਹੋਹੁ—ਹੋ ਜਾ। ਸਭਨਾ ਕੀ ਰੇਣੁਕਾ—ਸਾਰਿਆਂ ਦੀ ਚਰਨ-ਧੂੜੀ। ਤਉ—ਤਾਂ ਫਿਰ ।੧।

ਮੁਆ—ਮਰਿਆ ਹੋਇਆ (ਮਾਇਕੀ ਵਾਸ਼ਨਾਵਾਂ ਵਲੋਂ)। ਜੀਵੰਦਾ—ਜੀਊਂਦਾ ਹੋਇਆ। ਪੇਖਿ—ਵੇਖ, ਸਮਝ। ਜੀਵੰਦੇ—ਹਵਸ ਅਧੀਨ ਜੀਊਣ ਵਾਲੇ ਨੂੰ। ਮਰਿ ਜਾਨਿ—ਮਰਿਆ ਹੋਇਆ ਸਮਝ। ਮੁਹਬਤਿ—ਪ੍ਰੀਤੀ। ਮਾਣਸ—ਮਨੁੱਖ ' ਪਰਧਾਨ—ਸਰਬ-ਸ੍ਰੇਸ਼ਟ ।੨।

ਮਨਿ—ਮਨ ਵਿਚ। ਨਿਕਟਿ—ਨੇੜੇ। ਪੀਰ—ਪੀੜ। ਤਿਖ—ਤ੍ਰਿਹ, ਪਿਆਸ, ਤ੍ਰਿਸ਼ਨਾ। ਨ ਵਿਆਪਈ—ਨਹੀਂ ਪੁੰਹਦੀ। ਨੀਰ—ਨੇੜੇ ।੩।

**ਅਰਥ :**

(ਹੇ ਪ੍ਰੇਮ-ਖੇਡ ਖੇਡਣ ਦੇ ਚਾਹਵਾਨ! ਪ੍ਰੇਮ-ਖੇਤਰ ਵੱਲ ਵਧਣ ਤੋਂ) ਪਹਿਲਾਂ ਮੌਤ ਨੂੰ ਪਰਵਾਨ ਕਰ ਲੈ, ਜੀਊਣ ਦੀ ਆਸ ਲਾਹ ਛਡ। ਸਭਨਾਂ ਜੀਵਾਂ ਦੀ ਚਰਨ-ਧੂੜ ਹੋ ਜਾ, ਤਾਂ ਸਾਡੇ (ਪ੍ਰੇਮ-ਅਖਾੜੇ) ਵਲ ਕਦਮ ਪੁਟ (ਭਾਵ, ਆਪਾ-ਭਾਵ ਤਿਆਗਣ ਤੋਂ ਮਗਰੋਂ ਹੀ ਅਧਿਆਤਮਿਕ ਜੀਵਨ ਅਰੰਭ ਹੁੰਦਾ ਹੈ)।

(ਮਾਇਕੀ ਵਾਸ਼ਨਾਵਾਂ ਵਲੋਂ) ਜੋ ਮੋਇਆ ਹੋਇਆ ਹੈ (ਭਾਵ, ਜਿਸ ਉਤੇ ਮਾਇਕੀ ਵਾਸ਼ਨਾਵਾਂ ਦਾ ਗ਼ਲਬਾ ਨਹੀਂ) ਉਸ ਨੂੰ ਜੀਊਂਦਾ ਸਮਝ। (ਹਵਸ ਅਧੀਨ) ਜੀਊਣ ਵਾਲੇ ਨੂੰ (ਆਤਮਿਕ ਤੌਰ ਤੇ) ਮਰਿਆ ਜਾਣ। ਜਿਨ੍ਹਾਂ ਮਨੁੱਖਾਂ ਦੀ ਪ੍ਰੀਤੀ ਇਕ ਵਾਹਿਗੁਰੂ ਨਾਲ ਲਗੀ ਹੈ, (ਆਤਮਿਕ-ਮੰਡਲ ਵਿਚ) ਓਹੀ ਸ਼੍ਰੋਮਣੀ ਤੇ ਸ੍ਰੇਸ਼ਟ

ਮਨੁੱਖ ਹਨ ।੨।

ਜਿਸ ਮਨੁੱਖ ਦੇ ਮਨ ਵਿਚ ਪਾਰਬ੍ਰਹਮ ਪਰਮੇਸ਼ਰ ਵਸਦਾ ਹੈ, (ਕਿਸੇ ਕਿਸਮ ਦੀ) ਬਿਪਤਾ ਅਥਵਾ ਪੀੜਾ ਉਸ ਦੇ ਨੇੜੇ ਨਹੀਂ ਫਟਕਦੀ।

ਉਸ ਨੂੰ (ਮਾਇਕੀ ਪਦਾਰਥਾਂ ਦੀ) ਭੁਖ ਪਿਆਸ (ਤ੍ਰਿਸ਼ਨਾ) ਪੁਹ ਨਹੀਂ ਸਕਦੀ, ਜਮ ਉਸ ਦੇ ਨੇੜੇ ਨਹੀਂ ਢੁਕ ਸਕਦਾ ।੩।

ਪਉੜੀ ॥

**ਕੀਮਤਿ ਕਹਣੁ ਨ ਜਾਈਐ, ਸਚੁ ਸਾਹ ਅਡੋਲੈ ॥**
**ਸਿਧ ਸਾਧਿਕ ਗਿਆਨੀ ਧਿਆਨੀਆ, ਕਉਣੁ ਤੁਧੁ ਨੋ ਤੋਲੈ ॥**
**ਭੰਨਣ ਘੜਣ ਸਮਰਥੁ ਹੈ, ਓਪਤਿ ਸਭ ਪਰਲੈ ॥**
**ਕਰਣ ਕਾਰਣ ਸਮਰਥੁ ਹੈ, ਘਟਿ ਘਟਿ ਸਭ ਬੋਲੈ ॥**
**ਰਿਜਕੁ ਸਮਾਹੇ ਸਭਸੈ, ਕਿਆ ਮਾਣਸੁ ਡੋਲੈ ॥**
**ਗਹਿਰ ਗਭੀਰੁ ਅਥਾਹੁ ਤੂੰ, ਗੁਣ ਗਿਆਨ ਅਮੋਲੈ ॥**
**ਸੋਈ ਕੰਮੁ ਕਮਾਵਣਾ, ਕੀਆ ਧੁਰਿ ਮਉਲੈ ॥**
**ਤੁਧਹੁ ਬਾਹਰਿ ਕਿਛੁ ਨਹੀ ਨਾਨਕੁ ਗੁਣ ਬੋਲੈ ॥੨੩॥੧॥੨॥**

***ਉਚਾਰਣ :***

ਸਾਹ—'ਸ' ਉਚਾਰਣ ਵਿਸ਼ੇਸ਼ ਧੁਨੀ।
ਧਿਆਨੀਆ—'ਅ' ਉਚਾਰਣ ਨਾਸਕਤਾ ਬਿਨਾਂ।
ਤੁਧਹੁ—(ਤੇਰੇ ਤੋਂ) ਅੰਤਲੇ ਸੁਰ ਦਾ ਉਚਾਰਣ ਨਾਸਕੀ।
ਗਭੀਰੁ—'ਗ' ਉਚਾਰਣ ਨਾਸਕਤਾ ਸਹਿਤ।
ਸਮਰਥੁ—'ਥ' ਦੀ ਧੁਨੀ ਦਾ ਉਚਾਰਣ ਦ੍ਰੁੱਤ ਕਰ ਕੇ।

***ਪਦ ਅਰਥ :***

ਕੀਮਤਿ—ਮੁਲ। ਕਹਣੁ ਨ ਜਾਈਐ—ਕਥਨ ਨਹੀਂ ਕੀਤੀ ਜਾ ਸਕਦੀ। ਸਚੁ ਸਾਹ ਅਡੋਲੈ—ਸਦਾ-ਥਿਰ ਅਡੋਲ ਮਾਲਕ ਦੀ। ਸਿਧ—ਸਿੱਧੀ ਨੂੰ ਪ੍ਰਾਪਤ ਹੋਏ ਜੋਗੀ। ਸਾਧਿਕ—ਸਾਧਨਾ ਕਰਨ ਵਾਲੇ। ਸਮਰਥੁ—ਸ਼ਕਤੀ ਵਾਲਾ। ਓਪਤਿ—ਉਤਪਤੀ। ਪਰਲੈ—ਪਰਲੋ (ਸਰਵ-ਨਾਸ਼)। ਕਰਣ ਕਾਰਣ—ਜਗਤ-ਰਚਨਾ ਕਰਨ ਵਾਲਾ। ਘਟਿ ਘਟਿ ਸਭ—ਹਰੇਕ ਜੀਵ ਵਿਚ। ਰਿਜਕੁ—ਰੋਜ਼ੀ। ਸਮਾਹੇ—ਅਪੜਾਉਂਦਾ ਹੈ।

ਸਭਸੈ—ਹਰ ਕਿਸੇ ਨੂੰ। ਗਹਿਰ ਗਭੀਰੁ—ਡੂੰਘਾ। ਅਮੋਲੈ—ਜਿਸ ਦਾ ਮੁਲ ਨਾ ਪੈ ਸਕੇ। ਧੁਰਿ—ਧੁਰ ਤੋਂ। ਮਉਲੈ—ਮਉਲਾ (ਕਰਣਹਾਰ) ਨੇ।

***ਅਰਥ :***

ਸਦਾ-ਥਿਰ ਅਤੇ ਅਡੋਲ ਸ਼ਾਹ-ਪ੍ਰਭੂ ਦੀ ਕੀਮਤ ਨਹੀਂ ਆਖੀ ਜਾ ਸਕਦੀ।

(ਹੇ ਗੌਰਵ-ਸ਼ੀਲ ਪ੍ਰਭੂ !) ਜੋਗ ਸਾਧਨਾ ਕਰਨ ਵਾਲੇ, ਸਿਧੀ ਨੂੰ ਪ੍ਰਾਪਤ ਜੋਗੀ, ਗਿਆਨ-ਚਰਚਾ ਕਰਨ ਵਾਲੇ ਅਤੇ ਧਿਆਨ ਲਾਉਣ ਵਾਲੇ (ਕਈ ਹਨ, ਪਰ ਇਨ੍ਹਾਂ ਵਿਚੋਂ) ਤੈਨੂੰ ਕੌਣ ਤੋਲ ਸਕਦਾ ਹੈ, ਭਾਵ, ਤੇਰਾ ਅੰਤ ਕੌਣ ਪਾ ਸਕਦਾ ਹੈ ?

(ਵਾਹਿਗੁਰੂ) ਸਭ ਨੂੰ ਸਾਜਣ ਅਤੇ ਨਾਸ ਕਰਨ ਦੇ ਸਮਰੱਥ ਹੈ। ਸਾਰੀ ਉਤਪਤੀ ਅਤੇ ਪਰਲੋ (ਉਸ ਦੀ ਸਮਰੱਥਾ ਵਿਚ ਹੀ ਹੈ)।

ਪ੍ਰਭੂ ਸੰਸਾਰ ਨੂੰ ਪੈਦਾ ਕਰਨ ਦੇ ਸਮਰੱਥ ਹੈ, ਹਰੇਕ ਜੀਵ ਦੇ ਅੰਦਰ ਓਹੀ ਬੋਲ ਰਿਹਾ ਹੈ।

ਸਭ ਕਿਸੇ ਨੂੰ ਰੋਜ਼ੀ ਅਪੜਾਉਂਦਾ ਹੈ, ਫਿਰ ਮਨੁੱਖ ਕਾਹਦੇ ਲਈ ਡੋਲੇ ?

ਹੇ ਪ੍ਰਭੂ ! ਤੂੰ ਬਹੁਤ ਡੂੰਘਾ ਹੈਂ, ਗੰਭੀਰ ਹੈਂ, ਅਥਾਹ ਹੈਂ, (ਤੇਰੀ ਥਾਹ ਨਹੀਂ ਪਾਈ ਜਾ ਸਕਦੀ) ਤੇਰੇ ਗਿਆਨ-ਸੰਪੰਨ ਗੁਣ ਅਮੋਲ ਹਨ।

ਜਿਵੇਂ ਰਚਨਹਾਰ ਪ੍ਰਭੂ ਨੇ ਧੁਰ-ਦਰਗਾਹੋਂ ਲਿਖ ਪਾਇਆ ਹੁੰਦਾ ਹੈ, ਉਹ ਉਹ ਕੰਮ ਹੀ ਹਰੇਕ ਜੀਵ ਨੂੰ ਕਰਨਾ ਪੈਂਦਾ ਹੈ।

ਹੇ ਪ੍ਰਭੂ ! ਤੈਥੋਂ ਬਾਹਰਾ (ਤੇਰੀ ਵਿਆਪਕਤਾ ਦੀ ਹੱਦ ਤੋਂ ਪਰੇ) ਕੁਝ ਵੀ ਨਹੀਂ, ਸੋ ਨਾਨਕ ਤੇਰੇ ਹੀ ਗੁਣ ਉਚਾਰਦਾ ਹੈ।੨੩।੧।੨।

✪